# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 161 | Thursday, August 22, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਐਸਐਨਸੀ-ਲਾਵਾਲਿਨ ਮਾਮਲਾ: ਡਿਓਨ ਨੂੰ ਐਥਿਕਸ ਕਮੇਟੀ ਸਾਹਮਣੇ ਗਵਾਹੀ ਦੇਣ ਦੀ ਵਿਰੋਧੀ ਧਿਰ ਦੀ ਮੰਗ ਲਿਬਰਲਾਂ ਨੇ ਠੁਕਰਾਈ

ਓਟਵਾ, 21 ਅਗਸਤ (ਪੋਸਟ ਬਿਊਰੋ) : ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਆਪਣੀ ਰਿਪੋਰਟ ਪੇਸ਼ ਕਰਨ ਵਾਲੇ ਐਥਿਕਸ ਕਮਿਸ਼ਨਰ ਮਾਰੀਓ ਡਿਓਨ ਨੂੰ ਹਾਊਸ ਆਫ ਕਾਮਨਜ਼ ਦੀ ਐਥਿਕਸ ਕਮੇਟੀ ਸਾਹਮਣੇ ਪੇਸ਼ ਹੋ ਕੇ ਗਵਾਹੀ ਦੇਣ ਦੀ ਵਿਰੋਧੀ ਧਿਰਾਂ ਦੀ ਮੰਗ ਨੂੰ ਕਮੇਟੀ ਵਿੱਚ ਮੌਜੂਦ ਲਿਬਰਲ ਮੈਂਬਰਾਂ ਨੇ ਸਿਰੇ ਨਹੀਂ ਚੜ੍ਹਨ ਦਿੱਤਾ।



ਬੁੱਧਵਾਰ ਨੂੰ ਕਮੇਟੀ ਇਹ ਵਿਚਾਰ ਵਟਾਂਦਰਾ ਕਰਨ ਲਈ ਇੱਕਠੀ ਹੋਈ ਕਿ ਡਿਓਨ ਨੂੰ ਪਿੱਛੇ ਜਿਹੇ ਜਾਰੀ ਕੀਤੀ ਗਈ ਆਪਣੀ ਰਿਪੋਰਟ ਦੇ ਸਬੰਧ ਵਿੱਚ ਗਵਾਹੀ ਦੇਣ ਲਈ ਸੱਦਿਆ ਜਾਣਾ ਚਾਹੀਦਾ ਹੈ ਜਾਂ ਨਹੀਂ ਪਰ ਕਮੇਟੀ ਵਿੱਚ ਲਿਬਰਲਾਂ ਦਾ ਦਬਦਬਾ ਹੋਣ ਕਾਰਨ ਡਿਓਨ ਨੂੰ ਕਮੇਟੀ ਸਾਹਮਣੇ ਪੇਸ਼ ਨਾ ਕਰਨ ਦਾ ਫੈਸਲਾ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਆਪਣੀ ਰਿਪੋਰਟ ਵਿੱਚ ਡਿਓਨ ਨੇ ਪਾਇਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਫੈਡਰਲ ਕੌਨਫਲਿਕਟ ਆਫ ਇੰਟਰਸਟ ਐਕਟ ਵਿੱਚ ਦਖਲਅੰਦਾਜ਼ੀ ਕਰਕੇ ਕਈ ਢੰਗ ਤਰੀਕਿਆਂ ਨਾਲ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਨੂੰ ਪ੍ਰਭਾਵਿਤ ਕਰਨ ਤੇ ਉਨ੍ਹਾਂ ਉੱਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ।

...ਬਾਕੀ ਪੰਨਾ 3 'ਤੇ



ਕੱਲ੍ਹ ਬਰੈਂਪਟਨ ਦੇ ਐਂਪਾਇਰ ਬੈਂਕੁਇਟ ਹਾਲ ਵਿਖੇ ਐੱਨ.ਡੀ.ਪੀ. ਦੇ ਲੀਡਰ ਜਗਮੀਤ ਸਿੰਘ ਵੱਲੋਂ ਫੰਡ ਰੇਜ਼ਿੰਗ ਡਿਨਰ ਆਯੋਜਿਤ ਕੀਤਾ ਗਿਆ ਜਿਸ ਵਿਚ ਵੱਡੀ ਗਿਣਤੀ 'ਚ ਲੋਕਾਂ ਸ਼ਿਰਕਤ ਕੀਤੀ। ਤਸਵੀਰ ਵਿਚ ਐੱਨ.ਡੀ.ਪੀ. ਦੇ ਲੀਡਰ ਜਗਮੀਤ ਸਿੰਘ ਉਨ੍ਹਾਂ ਨਾਲ ਸ਼ਰਨਜੀਤ ਸਿੰਘ ਬਰੈਂਪਟਨ ਈਸਟ, ਮਨਦੀਪ ਕੌਰ ਬਰੈਂਪਟਨ ਸਾਊਥ ਅਤੇ ਨਵਦੀਪ ਕੌਰ ਬਰੈਂਪਟਨ ਵੈਸਟ ਤੋਂ ਐੱਮ.ਪੀ.ਪੀ. ਲਈ ਐੱਨ.ਡੀ.ਪੀ. ਦੇ ਉਮੀਦਵਾਰ ਨਜ਼ਰ ਆ ਰਹੇ ਹਨ।

## ਅੰਦਰ ਪੜ੍ਹੋ


ਨੋਵਾ ਸਕੋਸ਼ੀਆ ਤੋਂ ਮਿਊਜ਼ਿਕ ਸਟਾਰ ਜਾਰਜ ਕੈਨੀਅਨ ਹੋਣਗੇ ਕੰਜ਼ਰਵੇਟਿਵ ਉਮੀਦਵਾਰ



ਪੰਨਾ 3


# ਓਨਟਾਰੀਓ ਸਰਕਾਰ ਨੇ ਕੀਤਾ ਨਵਾਂ ਸੈਕਸ-ਐਜੂਕੇਸ਼ਨ ਪਾਠਕ੍ਰਮ ਜਾਰੀ



ਓਨਟਾਰੀਓ, 21 ਅਗਸਤ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਸੈਕਸ-ਐਜੂਕੇਸ਼ਨ ਦੇ ਸਬੰਧ ਵਿੱਚ ਨਵਾਂ ਪਾਠਕ੍ਰਮ ਜਾਰੀ ਕੀਤਾ ਗਿਆ ਹੈ। ਪਿਛਲੇ ਸਾਲ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਵੱਲੋਂ ਸੱਤਾ ਵਿੱਚ ਆਉਣ ਤੋਂ ਬਾਅਦ ਸਾਬਕਾ ਲਿਬਰਲ ਸਰਕਾਰ ਦੇ ਸੈਕਸ ਐਜੂਕੇਸ਼ਨ ਪ੍ਰੋਗਰਾਮ ਨੂੰ ਬਦਲ ਦਿੱਤਾ ਗਿਆ ਸੀ। ਪ੍ਰੋਗਰੈਸਿਵ ਕੰਜ਼ਰਵੇਟਿਵਾਂ ਦੇ ਇਸ ਫੈਸਲੇ ਦੀ ਚੁਫੇਰਿਓਂ ਨਿੰਦਾ ਹੋਈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਜਨਤਾ ਦੀ ਫੀਡਬੈਕ ਤੇ ਮਾਹਿਰਾਂ ਦੀ ਸਲਾਹ ਲੈਣ ਤੋਂ ਬਾਅਦ ਪਹਿਲੀ ਤੋਂ ਅੱਠਵੀਂ ਕਲਾਸ ਤੱਕ ਦੇ ਪਾਠਕ੍ਰਮ ਨੂੰ ਅਪਡੇਟ ਕਰ ਦਿੱਤਾ ਗਿਆ ਹੈ। ਸੈਕਸ-ਐਜੂਕੇਸ਼ਨ ਪਾਠਕ੍ਰਮ ਨੂੰ ਕੰਜ਼ਰਵੇਟਿਵ ਸਰਕਾਰ ਵੱਲੋਂ 1998 ਵਾਲੇ ਪਾਠਕ੍ਰਮ ਦੇ ਆਧਾਰ ਉੱਤੇ ਤਿਆਰ ਕੀਤਾ ਗਿਆ ਸੀ ਤੇ ਪਿਛਲੀ ਲਿਬਰਲ ਸਰਕਾਰ ਦੇ 2015 ਵਿੱਚ ਲਾਗੂ ਕੀਤੇ ਗਏ ਪਾਠਕ੍ਰਮ ਨੂੰ ਫੋਰਡ ਸਰਕਾਰ ਵੱਲੋਂ ਮਨਸੂਖ ਕੀਤੇ ਜਾਣ ਤੋਂ ਬਾਅਦ ਅਜਿਹਾ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਟੋਰੀਜ਼ ਵੱਲੋਂ ਲਿਬਰਲਾਂ ਦੇ ਉਸ ਸੈਕਸ-ਐਜੂਕੇਸ਼ਨ ਪਾਠਕ੍ਰਮ ਨੂੰ ਮਨਸੂਖ ਕੀਤਾ ਗਿਆ ਸੀ ਜਿਹੜਾ ਰਜ਼ਾਮੰਦੀ, ਆਨਲਾਈਨ ਬੁਲਿੰਗ, ਸੈਕਸਟਿੰਗ, ਸਮਲਿੰਗੀ ਸਬੰਧਾਂ ਤੇ ਲਿੰਗਕ ਪਛਾਣ ਦੀ ਗੱਲ ਕਰਦਾ ਸੀ। ਹੁਣ ਨਵੇਂ ਪਾਠਕ੍ਰਮ ਵਿੱਚ ਵੀ ਅਜਿਹੇ ਲੈਸਨ ਪੜ੍ਹਾਉਣੇ ਜਾਰੀ ਰੱਖੇ ਜਾਣਗੇ ਪਰ ਕੁੱਝ ਮਾਮਲਿਆਂ ਵਿੱਚ ਅਜਿਹਾ ਉਦੋਂ ਹੀ ਕੀਤਾ ਜਾਵੇਗਾ ਜਦੋਂ ਵਿਦਿਆਰਥੀ ਥੋੜ੍ਹੇ ਵੱਡੇ ਹੋ ਜਾਣਗੇ। ਪਾਠਕ੍ਰਮ ਵਿੱਚ ਮੈਰੀਯੁਆਨਾ ਤੇ ਇਸ ਨਾਲ ਜੁੜੇ ਹੋਰਨਾਂ ਮੁੱਦਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।


Best Insurance Rates
Auto - Home - Business
Dir: 647-400-2949
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration • Real Estate / Commercial Law • Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B | 416-213-8600

AUTO & HOME INSURANCE
Super visa Insurance • Life & Disability • Critical illness • RESP • Visitor & Travel insurance
All Care Insurance Inc. (416-845-1352) Manwinder Mangat
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS — Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma — Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
900 Raylawson Blvd. Unit # 6, Brampton

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance
Punjab Insurance Inc — www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly • Direct Deposit • Safety Bonus Program • Fuel surcharge paid • Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE 647.990.3205
KSG Pest Control Inc. www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

**We Provide the following Services:**


- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




---

# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi



---

# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

## KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**

---

# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
**647-739-4641**
**346-714-0224**

---




chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਸੱਟ ਮਾਰਨ ਲਈ ਪਾਕਿ ਨੂੰ ਨਵੀਂ ਅਗਲੀ,
ਫੈਸਲਾ ਮੋਦੀ ਸਰਕਾਰ ਲਿਆ ਕਰ ਮੀਆਂ।
ਵਗਦਾ ਪਾਕਿ ਨੂੰ ਪਾਣੀ ਕਿਉਂ ਨਿੱਤ ਰਹਿੰਦਾ,
ਆਪਣਾ ਬੁੱਤਾ ਨਹੀਂ ਸਾਡਾ ਰਿਹਾ ਸਰ ਮੀਆਂ।
ਰਹੀ ਨਾ ਸਾਂਝ-ਸਕੀਰੀ ਜਾਂ ਨਾਲ ਉਸ ਦੇ,
ਵਗਦਾ ਪਾਣੀ ਕਿਉਂ ਰਹੇ ਹਾਂ ਜਰ ਮੀਆਂ।
ਇਸ ਨੂੰ ਮੁਫਤ ਨਹੀਂ ਓਧਰ ਨੂੰ ਜਾਣ ਦੇਣਾ,
ਬੈਰੀਅਰ ਲਾਈਏ ਤੇ ਵਰਤੀਏ ਘਰ ਮੀਆਂ।
ਹਰ ਇੱਕ ਵਸਤ ਲਈ ਰੋਕ ਵਪਾਰ ਪਹਿਲਾਂ,
ਕਰਿਆ ਪਾਕਿ ਨੂੰ ਬਹੁਤ ਪਿਆ ਤੰਗ ਮੀਆਂ।
ਕਰਿਆਂ ਏਦਾਂ ਹੀ ਪਾਕਿ ਜਦ ਤੰਗ ਹੋਇਆ,
ਲਾਉਣੀ ਕਾਹਦੇ ਲਈ ਫੌਜ ਦੀ ਜੰਗ ਮੀਆਂ।

**ਤੀਸ ਮਾਰ ਖਾਂ**

# ਭਾਖੜਾ-ਬਿਆਸ ਦੇ ਮੁਖੀ ਦਾ ਬਿਆਨ: ਡੈਮ ਬਚਾਉਣ ਲਈ ਭਾਖੜਾ ਦੇ ਫ਼ਲੱਡ ਗੇਟ ਖੋਲ੍ਹਣੇ ਪਏ

ਚੰਡੀਗੜ੍ਹ, 21 ਅਗਸਤ, (ਪੋਸਟ ਬਿਊਰੋ)- ਪਿਛਲੇ ਲਗਭਗ ਡੇਢ ਹਫਤੇ ਤੋਂ ਪੰਜਾਬ ਵਿਚ ਲਗਾਤਾਰ ਮੀਂਹ ਪੈਣ ਦੌਰਾਨ ਭਾਖੜਾ ਡੈਮ ਤੋਂ ਵਾਧੂ ਪਾਣੀ ਛੱਡੇ ਜਾਣ ਦਾ ਸਪਸ਼ਟੀਕਰਨ ਦਿੰਦਿਆਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ(ਬੀ ਬੀ ਐਮ ਬੀ) ਦੇ ਚੇਅਰਮੈਨ ਡੀ ਕੇ ਸ਼ਰਮਾ ਨੇ ਅੱਜ ਏਥੇ ਦੱਸਿਆ ਕਿ ਇਸ ਡੈਮ ਨਾਲ ਜੁੜੀ ਹੋਈ ਗੋਬਿੰਦ ਸਾਗਰ ਝੀਲ ਦਾ ਪਾਣੀ ਦਾ ਪੱਧਰਮਿਥੇ ਹੋਏ 1680 ਫ਼ੁੱਟ ਤੋਂ ਵਧਾ ਕੇ ਹੜ੍ਹਾਂ ਦੀ ਸਥਿਤੀ ਉੱਤੇ ਕੰਟਰੋਲ ਕਰਨ ਲਈ1682 ਫ਼ੁੱਟ ਤਕ ਲਿਜਾਣਾ ਪਿਆ ਸੀ।ਇਸ ਦੇ ਬਾਵਜੂਦ ਹਿਮਾਚਲ ਪ੍ਰਦੇਸ਼ ਵਿਚ ਪਿਛਲੇ 7-8 ਦਿਨਾਂ ਤੋਂ ਭਾਰੀ ਬਾਰਿਸ਼ ਹੋਣ ਕਾਰਨ ਅਤੇ ਇਸ ਡੈਮ ਨੂੰ ਬਚਾਈ ਰੱਖਣ ਦੇ ਲਈ ਭਾਖੜਾ ਡੈਮ ਦੇ ਫ਼ਲੱਡ ਗੇਟ ਖੋਲ੍ਹਣੇ ਪਏ ਸਨ।

ਅੱਜ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਦਫ਼ਤਰ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਚੇਅਰਮੈਨ ਡੀ ਕੇ ਸ਼ਰਮਾ ਨੇ ਦਸਿਆ ਕਿ ਕੱਲ੍ਹ ਬੋਰਡ ਦੀ ਉਚ ਪੱਧਰੀ ਟੈਕਨੀਕਲ ਕਮੇਟੀ ਦੀ ਬੈਠਕ ਦੌਰਾਨ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਅਧਿਕਾਰੀਆ ਨਾਲ ਸਲਾਹ ਕੀਤੀ ਗਈ ਤੇ ਇਸ ਬਾਰੇ ਅਗਲੇ ਕਦਮ ਚੁਕੇ ਜਾ ਰਹੇ ਹਨ। ਉਨ੍ਹਾਂ ਦਸਿਆ ਕਿ ਅੱਜ ਵੀ ਸਤਲੁਜ ਦਰਿਆਦੇ ਇਸ ਡੈਮ ਦਾ ਪਾਣੀ ਪੱਧਰ ਸਿਖਰ ਉੱਤੇ 1680 ਫ਼ੁੱਟ ਕਾਇਮ ਰਖਿਆ ਗਿਆ ਹੈ। ਡੈਮ ਨਾਲ ਜੁੜੀ ਹੋਈ ਗੋਬਿੰਦ ਸਾਗਰ ਝੀਲ ਵਿਚ ਪਾਣੀ ਦਾ ਵਹਾਅ ਤਿੰਨ ਦਿਨ ਪਹਿਲਾਂ 3,11,130 ਕਿਉਸਕ ਸੀ, ਉਹ ਇਸ ਵੇਲੇ ਘਟ ਕੇ 60,000 ਕਿਉਸਕ ਰਹਿ ਗਿਆ ਹੈ ਅਤੇ ਬੋਰਡ ਦੇ ਇੰਜੀਨੀਅਰ ਤੇ ਹੋਰ ਮਾਹਰ ਲਗਾਤਾਰ ਦਿਨ-ਰਾਤ, ਹਰ ਘੰਟੇ, ਪਾਣੀ ਦਾ ਲੈਵਲ ਨਾਪ ਕੇ ਹਾਲਤ ਉੱਤੇ ਨਜ਼ਰ ਰੱਖ ਰਹੇ ਹਨ।



ਇਸ ਮੌਕੇ ਚੇਅਰਮੈਨ ਡੀ ਕੇ ਸ਼ਰਮਾ ਨੇ ਸਪਸ਼ਟ ਕੀਤਾ ਕਿ ਭਾਖੜਾ ਡੈਮ ਤੋਂਹੇਠਲੇ ਪਾਸੇ ਹੁੰਦੀ ਪਈ ਬਾਰਸ਼ ਅਤੇ ਸਿਸਵਾਂ, ਸਰਸਾ, ਸਵਾਂ ਆਦਿ ਨਦੀਆਂ ਅਤੇ ਬਰਸਾਤੀ ਨਾਲੇ ਭਾਖੜਾ ਬੋਰਡ ਦੇ ਕੰਟਰੋਲ ਵਿੱਚਨਹੀਂ। ਚੇਅਰਮੈਨ ਤੇ ਉਨ੍ਹਾਂ ਨਾਲ ਬੈਠੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਮੈਂਬਰਾਂ ਤੇ ਸੀਨੀਅਰ ਅਧਿਕਾਰੀਆਂ ਤੋਂ ਪੁਛੇ ਕਈ ਸਵਾਲਾਂ ਦਾ ਜਵਾਬ ਦਿੰਦਿਆਂ ਡੀ ਕੇ ਸ਼ਰਮਾ ਨੇ ਦੱਸਿਆ ਕਿ ਬਿਆਸ ਦਰਿਆਦੇ ਪੰਡੋਹ ਡੈਮ ਤੋਂ ਸੁਰੰਗਾਂ ਨਾਲ8400 ਕਿਉਸਕ ਪਾਇਆ ਜਾ ਰਿਹਾ ਪਾਣੀ ਬੰਦ ਕਰ ਦਿਤਾ ਹੈ ਅਤੇ ਬਿਆਸ ਦਾ ਸਾਰਾ ਪਾਣੀ ਇਸ ਵਕਤ ਤਲਵਾੜਾ ਦੀ ਪੌਂਗ ਡੈਮ ਝੀਲ ਵਿਚ ਇਕੱਠਾ ਹੋ ਰਿਹਾ ਹੈ, ਜਿਸ ਦਾ ਲੈਵਲ 1390 ਫ਼ੁੱਟ ਤਕ ਜਾ ਸਕਦਾ ਹੈ, ਪਰ ਹਾਲ ਦੀ ਘੜੀ 1380 ਫ਼ੁੱਟ ਉੱਤੇ ਹੈ।ਚੇਅਰਮੈਨ ਨੇ ਦਸਿਆ ਕਿ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ, ਊਨਾ, ਹਮੀਰਪੁਰ, ਸ਼ਿਮਲਾ, ਕੁੱਲੂ ਅਤੇ ਹੋਰ ਜ਼ਿਲ੍ਹਿਆਂ ਵਿਚ ਪਿਛਲੇ ਦਸ ਦਿਨ ਰਿਕ-ਾਰਡ ਬਾਰਸ਼ ਹੋਣ ਨਾਲ ਖ਼ਤਰਾ ਬਣਿਆ ਸੀ। ਉਨ੍ਹਾਂ ਕਿਹਾ ਕਿ ਮਾਨਸੂਨ ਬਾਰਿਸ਼ ਦਾ ਸਮਾਂ 21 ਸਤੰਬਰ ਤਕ ਹੈ, ਉਦੋਂ ਤਕ ਸਥਿਤੀ ਉੱਤੇ ਨਜ਼ਰ ਰੱਖੀ ਜਾਵੇਗੀ।

ਸਾਲ 1988 ਦੇ ਹੜ੍ਹਾਂ ਦੀ ਖ਼ਤਰਨਾਕ ਤੇ ਦਿਲ ਕੰਬਾਊ ਹਾਲਤ ਦਾ ਚੇਤਾ ਕਰਦੇ ਹੋਏ ਬੋਰਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਆਮ ਕਰ ਕੇ 21 ਸਤੰਬਰ ਤਕ ਬਰਸਾਤ ਰੁਕ ਜਾਂਦੀ ਹੈ, ਪਰ 31 ਸਾਲ ਪਹਿਲਾਂ 1988 ਵਿਚ 25 ਤੋਂ 28 ਸਤੰਬਰ ਤੱਕ ਲਗਾਤਾਰ 4 ਦਿਨ ਰਾਤ ਮੋਹਲੇਧਾਰ ਮੀਂਹ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿਚ ਪਿਆ ਸੀ ਤੇ ਡੈਮ ਪਹਿਲਾਂ ਹੀ ਸਿਖਰ ਤਕ 1687 ਫ਼ੁੱਟ ਤੋਂ ਵੱਧ ਭਰਿਆ ਹੋਣ ਕਾਰਨ ਡੈਮ ਬਚਾਉਣ ਲਈ ਫ਼ਲੱਡ ਗੇਟ ਖੋਲ੍ਹਣੇ ਪਏ ਸਨ।

# ਨੋਵਾ ਸਕੋਸ਼ੀਆ ਤੋਂ ਮਿਊਜ਼ਿਕ ਸਟਾਰ ਜਾਰਜ ਕੈਨੀਅਨ ਹੋਣਗੇ ਕੰਜ਼ਰਵੇਟਿਵ ਉਮੀਦਵਾਰ





ਓਟਵਾ, 21 ਅਗਸਤ (ਪੋਸਟ ਬਿਊਰੋ) : ਨੋਵਾ ਸਕੋਸ਼ੀਆ ਦਾ ਮਸ਼ਹੂਰ ਮਿਊਜ਼ਿਕ ਸਟਾਰ ਹੁਣ ਸਿਆਸਤ ਵਿੱਚ ਉਤਰਨ ਦੀ ਤਿਆਰੀ ਕਰ ਰਿਹਾ ਹੈ।

ਜਾਰਜ ਕੈਨੀਅਨ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਆਉਣ ਵਾਲੀਆਂ ਫੈਡਰਲ ਚੋਣਾਂ ਵਿੱਚ ਸੈਂਟਰਲ ਨੋਵਾ ਹਲਕੇ ਤੋਂ ਕੰਜ਼ਰਵੇਟਿਵ ਉਮੀਦਵਾਰ ਵਜੋਂ ਚੋਣ ਪਿੜ ਵਿੱਚ ਨਿੱਤਰਣਗੇ। ਇਸ ਹਫਤੇ ਮੌਜੂਦਾ ਕੰਜ਼ਰਵੇਟਿਵ ਉਮੀਦਵਾਰ ਰੌਜਰ ਮੈਕੇਅ ਵੱਲੋਂ ਨਿਜੀ ਕਾਰਨਾਂ ਕਰਕੇ ਚੋਣਾਂ ਤੋਂ ਕਿਨਾਰਾ ਕਰਨ ਤੋਂ ਬਾਅਦ ਹੀ ਕੈਨੀਅਨ ਦਾ ਨਾਂ ਟੋਰੀ ਉਮੀਦਵਾਰਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਕੈਨੀਅਨ ਆਪਣੇ ਕੰਮ ਲਈ ਕਈ ਜੂਨੋ ਤੇ ਕੈਨੇਡੀਅਨ ਕੰਟਰੀ ਮਿਊਜ਼ਿਕ ਐਸੋਸਿਏਸ਼ਨ ਐਵਾਰਡ ਜਿੱਤ ਚੁੱਕੇ ਹਨ ਤੇ ਇਸ ਵਾਰੀ ਕੈਲਗਰੀ ਫਲੇਮਜ਼ ਗੇਮਜ਼ ਵਿੱਚ ਉਨ੍ਹਾਂ ਨੈਸ਼ਨਲ ਐਂਥਮ ਵੀ ਗਾਇਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੇ ਟੋਰੀ ਖੇਮੇ ਵਿੱਚ ਸ਼ਾਮਲ ਹੋਣ ਨਾਲ ਚੋਣਾਂ ਵਿੱਚ ਕੰਜ਼ਰਵੇਟਿਵਾਂ ਦਾ ਪੱਲੜਾ ਭਾਰੀ ਹੋ ਜਾਵੇਗਾ। ਇਹ ਹਲਕਾ ਪਹਿਲਾਂ ਵੀ ਸਿਆਸੀ ਸਿਤਾਰਿਆਂ ਦਾ ਗੜ੍ਹ ਰਿਹਾ ਹੈ।

1980ਵਿਆਂ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਦਾ ਆਗੂ ਬਣਨ ਤੋਂ ਬਾਅਦ ਬ੍ਰਾਇਨ ਮਲਰੋਨੀ ਨੇ ਹਾਊਸ ਆਫ ਕਾਮਨਜ਼ ਵਿੱਚ ਸੀਟ ਹਾਸਲ ਕਰਨ ਲਈ ਇੱਥੋਂ ਹੀ ਚੋਣ ਲੜੀ ਸੀ। ਇਸ ਤੋਂ ਇਲਾਵਾ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਇਹ ਪੀਟਰ ਮੈਕੇਅ ਦਾ ਗੜ੍ਹ ਰਿਹਾ। ਪੀਟਰ ਮੈਕੇਅ ਨੇ ਸਟੀਫਨ ਹਾਰਪਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਵਿੱਚ ਕੈਬਨਿਟ ਮੰਤਰੀ ਵਜੋਂ ਸੇਵਾ ਨਿਭਾਈ ਸੀ। ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਨੇ ਵੀ 2008 ਵਿੱਚ ਇਸ ਹਲਕੇ ਤੋਂ ਚੋਣ ਲੜ ਕੇ ਸੀਟ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਮੈਕੇਅ ਹੱਥੋਂ ਹਾਰ ਗਈ।

2015 ਦੀਆਂ ਚੋਣਾਂ ਤੋਂ ਪਹਿਲਾਂ ਮੈਕੇਅ ਵੱਲੋਂ ਆਪਣਾ ਅਹੁਦਾ ਛੱਡੇ ਜਾਣ ਤੋਂ ਬਾਅਦ ਐਟਲਾਂਟਿਕ ਪ੍ਰੋਵਿੰਸਾਂ ਵਿੱਚ ਝੁੱਲੀ ਲਾਲ ਰੰਗ ਦੀ ਹਨ੍ਹੇਰੀ ਵਿੱਚ ਇਹ ਸੀਟ ਲਿਬਰਲਾਂ ਦੀ ਝੋਲੀ ਜਾ ਪਈ। ਇੱਕ ਵਾਰੀ ਫਿਰ ਕੰਜ਼ਰਵੇਟਿਵ ਇਸ ਇਲਾਕੇ ਉੱਤੇ ਆਪਣੀ ਨਜ਼ਰ ਟਿਕਾਈ ਬੈਠੇ ਹਨ ਤੇ ਉਨ੍ਹਾਂ ਨੂੰ ਇਸ ਸੀਟ ਉੱਤੇ ਮੁੜ ਕਬਜਾ ਜਮਾਉਣ ਦਾ ਪੂਰਾ ਭਰੋਸਾ ਹੈ।

# ਅਲਬਰਟਾ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ ਤਿੰਨ ਹਲਾਕ, ਕਈ ਹੋਰ ਜ਼ਖ਼ਮੀ



ਅਲਬਰਟਾ, 21 ਅਗਸਤ (ਪੋਸਟ ਬਿਊਰੋ) : ਅਲਬਰਟਾ ਵਿੱਚ ਕਈ ਗੱਡੀਆਂ ਦੀ ਆਪਸ ਵਿੱਚ ਹੋਈ ਟੱਕਰ ਵਿੱਚ ਤਿੰਨ ਵਿਅਕਤੀ ਮਾਰੇ ਗਏ ਜਦਕਿ 10 ਹੋਰ ਜ਼ਖ਼ਮੀ ਹੋ ਗਏ। ਇਸ ਹਾਦਸੇ ਤੋਂ ਬਾਅਦ ਮੁੱਖ ਹਾਈਵੇਅ ਦਾ ਵੱਡਾ ਹਿੱਸਾ ਅੰਸ਼ਕ ਤੌਰ ਉੱਤੇ ਬੰਦ ਕਰ ਦਿੱਤਾ ਗਿਆ।

ਇਹ ਹਾਦਸਾ ਦੁਪਹਿਰੇ 3:30 ਉੱਤੇ ਵਾਪਰ-ਿਰਆ। ਕੈਲਗਰੀ ਤੋਂ ਲੱਗਭਗ 300 ਕਿਲੋਮੀਟਰ ਦੀ ਦੂਰੀ ਉੱਤੇ ਹਾਈਵੇਅ 9 ਤੇ ਰੇਂਜ ਰੋਡ 72 ਉੱਤੇ ਚਿਨੂਕ ਪਿੰਡ ਤੇ ਸੈਰੀਅਲ ਪਿੰਡ ਦਰਮ-ਿਆਨ ਇਹ ਹਾਦਸਾ ਵਾਪਰਿਆ। ਆਰਸੀਐਮਪੀ ਨੇ ਦੱਸਿਆ ਕਿ ਸੱਤ ਪੈਸੈਂਜਰ ਗੱਡੀਆਂ ਤੇ ਤਿੰਨ ਸੈਮੀ ਟਰੇਲਰ ਟਰੱਕ ਇਸ ਹਾਦਸੇ ਵਿੱਚ ਸ਼ਾਮਲ ਸਨ। ਮੰਗਲਵਾਰ ਰਾਤੀਂ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਆਰਸੀਐਮਪੀ ਨੇ ਦੱਸਿਆ ਕਿ ਇੱਕ ਸੈਮੀ ਟਰੱਕ ਵਿੱਚੋਂ ਫਿਊਲ ਲੀਕ ਹੋ ਰਿਹਾ ਸੀ ਤੇ ਫਿਰ ਉਸ ਫਿਊਲ ਨੂੰ ਅੱਗ ਲੱਗ ਗਈ ਤੇ ਇਸ ਦੇ ਨਾਲ ਹੀ ਕਈ ਹੋਰ ਗੱਡੀਆਂ ਵੀ ਅੱਗ ਦੀ ਚਪੇਟ ਵਿੱਚ ਆ ਗਈਆਂ। ਇੱਕ ਹੋਰ ਸੈਮੀ ਟਰੱਕ ਵਿੱਚ ਬੁਟੇਨ ਸੀ।

ਪੁਲਿਸ ਅਨੁਸਾਰ ਇਸ ਪੂਰੇ ਇਲਾਕੇ ਵਿੱਚ ਚਾਰੇ ਪਾਸੇ ਅੱਗ ਦੀਆਂ ਲਪਟਾਂ ਤੇ ਕਾਲਾ ਧੂੰਆਂ ਹੀ ਨਜ਼ਰ ਆ ਰਿਹਾ ਸੀ। ਬੁੱਧਵਾਰ ਨੂੰ ਆਰਸੀਐਮਪੀ ਨੇ ਦੱਸਿਆ ਕਿ ਇਸ ਘਟਨਾ ਵਿੱਚ ਤਿੰਨ ਵਿਅਕਤੀਆਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਜਦਕਿ ਦੋ ਹੋਰਨਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ। ਇਨ੍ਹਾਂ ਤੋਂ ਇਲਾਵਾ ਅੱਠ ਹੋਰ ਵਿਅਕਤੀ ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਤੇ ਉਨ੍ਹਾਂ ਵਿੱਚੋਂ ਕੁੱਝ ਦਾ ਇਲਾਜ ਤਾਂ ਮੌਕੇ ਉੱਤੇ ਹੀ ਕਰ ਦਿੱਤਾ ਗਿਆ ਤੇ ਕੁੱਝ ਨੂੰ ਹਸਪਤਾਲ ਭੇਜ ਦਿੱਤਾ ਗਿਆ।

ਚਿਨੂਕ ਪਿੰਡ ਨੂੰ ਖਾਲੀ ਕਰਨ ਦੇ ਹੁਕਮ ਵੀ ਦਿੱਤੇ ਗਏ। ਇਹ ਪਿੰਡ ਹਾਦਸੇ ਵਾਲੀ ਥਾਂ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਇਹ ਹੁਕਮ ਅਹਿਤਿਆਤਨ ਦਿੱਤੇ ਗਏ ਸਨ ਤੇ ਬਾਅਦ ਵਿੱਚ ਇਨ੍ਹਾਂ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਜਾਂਚ ਮੁਕੰਮਲ ਹੋਣ ਵਿੱਚ ਕਈ ਹਫਤਿਆਂ ਦਾ ਸਮਾਂ ਲੱਗ ਸਕਦਾ ਹੈ।

# ਐਸਐਨਸੀ-ਲਾਵਾਲਿਨ ਮਾਮਲਾ:

...ਪੰਨਾ 1 ਦਾ ਬਾਕੀ

ਕਮਿਸ਼ਨਰ ਨੇ ਪਾਇਆ ਕਿ ਜਦੋਂ ਟਰੂਡੋ ਨੇ ਕਿਊਬਿਕ ਸਥਿਤ ਇੰਜੀਨੀਅਰਿੰਗ ਕੰਪਨੀ ਐਸਐਨਸੀ-ਲਾਵਾਲਿਨ ਨਾਲ ਸਬੰਧਤ ਮੁਜਰਮਾਨਾ ਮਾਮਲੇ ਨੂੰ ਰਫਾ ਦਫਾ ਕਰਨ ਲਈ ਵਿਲਸਨ ਰੇਅਬੋਲਡ ਉੱਤੇ ਦਬਾਅ ਬਣਾਇਆ ਤਾਂ ਉਨ੍ਹਾਂ ਆਪਣੇ ਅਹੁਦੇ ਤੇ ਰਸੂਖ ਦੀ ਦੁਰਵਰਤੋਂ ਕੀਤੀ। ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਤੇ ਐਨਡੀਪੀ ਦੇ ਐਮਪੀਜ਼ ਵੱਲੋਂ ਐਥਿਕਸ ਕਮੇਟੀ ਨੂੰ ਇਸ ਬਾਬਤ ਚਿੱਠੀਆਂ ਲਿਖੀਆਂ ਗਈਆਂ। ਕੰਜ਼ਰਵੇਟਿਵ ਐਮਪੀ ਬੌਬ ਜ਼ਿੰਮਰ ਵੱਲੋਂ ਲਿਖੀ ਚਿੱਠੀ ਵਿੱਚ ਮੰਗ ਕੀਤੀ ਗਈ ਕਿ ਆਪਣੀ ਰਿਪੋਰਟ ਬਾਰੇ ਤਫਸੀਲ ਨਾਲ ਜਾਣਕਾਰੀ ਦੇਣ ਲਈ ਐਥਿਕਸ ਕਮਿਸ਼ਨਰ ਨੂੰ ਸੱਦਿਆ ਜਾਵੇ ਤੇ ਫਿਰ ਕਮਿਸ਼ਨਰ ਦੀ ਗਵਾਹੀ ਉੱਤੇ ਲੋੜ ਪੈਣ ਉੱਤੇ ਸਬੰਧਤ ਵਿਅਕਤੀਆਂ ਨੂੰ ਵੀ ਗਵਾਹੀ ਲਈ ਸੱਦਿਆ ਜਾਵੇ।

ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਵੀ ਕਮੇਟੀ ਦੀ ਇਸ ਮੀਟਿੰਗ ਵਿੱਚ ਬੈਠੀ। ਡਿਓਨ ਨੇ ਵੀ ਇਸ ਗੱਲ ਦਾ ਸੰਕੇਤ ਦਿੱਤਾ ਸੀ ਕਿ ਜੇ ਕਮੇਟੀ ਇਸ ਮਾਮਲੇ ਵਿੱਚ ਉਨ੍ਹਾਂ ਨੂੰ ਸੱਦਾ ਦਿੰਦੀ ਹੈ ਤਾਂ ਉਹ ਗਵਾਹੀ ਦੇਣ ਲਈ ਜ਼ਰੂਰ ਆਉਣਗੇ। ਪਰ ਕਮੇਟੀ ਵਿੱਚ ਮੌਜੂਦ ਬਹੁਗਿਣਤੀ ਲਿਬਰਲਾਂ ਨੇ ਇਸ ਮਤੇ ਦੇ ਵਿਰੋਧ ਵਿੱਚ ਹੀ ਵੋਟ ਪਾਈ ਤੇ ਡਿਓਨ ਦੀ ਕਿਸੇ ਤਰ੍ਹਾਂ ਦੀ ਗਵਾਹੀ ਤੋਂ ਇਨਕਾਰ ਕਰ ਦਿੱਤਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਸਾਬਕਾ ਖਜ਼ਾਨਾ ਮੰਤਰੀ ਪੀ.ਚਿਦੰਬਰਮ ਗ੍ਰਿਫਤਾਰ, ਸੀ ਬੀ ਆਈ ਨੇ ਕੰਧਾਂ ਟੱਪ ਕੇ ਘਰੋਂ ਫੜਿਆ



ਨਵੀਂ ਦਿੱਲੀ, 21 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਖਜ਼ਾਨਾ ਮੰਤਰੀ ਅਤੇ ਕਾਂਗਰਸ ਆਗੂ ਪੀ. ਚਿਦੰਬਰਮ ਨੂੰ ਅੱਜ ਰਾਤ 9.45 ਵਜੇ ਸੀ ਬੀ ਆਈ ਨੇ ਆਈ ਐੱਨ ਐਕਸ ਮੀਡੀਆ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਹੈ। ਉਸ ਦੀ ਪੇਸ਼ਗੀ ਜ਼ਮਾਨਤ ਪਟੀਸ਼ਨ ਰੱਦ ਹੋਣ ਦੇ ਲਗਭਗ 29 ਘੰਟੇ ਬਾਅਦਗ੍ਰਿਫਤਾਰੀਹੋ ਸਕੀ ਹੈ।

ਇਸ ਤੋਂ ਪਹਿਲਾਂ ਅੱਜ ਪੀ. ਚਿਦੰਬਰਮ ਆਪਣੀ ਜ਼ਮਾਨਤ ਅਰਜ਼ੀ ਰੱਦ ਹੋਣ ਮਗਰੋਂਪਹਿਲੀ ਵਾਰ ਕਾਂ-ਗਰਸ ਮੁੱਖ ਦਫ਼ਤਰ ਵਿੱਚਆਏ। ਏਥੇ ਕਪਿਲ ਸਿੱਬਲ, ਅਭਿਸ਼ੇਕ ਮਨੂ ਸਿੰਘਵੀ ਤੇ ਕਈ ਵੱਡੇ ਆਗੂ ਮੌਜੂਦ ਸਨ। ਉਨ੍ਹਾਂ ਦੀ ਹਾਜ਼ਰੀ ਵਿੱਚ ਪੀ. ਚਿਦੰਬਰਮ ਨੇ ਕਿਹਾ ਕਿ ਆਈ ਐੱਨ ਐਕਸਕੇਸ ਵਿੱਚ ਉਨ੍ਹਾਂ ਵਿਰੁਧ ਕੋਈ ਦੋਸ਼ ਨਹੀਂ ਹੈ। ਸੀ ਬੀ ਆਈਤੇ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ) ਨੇ ਉਨ੍ਹਾਂ ਦੇ ਵਿਰੁੱਧ ਕੋਈ ਚਾਰਜਸ਼ੀਟ ਵੀ ਪੇਸ਼ਨਹੀਂ ਕੀਤੀ। ਇਸ ਤੋਂ ਬਾਅਦ ਚਿਦੰਬਰਮ ਕਾਂਗਰਸ ਮੁੱਖ ਦਫ਼ਤਰ ਤੋਂਚਲੇ ਗਏ, ਪਰ ਛੇਤੀ ਪਿੱਛੋਂਸੀ ਬੀ ਆਈ, ਈਡੀ ਅਤੇ ਦਿੱਲੀ ਪੁਲਿਸ ਦੀ ਟੀਮ ਜੋਰਬਾਗ ਇਲਾਕੇ ਵਿੱਚ ਉਨ੍ਹਾਂ ਘਰਪਹੁੰਚ ਗਈ। ਕਈ ਵਿਭਾਗਾਂ ਦੀ ਸਾਂਝੀ ਇਸ ਟੀਮ ਨੂੰ, ਜਿਸ ਦੀ ਅਗਵਾਈ ਸੀ ਬੀ ਆਈ ਦੇ ਅਧਿਕਾਰੀ ਕਰ ਰਹੇ ਸਨ, ਘਰ ਦੇ ਅੰਦਰ ਨਾ ਜਾਣ ਦਿੱਤਾ ਗਿਆ ਤਾਂ ਸੀ ਬੀ ਆਈ ਟੀਮ ਚਿਦੰਬਰਮ ਦੇ ਘਰ ਦੀ ਕੰਧ ਟੱਪ ਕੇ ਅੰਦਰ ਜਾ ਪਹੁੰਚੀ। ਇਸ ਮੌਕੇ ਚਿਦੰਬਰਮ ਦੇ ਘਰ ਮੂਹਰੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਕਾਂਗਰਸੀ ਵਰਕਰ ਪੁਲਿਸ ਅਤੇ ਸੀ ਬੀ ਆਈ ਅਧਿਕਾਰੀਆਂ ਨਾਲ ਹੱਥੋਪਾਈ ਹੋਏ। ਪੀ. ਚਿਦੰਬਰਮ ਦੇ ਪੁੱਤਰ ਕਾਰਤੀ ਚਿਦੰਬਰਮ ਨੇ ਆਖਿਆ ਕਿ ਜਾਂਚ ਏਜੰਸੀਆਂ ਨੇ ਇਸ ਪੂਰੇ ਮਾਮਲੇ ਵਿੱਚ ਡਰਾਮੇਬਾਜ਼ੀ ਤੇ ਸਨਸਨੀ ਮਚਾਉਣ ਦੀ ਕੋਸ਼ਿਸ਼ ਸਿਰਫ਼ ਕੁਝ ਲੋਕਾਂ ਨੂੰ ਖ਼ੁਸ਼ੀ ਦੇਣ ਲਈ ਕੀਤੀ ਹੈ।

ਵਰਨਣ ਯੋਗ ਹੈ ਕਿ 305 ਕਰੋੜ ਰੁਪਏ ਦੇ ਆਈ ਐੱਨ ਐਕਸ ਮੀਡੀਆ ਸੌਦੇ ਵਿੱਚ ਪੀ. ਚਿਦੰਬਰਮ ਉੱਤੇ 20 ਫੀਸਦੀ ਰਿਸ਼ਵਤ ਲੈਣ ਦਾ ਦੋਸ਼ ਹੈ। ਇਹੀ ਨਹੀਂ, ਚਿਦਾਂਬਰਮ ਦੇ ਬੇਟੇ ਕਾਰਤੀ ਨੂੰ ਵੀ ਇਸ ਕੇਸ ਵਿੱਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ, ਜਿਹੜਾ ਇਸ ਵੇਲੇ ਜ਼ਮਾਨਤ ਉੱਤੇ ਹੈ। ਇਸ ਕੇਸ ਨੂੰ ਅਹਿਮ ਮੋੜ ਦੇਣ ਵਾਲੀ ਆਈ ਐੱਨ ਐਕਸ ਮੀਡੀਆਦੀ ਮਾਲਕਣ ਇੰਦਰਾਣੀ ਮੁਖਰਜੀ ਨੇ 4 ਜੁਲਾਈ ਨੂੰ ਸਰਕਾਰੀ ਗਵਾਹ ਬਣਕੇ ਇਸ ਕੇਸ ਵਿੱਚ ਗਵਾਹੀ ਦੇ ਦਿੱਤੀ ਸੀ ਕਿ ਉਸ ਨੇ ਕਾਰਤੀ ਚਿਦਾਂਬਰਮ ਨੂੰ ਦਸ ਲੱਖ ਰੁਪਏ ਰਿਸ਼ਵਤ ਵਜੋਂ ਦਿੱਤੇ ਸਨ। ਸੂਤਰਾਂ ਅਨੁਸਾਰ ਇਕ ਫ਼ੀਸਦੀ ਰਿਸ਼ਵਤ ਲੈਣ ਦੇ ਸਬੂਤ ਜਾਂਚ ਏਜੰਸੀਆਂ ਕੋਲ ਮੌਜੂਦ ਦੱਸੇ ਜਾਂਦੇ ਹਨ।

# ਐੱਨ ਡੀ ਟੀ ਵੀ ਦੇ ਮੋਢੀ ਪ੍ਰਣਯ ਰਾਏ ਵਿਰੁੱਧ ਸੀ ਬੀ ਆਈ ਵੱਲੋਂ ਨਵਾਂ ਕੇਸ ਦਰਜ




ਨਵੀਂ ਦਿੱਲੀ, 21 ਅਗਸਤ, (ਪੋਸਟ ਬਿਊਰੋ)- ਐੱਨ ਡੀ ਟੀ ਵੀ ਦੇ ਮੋਢੀ ਪ੍ਰਣਯ ਰਾਏ ਅਤੇ ਹੋਰਨਾਂ ਵਿਰੁੱਧ ਕੇਂਦਰੀ ਜਾਂਚ ਏਜੰਸੀ (ਸੀ ਬੀ ਆਈ) ਨੇ ਨਵਾਂ ਕੇਸ ਦਰਜ ਕੀਤਾ ਹੈ। ਇਕ ਅਧਿਕਾਰੀ ਮੁਤਾਬਕ ਜਾਂਚ ਏਜੰਸੀ ਨੇ ਉਨ੍ਹਾਂ ਵਿਰੁੱਧ ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫ ਡੀ ਆਈ) ਦੇ ਨਿਯਮਾਂ ਦੀ ਉਲੰਘਣਾ ਬਾਰੇ ਇਹ ਕੇਸ ਦਰਜ ਕੀਤਾ ਹੈ।

ਜਾਂਚ ਏਜੰਸੀ ਦੇ ਇਸ ਅਧਿਕਾਰੀ ਨੇ ਅੱਜ ਬੁਧਵਾਰ ਨੂੰ ਦਸਿਆ ਕਿ ਸੀ ਬੀ ਆਈ ਨੇ ਪ੍ਰਣਯ ਰਾਏ ਦੇ ਨਾਲ ਉਨ੍ਹਾਂ ਦੀ ਪਤਨੀ ਰਾਧਿਕਾ ਰਾਏ ਅਤੇ ਇਕ ਹੋਰ ਵਿਅਕਤੀ ਦੇ ਵਿਰੁਧ ਕੇਸ ਦਰਜ ਕੀਤਾ ਅਤੇ ਕੰਪਨੀ ਦੇ ਸਾਬਕਾ ਸੀਈਓ ਵਿਕਰਮਾਦਿੱਤ ਚੰਦਰਾ ਵਿਰੁਧ ਅਪਰਾਧਕ ਸਾਜਸ਼, ਧੋਖਾਧੜੀ ਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ। ਇਸ ਵਿੱਚ ਦੋਸ਼ਲਾਇਆ ਗਿਆ ਹੈ ਕਿ ਐੱਨ ਡੀ ਟੀ ਵੀ ਨੇ ਆਪਣੀਆਂ 32 ਸਹਾਇਕ ਕੰਪਨੀਆਂ ਦੀ ਵਰਤੋਂ ਕਰ ਕੇ ਟੈਕਸ ਹੈਵਨ ਦੇਸ਼ਾਂ ਤੋਂ 'ਸ਼ੈਮ ਟਰਾਂਜ਼ੈਕਸ਼ਨ' ਰਾਹੀਂ ਵਿਦੇਸ਼ੀ ਫੰਡ ਲਿਆਂਦੇ ਸਨ।ਸੀ ਬੀ ਆਈ ਮੁਤਾਬਕ ਇਨ੍ਹਾਂ ਫ਼ਰਮਾਂ ਨਾਲ ਕੋਈ ਵਪਾਰਕ ਲੈਣ-ਦੇਣ ਨਹੀਂ ਸੀ, ਇਨ੍ਹਾਂ ਦੀ ਵਰਤੋਂ ਸਿਰਫ ਵਿਦੇਸ਼ਾਂਤੋਂਮਾਇਕ ਲੈਣ-ਦੇਣ ਲਈ ਕੀਤੀ ਗਈ ਹੈ। ਇਸ ਬਾਰੇ ਸੀ ਬੀ ਆਈ ਨੇ ਕਿਹਾ ਹੈ ਕਿ ਐੱਨ ਡੀ ਟੀ ਵੀ ਇੰਟਰਨੈਸ਼ਨਲ ਹੋਲਡਿੰਗ ਬੀਵੀ (ਐੱਨ ਡੀ ਟੀ ਵੀ ਦੀ ਇੱਕ ਸਹਾਇਕ ਕੰਪਨੀ) ਦੀ ਵਰਤੋਂ ਜਨਰਲ ਇਲੈਕਟ੍ਰੋਨਿਕ ਤੋਂ 150 ਮਿਲੀਅਨ ਡਾਲਰ ਲੈਣ ਲਈ ਕੀਤੀ ਗਈ ਸੀ।ਐੱਨ ਡੀ ਟੀ ਵੀ ਨੇ ਬਿਆਨ ਜਾਰੀ ਕਰ ਕੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਝੂਠ ਦੱਸਿਆ ਅਤੇ ਕਿਹਾ ਕਿ ਪਿਛਲੇ ਸਾਰੇ ਕੇਸਾਂ ਵਿੱਚ ਪ੍ਰਣਯ ਰਾਏ ਅਤੇ ਰਾਧਿਕਾ ਨੇ ਪੂਰਾ ਸਹਿਯੋਗ ਕੀਤਾ ਹੈ, ਇਸ ਦੇ ਬਾਵਜੂਦ ਉਨ੍ਹਾਂ ਵਿਰੁੱਧ ਨਵਾਂ ਕੇਸ ਦਰਜ ਕੀਤਾ ਗਿਆ ਹੈ ਅਤੇ ਆਜ਼ਾਦ ਪੱਤਰਕਾਰੀ ਕਰ ਰਹੀ ਸੰਸਥਾ ਵਿਰੁਧ ਨਵਾਂ ਕੇਸ ਦਰਜ ਕਰ ਕੇ ਹਾਸੋਹੀਣਾ ਦੋਸ਼ ਲਾਇਆ ਗਿਆ ਹੈ ਕਿ ਅਮਰੀਕਾ ਅਤੇ ਭਾਰਤ ਵਿੱਚ ਸਾਰੇ ਸਬੰਧਤ ਅਧਿਕਾਰੀਆਂ ਲਈ ਐਲਾਨੇ ਲੈਣ-ਦੇਣ ਰਾਹੀਂ ਅਣਪਛਾਤੇ ਸਰਕਾਰੀ ਲੋਕਾਂ ਵਾਸਤੇ ਮਨੀ ਲਾਂਡਰਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਐੱਨ ਡੀ ਟੀ ਵੀ ਅਤੇ ਉਸ ਦੇ ਮੋਢੀਆਂ ਨੂੰ ਇਸ ਦੇਸ਼ ਦੇ ਕਾਨੂੰਨ ਉੱਤੇ ਪੂਰਾ ਭਰੋਸਾ ਹੈ ਅਤੇ ਉਹ ਕੰਪਨੀ ਦੀ ਪੱਤਰਕਾਰਿਤਾ ਦੀ ਇਮਾਨਦਾਰੀ ਲਈ ਵਚਨਬੱਧ ਹਨ ਅਤੇ ਝੂਠੇ ਦੋਸ਼ਾਂ ਦੀਆਂ ਕੋਝੀਆਂ ਹਰਕਤਾਂ ਨਾਲ ਆਜ਼ਾਦ ਅਤੇ ਸੱਚੀਆਂ ਖ਼ਬਰਾਂ ਨੂੰ ਰੋਕਣ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਵੇਗੀ, ਕਿਉਂਕਿ ਇਹ ਇਕ ਕੰਪਨੀ ਜਾਂ ਵਿਅਕਤੀ ਦਾ ਮਾਮਲਾ ਨਹੀਂ, ਪ੍ਰੈਸ ਦੀ ਆਜ਼ਾਦੀ ਨੂੰ ਬਣਾਈ ਰੱਖਣ ਦੀ ਲੜਾਈ ਹੈ।

## ਚੋਰਾਂ ਦੇ ਡਰ ਕਾਰਨ ਲੋਕ ਹੜ੍ਹ ਦੌਰਾਨ ਵੀ ਘਰ ਛੱਡਣ ਨੂੰ ਤਿਆਰ ਨਹੀਂ

ਸ਼ਾਹਕੋਟ, 21 ਅਗਸਤ (ਪੋਸਟ ਬਿਊਰੋ)- ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਵਧਣ ਕਰ ਕੇ ਸਤਲੁਜ ਦਰਿਆ ਵਿੱਚ ਪਾਣੀ ਛੱਡਿਆ ਗਿਆ ਤਾਂ ਦਰਿਆ ਵਿੱਚ ਪਾਣੀ ਦਾ ਪੱਧਰ ਹੋਰ ਵਧ ਗਿਆ ਹੈ। ਪਿੰਡ ਦਾਨੇਵਾਲ ਤੇ ਬੂੜੇਵਾਲ ਵਗੈਰਾ 'ਚ ਦਰਿਆ ਨੇੜਲੇ ਘਰਾਂ 'ਚ ਪਾਣੀ ਆ ਗਿਆ ਹੈ ਤੇ ਲੋਕ ਆਪਣਾ ਸਾਮਾਨ ਛੱਤਾਂ 'ਤੇ ਰੱਖ ਕੇ ਬੈਠੇ ਹਨ। ਇਸ ਦੌਰਾਨ ਪਿੰਡ ਦਾਨੇਵਾਲ ਦੇ ਬਜ਼ੁਰਗ ਕਸ਼ਮੀਰ ਸਿੰਘ ਨੇ ਦੱਸਿਆ ਕਿ ਸੰਨ 1988 ਵਿੱਚ ਜਦੋਂ ਹੜ੍ਹ ਆਇਆ ਸੀ ਤਾਂ ਓਦੋਂ ਦਰਿਆ ਵਿੱਚ ਤਿੰਨ ਲੱਖ 18 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਸੀ, ਜਿਸ ਕਾਰਨ ਕਾਫੀ ਨੁਕਸਾਨ ਹੋਇਆ ਸੀ ਅਤੇ ਲੋਕ ਇੰਝ ਹੀ ਹੜ੍ਹ ਵਿੱਚ ਫਸ ਗਏ ਸਨ। ਐਸ ਡੀ ਐਮ ਸ਼ਾਹਕੋਟ ਡਾ. ਚਾਰੂਮਿਤਾ ਨੇ ਲੋਕਾਂ ਨੂੰ ਵਾਰ-ਵਾਰ ਅਪੀਲ ਕੀਤੀ ਹੈ ਕਿ ਉਹ ਆਪਣੇ ਪਿੰਡ ਛੱਡ ਕੇ ਸੁਰੱਖਿਅਤ ਥਾਵਾਂ ਉਤੇ ਚਲੇ ਜਾਣ, ਪਰ ਲੋਕ ਆਪਣੇ ਘਰ ਛੱਡ ਕੇ ਜਾਣ ਨੂੰ ਤਿਆਰ ਨਹੀਂ ਅਤੇ ਉਨ੍ਹਾਂ ਨੇ ਆਪਣਾ ਸਾਮਾਨ ਛੱਤਾਂ ਅਤੇ ਟਰੈਕਟਰ ਟਰਾਲੀਆਂ 'ਤੇ ਰੱਖਿਆ ਹੋਇਆ ਹੈ। ਇਸ ਮੌਕੇ ਮਲਕੀਤ ਸਿੰਘ ਸਾਬਕਾ ਸਰਪੰਚ ਦਾਨੇਵਾਲ ਤੇ ਕੰਵਲਜੀਤ ਸਿੰਘ ਸਰਪੰਚ ਨੇ ਦੱਸਿਆ ਕਿ 1988 ਵਿੱਚ ਆਏ ਹੜ੍ਹ ਵਿੱਚ ਲੋਕ ਪਿੰਡ ਛੱਡ ਕੇ ਚਲੇ ਗਏ ਸਨ ਤਾਂ ਉਸ ਸਮੇਂ ਲੋਕਾਂ ਦੇ ਘਰਾਂ 'ਚੋਂ ਸਾਮਾਨ ਚੋਰੀ ਹੋ ਗਿਆ ਸੀ, ਇਸ ਕਰਕੇ ਲੋਕ ਇਸ ਵਾਰੀ ਆਪਣੇ ਘਰ ਛੱਡਣ ਨੂੰ ਤਿਆਰ ਨਹੀਂ ਹਨ।

# ਚਾਈਲਡ ਸੈਕਸ ਦੇ ਦੋਸ਼ ਵਿੱਚ ਵੈਟੀਕਨ ਦੇ ਸਾਬਕਾ ਖ਼ਜ਼ਾਨਚੀ ਦੀ ਸਜ਼ਾ ਬਰਕਰਾਰ



ਮੈਲਬੌਰਨ, 21 ਅਗਸਤ, (ਪੋਸਟ ਬਿਊਰੋ)- ਆਸਟਰੇਲੀਆ ਦੀ ਅਪੀਲ ਅਦਾਲਤ ਨੇ ਵੈਟੀਕਨ (ਰੋਮਨ ਕੈਥੋਲਿਕ ਚਰਚ ਦਾ ਹੈੱਡਕੁਆਰਟਰ) ਦੇ ਸਾਬਕਾ ਖ਼ਜ਼ਾਨਚੀ ਕਾਰਡੀਨਲ ਜਾਰਜ ਪੇਲ ਦੀ ਸਜ਼ਾ ਕਾਇਮ ਰੱਖੀ ਹੈ। ਇਸ ਫ਼ੈਸਲੇ ਤੋਂ ਬਾਅਦ 13 ਸਾਲ ਦੇ ਦੋ ਬੱਚਿਆਂ ਦੇ ਸੈਕਸ ਸ਼ੋਸ਼ਣ ਦੇ ਦੋਸ਼ੀ ਪੇਲ ਨੂੰ ਘੱਟੋ-ਘੱਟ ਤਿੰਨ ਸਾਲ ਜੇਲ੍ਹ ਵਿਚ ਹੀ ਕੱਟਣੇ ਪੈਣਗੇ। ਬਾਲ ਸੈਕਸ ਦੇ ਦੋਸ਼ ਵਿਚ ਸਜ਼ਾ ਪਾਉਣ ਵਾਲੇ ਪੇਲ ਸਭ ਤੋਂ ਸੀਨੀਅਰ ਕੈਥੋਲਿਕ ਪਾਦਰੀ ਹਨ।

ਵਰਨਣ ਯੋਗ ਹੈ ਕਿ ਪੇਲ ਉੱਤੇ ਕਰੀਬ ਦੋ ਦਹਾਕੇ ਪਹਿਲਾਂ ਮੈਲਬੌਰਨ ਦਾ ਆਰਕਬਿਸ਼ਪ ਹੁੰਦੇ ਹੋਏ ਸੇਂਟ ਪੈਟ੍ਰਿਕ ਕੈਥੇਡਰਲ ਵਿਚ ਦੋ ਬੱਚਿਆਂ ਦੇ ਸੈਕਸਸ਼ੋਸ਼ਣ ਦਾ ਦੋਸ਼ਲੱਗਾ ਸੀ। ਇਹ ਦੋਸ਼ ਸਾਬਤ ਹੋਣ ਤੋਂ ਬਾਅਦ ਬੀਤੀ ਮਾਰਚ ਵਿਚ ਉਨ੍ਹਾਂ ਨੂੰ ਛੇ ਸਾਲ ਦੀ ਜੇਲ੍ਹ ਹੋਈ ਸੀ। ਪੇਲ ਨੇ ਇਸ ਸਜ਼ਾ ਨੂੰ ਵਿਕਟੋਰੀਆ ਰਾਜ ਦੀ ਕੋਰਟ ਆਫ ਅਪੀਲਜ਼ ਵਿਚ ਚੁਣੌਤੀ ਦਿੱਤੀ ਸੀ। ਕੋਰਟ ਨੇ ਇਕ ਦੇ ਮੁਕਾਬਲੇ ਦੋ ਵੋਟਾਂ ਨਾਲ ਪੇਲ ਦੀ ਪਟੀਸ਼ਨ ਰੱਦ ਕਰਦੇ ਹੋਏ ਸਜ਼ਾ ਨੂੰ ਸਹੀ ਦੱਸਿਆ। ਜੱਜਾਂ ਨੇ ਕਿਹਾ ਕਿ ਪੀੜਤਾਂ ਨੇ ਝੂਠਾ ਬਿਆਨ ਨਹੀਂ ਦਿੱਤਾ।

ਇਸ ਦੇ ਬਾਅਦ ਇਸ ਕੋਰਟ ਦੇ ਬਾਹਰ ਖੜ੍ਹੇ ਵਰਕਰਾਂ ਤੇ ਪੀੜਤਾਂ ਨੇ ਪੇਲ ਨੂੰ ਮਿਲੀ ਸਜ਼ਾ ਦਾ ਸਵਾਗਤ ਕੀਤਾ ਹੈ। ਸਜ਼ਾ ਦੀਆਂ ਸ਼ਰਤਾਂ ਮੁਤਾ-ਬਕ ਦੋਸ਼ੀ ਅਕਤੂਬਰ 2022 ਤੋਂ ਪਹਿਲਾਂ ਪੈਰੋਲ ਦੀ ਵੀ ਅਰਜ਼ੀ ਨਹੀਂ ਦੇ ਸਕਦੇ, ਪਰ ਸਜ਼ਾ ਦੇ ਖ਼ਿਲਾਫ਼ ਉਹ ਆਸਟਰੇਲੀਆ ਦੀ ਹਾਇਰ ਕੋਰਟ ਵਿਚ ਅਪੀਲ ਕਰ ਸਕਦੇ ਹਨ। ਪੇਲ ਨੂੰ ਹੋਈ ਸਜ਼ਾ ਉੱਤੇ ਆਸਟ੍ਰੇਲੀਅਨ ਕੈਥੋਲਿਕ ਬਿਸ਼ਪ ਕਾਨਫਰੰਸ ਨੇ ਕਿਹਾ ਹੈ ਕਿ 'ਆਸਟ੍ਰੇਲੀਅਨ ਕਾਨੂੰਨ ਤੋਂਕੋਈ ਵੀ ਉੱਪਰ ਨਹੀਂ।' ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਪੇਲ ਨੂੰ ਦਿੱਤਾ ਗਿਆ 'ਆਰਡਰ ਆਫ ਆਸਟ੍ਰੇਲੀਅਨ ਆਨਰ' ਵਾਪਸ ਲੈਣ ਦੀ ਗੱਲ ਕਹੀ ਹੈ।

# ਹਾਂਗਕਾਂਗ ਬਾਰੇ ਝੂਠਾ ਪ੍ਰਚਾਰ ਫੈਲਾ ਰਹੇ ਚੀਨੀ ਸੋਸ਼ਲ ਮੀਡੀਆ ਦੇ ਅਕਾਊਂਟ ਰੋਕੇ ਗਏ

ਹਾਂਗਕਾਂਗ, 21 ਅਗਸਤ, (ਪੋਸਟ ਬਿਊਰੋ)- ਪਹਿਲਾਂ ਰੂਸ ਉੱਤੇ ਸੋਸ਼ਲ ਮੀਡੀਆ ਰਾਹੀਂ ਝੂਠ ਫੈਲਾਉਣ ਦਾ ਦੋਸ਼ ਲੱਗਦਾ ਸੀ, ਇਸ ਵੇਲੇ ਕਿਹਾ ਜਾਂਦਾ ਹੈ ਕਿ ਓਸੇ ਤਰ੍ਹਾਂ ਚੀਨ ਨੇ ਸ਼ੋਸ਼ਲ ਮੀਡੀਆ ਦੀ ਵਰਤੋਂ ਆਪਣੇ ਪੱਖ ਵਿੱਚ ਮਾਹੌਲ ਬਣਾਉਣ ਅਤੇ ਗੁੰਮਰਾਹ ਕਰਨ ਵਾਲੀਆਂ ਜਾਣਕਾਰੀਆਂ ਫੈਲਾਉਣ ਲਈ ਸ਼ੁਰੂ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਹਾਂਗਕਾਂਗ ਵਿੱਚ ਚੀਨ ਦੇ ਵਿਰੁੱਧ ਹੋ ਰਹੇ ਪ੍ਰਦਰਸ਼ਨਾਂ ਨੂੰ ਫੇਸਬੁੱਕ ਅਤੇ ਟਵਿੱਟਰ ਅਕਾਉਂਟਸ ਦੇ ਰਾਹੀਂਹਿੰਸਕ ਅਤੇ ਜੰਗ ਵਰਗੇ ਹਾਲਾਤ ਦੱਸਿਆ ਜਾ ਰਿਹਾ ਹੈ। ਪਿਛਲੇ ਕੁਝ ਹਫਤਿਆਂ ਤੋਂ ਚੀਨ ਨਾਲ ਸੰਬੰਧਤ ਕਈ ਟਵਿੱਟਰ ਅਤੇ ਫੇਸਬੁੱਕ ਅਕਾਊਂਟਸ ਦੀ ਵਰਤੋਂ ਹਾਂਗਕਾਂਗ ਦੇ ਰੋਸ ਪ੍ਰਦਰਸ਼ਨ ਦੇ ਖਿਲਾਫ ਗੁੰਮਰਾਹ ਕਰਨ ਵਾਲੇ ਪ੍ਰਚਾਰ ਲਈ ਕੀਤੀ ਜਾ ਰਹੀ ਹੈ। ਇਸ ਬਾਰੇ ਫੇਸਬੁੱਕ ਅਤੇ ਟਵਿੱਟਰ ਨੇ ਪੁਸ਼ਟੀ ਕਰਦੇ ਹੋਏ ਮੰਗਲਵਾਰ ਨੂੰ ਬਿਆਨ ਜਾਰੀ ਕੀਤਾ ਅਤੇ ਦੋਵਾਂ ਸ਼ੋਸ਼ਲ ਮੀਡੀਆ ਕੰਪਨੀਆਂ ਨੇ ਕਿਹਾ ਕਿ ਚੀਨ ਨਾਲ ਜੁੜੇ ਸ਼ੋਸ਼ਲ ਮੀਡੀਆ ਅਕਾਊਂਟਸ ਦੇ ਰਾਹੀਂ ਹਾਂਗਕਾਂਗ ਦੇ ਰੋਸ ਪ੍ਰਦਰਸ਼ਨ ਨੂੰ ਹਿੰਸਕ ਅਤੇ ਅੱਤਵਾਦ ਤੱਕ ਪਹੁੰਚਿਆ ਹੋਇਆ ਦੱਸਣ ਦਾ ਪ੍ਰਚਾਰ ਕੀਤਾ ਜਾਂਦਾ ਹੈ। ਕੁਝ ਦਿਨ ਪਹਿਲਾਂ ਚੀਨ ਨਾਲ ਸਬੰਧਿਤ ਇਕ ਅਕਾਊਂਟ ਨੇ ਹਾਂਗਕਾਂਗ ਦੇ ਪ੍ਰਦਰਸ਼ਨਕਾਰੀਆਂ ਦੀ ਤੁਲਨਾ ਆਈ ਐੱਸ ਦੇ ਅੱਤਵਾਦੀਆਂ ਨਾਲ ਕੀਤੀ ਅਤੇ ਇਸੇ ਤਰ੍ਹਾਂ ਇਕ ਟਵਿੱਟਰ ਅਕਾਊਂਟ ਉੱਤੇਇਹ ਮੈਸੇਜ ਦਿੱਤਾ ਸੀ ਕਿ ਅਸੀਂ ਇਹੋ ਜਿਹੇ ਕੱਟੜ ਲੋਕਾਂ ਨੂੰ ਹਾਂਗਕਾਂਗ ਵਿੱਚਨਹੀਂ ਚਾਹੁੰਦੇ, ਇਹ ਬਸ ਏਥੋਂ ਚਲੇ ਜਾਣ।

ਫੇਸਬੁੱਕ ਅਤੇ ਟਵਿੱਟਰ ਨੇ ਕਿਹਾ ਹੈ ਕਿ ਅਜਿਹੇ ਗਲਤ ਅਤੇ ਪ੍ਰਦਰਸ਼ਨ ਖਿਲਾਫ ਗਲਤ ਜਾਣਕਾਰੀ ਦੇ ਰਹੇ ਸ਼ੋਸ਼ਲ ਮੀਡੀਆ ਅਕਾਊਂਟਸ ਨੂੰ ਬੰਦ ਕਰ ਦਿੱਤਾ ਗਿਆ ਹੈ। ਫੇਸਬੁੱਕ ਦੇ ਮੁਤਾਬਕ 3 ਫੇਸਬੁੱਕ ਗਰੁੱਪ, 7 ਫੇਸਬੁੱਕ ਪੇਜ਼ ਅਤੇ 5 ਅਕਾਊਂਟਸ ਨੂੰ ਹਾਂਗਕਾਂਗ ਦੇ ਰੋਸ ਪ੍ਰਦਰਸ਼ਨ ਦੇ ਖਿਲਾਫ ਗੁੰਮਰਾਹ ਕਰਨ ਵਾਲੀ ਜਾਣਕਾਰੀ ਦੇਣ ਕਾਰਨ ਬੰਦ ਕਰ ਦਿੱਤਾ ਗਿਆ ਹੈ। ਟਵਿੱਟਰ ਨੇ ਵੀ ਜਾਣਕਾਰੀ ਦਿੱਤੀ ਹੈ ਕਿ 936 ਅਜਿਹੇ ਅਕਾਊਂਟਸ ਨੂੰ ਬੰਦ ਕਰ ਦਿੱਤਾ ਗਿਆ ਹੈ।

## ਸਾਬਕਾ ਕੌਂਸਲਰ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਾਲਿਆਂ ਉੱਤੇ ਕੇਸ ਦਰਜ

ਸ਼ਾਹਕੋਟ, 21 ਅਗਸਤ (ਪੋਸਟ ਬਿਊਰੋ)- ਅਰੋੜਾ ਮਹਾਸਭਾ ਪੰਜਾਬ ਦੇ ਸਟੇਟ ਕਮੇਟੀ ਮੈਂਬਰ ਅਤੇ ਵਾਰਡ ਨੰਬਰ ਦੋ ਤੋਂ ਸਾਬਕਾ ਕੌਂਸਲਰ ਮੁਹ-ੱਲਾ ਕਰਤਾਰ ਨਗਰ ਦੇ ਪ੍ਰੇਮ ਅਰੋੜਾ ਦੀ ਖੁਦਕੁਸ਼ੀ ਬਾਰੇ ਪੁਲਸ ਨੇ ਉਸ ਦੇ ਬੇਟੇ ਸੰਜੀਵ ਅਰੋੜਾ ਦੇ ਬਿਆਨ ਉਤੇ ਪਠਾਨਕੋਟ ਰੋਡ ਦੇ ਜੇ ਐੱਸ ਕੋਲਡ ਸਟੋਰ ਦੇ ਮਾਲਕ ਉਪਕਾਰ ਸਿੰਘ, ਉਸ ਦੇ ਭਰਾ ਇੰਦਰ ਸਿੰਘ ਅਤੇ ਪਿਤਾ ਜਸਕਰਨ ਸਿੰਘ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕੀਤਾ ਹੈ।

ਏ ਐੱਸ ਆਈ ਬਲਕਾਰ ਨੇ ਦੱਸਿਆ ਕਿ ਸੰਜੀਵ ਅਰੋੜਾ ਨੇ ਪੁਲਸ ਨੂੰ ਦੱਸਿਆ ਸੀ ਕਿ ਉਪਕਾਰ ਸਿੰਘ, ਇੰਦਰ ਸਿੰਘ ਅਤੇ ਉਨ੍ਹਾਂ ਦੇ ਪਿਤਾ ਜਸਕਰਨ ਸਿੰਘ ਉਸ ਦੇ ਪਿਤਾ ਪ੍ਰੇਮ ਅਰੋੜਾ ਨੂੰ ਪ੍ਰੇਸ਼ਾਨ ਕਰਦੇ ਸਨ। ਉਸ ਦੇ ਪਿਤਾ ਨੇ ਕਈ ਵਾਰ ਉਸ ਨੂੰ ਇਸ ਬਾਰੇ ਦੱਸਿਆ ਸੀ ਅਤੇ ਇਸੇ ਤੋਂ ਪ੍ਰੇਸ਼ਾਨ ਹੋ ਕੇ ਪ੍ਰੇਮ ਅਰੋੜਾ ਨੇ 16 ਅਗਸਤ ਨੂੰ ਜ਼ਹਿਰੀਲਾ ਪਦਾਰਥ ਨਿਗਲ ਲਿਆ। ਉਨ੍ਹਾਂ ਨੂੰ ਜਲੰਧਰ ਦੇ ਨਿਊ ਰੂਬੀ ਹਸਪਤਾਲ ਦਾਖਲ ਕਰਾਇਆ ਗਿਆ। 18 ਅਗਸਤ ਨੂੰ ਉਨ੍ਹਾਂ ਦੀ ਮੌਤ ਹੋ ਗਈ। ਪੁਲਸ ਨੇ ਤਿੰਨਾਂ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੇ ਦੱਸਿਆ ਕਿ ਫਿਲਹਾਲ ਇਹ ਨਹੀਂ ਪਤਾ ਲੱਗਾ ਕਿ ਉਪਕਾਰ ਸਿੰਘ ਤੇ ਉਸ ਦਾ ਪਰਵਾਰ ਪ੍ਰੇਮ ਅਰੋੜਾ ਨੂੰ ਤੰਗ ਪਰੇਸ਼ਾਨ ਕਿਉਂ ਕਰ ਰਹੇ ਸਨ। ਉਨ੍ਹਾਂ ਦੀ ਗ੍ਰਿਫਤਾਰੀ ਦੇ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ।

# ਪਾਕਿਸਤਾਨ ਸਰਕਾਰ ਵਿੱਚ ਕਸ਼ਮੀਰ ਮੁੱਦਾ ਸੰਸਾਰ ਅਦਾਲਤ ਵਿੱਚ ਲਿਜਾਣ ਬਾਰੇ ਮਤਭੇਦ

ਇਸਲਾਮਾਬਾਦ, 21 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਨੂੰ ਹਟਾਏ ਜਾਣ ਦੇ ਮੁੱਦੇ ਨੂੰ ਕੌਮਾਂਤਰੀ ਅਦਾਲਤ (ਆਈਸੀਜੇ) ਵਿਚ ਲਿਜਾਣ ਬਾਰੇ ਪਾਕਿਸਤਾਨ ਸਰਕਾਰ ਵਿਚ ਮਤਭੇਦ ਪੈਦਾ ਹੋ ਗਿਆ ਹੈ। ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਨੇ ਇਸ ਮੁੱਦੇ ਨੂੰ ਆਈਸੀਜੇ ਵਿੱਚਲਿਜਾਣ ਦਾ ਫ਼ੈਸਲਾ ਕੀਤਾ ਸੀ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਵੀਮੰਗਲਵਾਰ ਕਿਹਾ ਸੀ ਕਿ ਕਸ਼ਮੀਰ ਮੁੱਦਾ ਆਈਸੀਜੇ ਵਿਚ ਰੱਖਿਆ ਜਾਵੇਗਾ ਤੇ ਕਾਨੂੰਨ ਮੰਤਰਾਲਾ ਛੇਤੀ ਹੀ ਇਸ ਦਾ ਖਰੜਾ ਤਿਆਰ ਕਰ ਲਵੇਗਾ, ਪਰ ਕਾਨੂੰਨ ਮੰਤਰਾਲੇ ਨੇ ਅੱਜ ਬੁੱਧਵਾਰ ਨੂੰ ਦੱਸਿਆ ਕਿ ਅਜੇ ਤੱਕ ਇਸ ਉੱਤੇ ਕੋਈ ਫ਼ੈਸਲਾ ਹੀ ਨਹੀਂ ਕੀਤਾ ਜਾ ਸਕਿਆ।

ਪਾਕਿਸਤਾਨ ਦੇ ਅੰਗਰੇਜ਼ੀ ਅਖ਼ਬਾਰ 'ਡੇਲੀ ਐਕਸਪ੍ਰੈੱਸ ਨਿਊਜ਼' ਦੀ ਰਿਪੋਰਟ ਮੁਤਾਬਕ ਇਸ ਬਾਰੇ ਮਤਭੇਦ ਪੈਦਾ ਹੋ ਗਏ ਹਨ। ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿ-ਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ (ਪੀਟੀਆਈ) ਦੇ ਇਕ ਸੀਨੀਅਰ ਆਗੂ ਨੇ ਅਖ਼ਬਾਰ ਨੂੰ ਦੱਸਿਆ ਕਿ ਪਾਰਟੀ ਦੇ ਸੀਨੀਅਰ ਆਗੂ ਲੰਡਨ ਦੇ ਵਕੀਲ ਬੇਨ ਇਮ-ਸਰਨ ਦੇ ਸੰਪਰਕ ਵਿਚ ਹਨ, ਜਿਨ੍ਹਾਂ ਨੇ ਕਸ਼ਮੀਰ ਮੁੱਦਾ ਆਈਸੀਜੇ ਵਿੱਚ ਲਿਜਾਣ ਦੀ ਸਲਾਹ ਦਿੱਤੀ ਹੈ, ਪਰ ਜੁਡੀਸ਼ਲ ਖੇਤਰ ਦੇ ਪੱਖ ਤੋਂ ਇਸ ਮੁੱਦੇ ਉੱਤੇ ਮਤਭੇਦ ਉਭਰ ਆਏ ਹਨ।ਇੱਥੋਂ ਤਕ ਕਿ ਕੌਮਾਂਤਰੀ ਕਾਨੂੰਨ ਦੇ ਜਾਣਕਾਰ ਤੈਮੂਰ ਮਲਿਕ ਨੇ ਕਿਹਾ ਹੈ ਕਿ ਇਸ ਮਸਲੇ ਨੂੰ ਆਈਸੀਜੇ ਰੱਖਿਆ ਜਾ ਸਕਦਾ ਹੈ, ਪਰ ਉਸ ਦੀ ਰਾਏ ਮੰਨਣੀ ਸਬੰਧਿਤ ਦੇਸ਼ਾਂ ਲਈ ਲਾਜ਼ਮੀ ਨਹੀਂਹੁੰਦੀ। ਤੈਮੂਰ ਮਲਿਕ ਨੇ ਇਹ ਵੀ ਕਿਹਾ ਕਿ ਕੌਮਾਂਤਰੀ ਕਾਨੂੰਨ ਦੀਆਂ ਵੱਖ-ਵੱਖ ਵਿਵਸਥਾਵਾਂ ਦੇ ਕਾਰਨ ਭਾਰਤ ਨੂੰ ਇਸ ਮੁੱਦੇ ਉੱਤੇ ਘੇਰ ਸਕਣਾ ਔਖਾ ਲੱਗਦਾ ਹੈ।ਇਸ ਦੌਰਾਨ ਇੱਕ ਖਬਰ ਏਜੰਸੀ ਮੁਤਾਬਕ ਪਾਕਿ-ਸਤਾਨ ਦੇ ਵਿਦੇਸ਼ ਵਿਭਾਗ ਦੇ ਬੁਲ-ਾਰੇ ਮੁਹੰਮਦ ਫੈਸਲ ਨੇ ਬੁੱਧਵਾਰ ਨੂੰ ਕਿਹਾ ਕਿ ਕਸ਼ਮੀਰ ਮੁੱਦੇ ਨੂੰ ਯੂ ਐੱਨ ਮਨੁੱਖੀ ਅਧਿਕਾਰ ਕੌਂਸਲ ਵਿੱਚਰੱਖਣ ਦੀ ਯੋਜਨਾ ਬਣਾਈ ਜਾ ਰਹੀ ਹੈ। ਕਸ਼ਮੀਰ ਅਤੇ ਗਿਲਗਿਤ-ਬਾਲਟਿਸਤਾਨ ਕੇਸਾਂ ਬਾਰੇ ਪਾਰਲੀਮੈਂਟਰੀ ਕਮੇਟੀ ਸਾਹ-ਮਣੇ ਫੈਸਲ ਨੇ ਕਿਹਾ ਕਿ ਇਸ ਮੁੱਦੇ ਬਾਰੇ ਵੱਖ-ਵੱਖ ਤਰ੍ਹਾਂ ਦੇ ਕਈ ਬਦਲਾਂ ਉੱਤੇ ਵਿਚਾਰ ਕੀਤੀ ਜਾ ਰਹੀ ਹੈ।

Paramjit Deol CELL: 416-993-7378
Broker 7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**MISSISSAUGA $975**



**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**

Photo Not Available


**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**




**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**



**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**



**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**

Photo Not Available


**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**

Photo Not Available

**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**



**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**



**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**

Photo Not Available


**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**

Photo Not Available

**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**



**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**



**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**



**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**



**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.


**BRAMPTON $655,000**



**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



## ਬਰੇਅਡਨ ਸੀਨੀਅਰ ਕਲੱਬ ਨੇ ਤੀਜਾ ਟੂਰ ਲਾਇਆ

ਬਰੈਂਪਟਨ-ਬੀਤੀ 18 ਅਗਸਤ ਦਿਨ ਐਤਵਾਰ ਨੂੰ ਬਰੇਅਡਨ ਸੀਨੀਅਰ ਕਲੱਬ ਮੈਂਬਰਾਂ ਵੱਲੋਂ ਰੋਇਲ ਟੋਰੰਟੋ ਮਿਊਜ਼ਿਅਮ ਅਤੇ ਐਸ਼ ਬਰਿਜ ਬੇਅ ਪਾਰਕ ਦਾ ਮਨੋਰੰਜਕ ਟੂਰ ਲਾਇਆ ਗਿਆ। ਗਰੁੱਪ ਫੋਟੋ ਲੈਣ ਉਪਰੰਤ 11 ਕੁ ਵਜੇ ਮਿਊਜ਼ਿਅਮ ਪੁਹੰਚਿਆ ਗਿਆ ਜਿਸ ਨੂੰ ਦੇਖਣ ਲਈ ਦੋ ਘੰਟੇ ਦਾ ਸਮਾਂ ਨਿਰਧਾਰਤ ਕੀਤਾ ਗਿਆ। ਹਾਲਾਂਕਿ ਇਹ ਸਮਾਂ ਚੰਗੀ ਤਰ੍ਹਾਂ ਸਾਰਾ ਕੁਝ ਦੇਖਣ ਲਈ ਕਾਫੀ ਨਹੀਂ ਪਰ ਖਾਸ ਤੌਰ 'ਤੇ ਏਸ਼ੀਆ ਦੀ ਪੁਰਾਣੀ ਸਭਿਅਤਾ ਦੇਖੀ ਗਈ ਜਿਸ ਨਾਲ ਪਤਾ ਲੱਗਦਾ ਹੈ ਕਿ ਭਾਰਤ ਦੇ ਰਾਜੇ ਰਜਵਾੜਿਆਂ ਦੇ ਅਮੀਰ ਵਿਰਸੇ ਅਤੇ ਸ਼ਾਨੋਸ਼ੌਕਤ ਕਾਰਣ ਹੀ ਭਾਰਤ ਨੂੰ ਪ੍ਰਾਚੀਨ ਕਾਲ ਦੀ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ। ਇਸ ਉਪਰੰਤ ਐਸ਼ ਬੇਅ ਬ੍ਰਿਜ ਪਾਰਕ ਪਹੁੰਚਿਆ ਗਿਆ ਜਿੱਥੇ ਦਰਖ਼ਤਾਂ ਦੀ ਠੰਡੀ ਛਾਂ ਹੇਠ ਬੈਠ ਭੋਜਨ ਦਾ ਅਨੰਦ ਲਿਆ ਗਿਆ। ਗਰਮੀਆਂ ਦੀ ਰੁੱਤੇ ਝੀਲ ਦਾ ਕੰਢਾ ਮੁੰਬਈ ਦੇ ਬੀਚ ਮੈਰਿਨ ਡਰਾਈਵ ਦੀ ਤਰ੍ਹਾਂ ਰੌਣਕਾਂ ਅਤੇ ਮੌਜ ਮਸਤੀ ਦਾ ਕੇਂਦਰ ਬਣਿਆ ਸੀ ਜਿੱਥੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਖੇਡਾਂ ਅਤੇ ਬੋਟ ਰਾਈਡਿੰਗ ਆਦਿ ਨਾਲ ਭਰਪੂਰ ਮਨੋਰੰਜਨ ਕਰ ਰਹੇ ਸਨ। ਪੰਜ ਕੁ ਵਜੇ ਵਾਪਸੀ ਦਾ ਸਮਾਂ ਰੱਖਿਆ ਗਿਆ ਸੀ ਜਿਸ ਦੀ ਪਾਲਣਾ ਕਰਦੇ ਹੋਏ ਸਭ ਬਸ ਲਾਗੇ ਇਕੱਤਰ ਹੋ ਗਏ। ਸੈਕਟਰੀ ਸ. ਗੁਰਦੇਵ ਸਿੰਘ ਹੁਰਾਂ ਅਗਲੇ ਪ੍ਰੋਗ੍ਰਾਮਾਂ ਬਾਰੇ ਦੱਸਿਆ ਜਿਸ ਵਿੱਚ 24 ਤਰੀਕ ਸ਼ਨਿਚਰ ਵਾਰ ਨੂੰ ਟ੍ਰੀਲਾਈਨ ਪਾਰਕ ਵਿਖੇ ਤਾਸ਼(ਸੀਪ) ਦੇ ਮੁਕਾਬਲੇ ਅਤੇ ਪਹਿਲੀ ਸਿਤੰਬਰ ਨੂੰ ਏਅਰ ਸ਼ੋ ਲਈ ਟੂਰ ਦਾ ਪ੍ਰਬੰਧ ਹੈ। ਚਾਹਵਾਨ ਸੱਜਣ ਬਲਬੀਰ ਸਿੰਘ ਸੈਣੀ ਕੋਲ ਨਾਂਅ ਦਰਜ ਕਰਵਾ ਸਕਦੇ ਹਨ। ਵਾਪਸ ਪਹੁੰਚਣ 'ਤੇ ਸ. ਤਾਰਾ ਸਿੰਘ ਗਰਚਾ ਨੇ ਟੂਰ ਦੀ ਸਫਲਤਾ ਲਈ ਸਭ ਮੈਂਬਰਾਂ ਦੇ ਸਹਿਯੋਗ ਦਾ ਧੰਨਵਾਦ ਕੀਤਾ।

# ਕੈਨੇਡਾ ਦੇ ਖੋਜੀ ਵਿਦਵਾਨਾਂ ਨੂੰ ਦਿੱਤੀ ਜਾ ਰਹੀ ਹੈ ਬੇਹਤਰ ਵਿੱਤੀ ਮਦਦ

ਬਰੈਂਪਟਨ, -ਸੰਸਾਰ-ਭਰ ਵਿਚ ਵੱਖ-ਵੱਖ ਖ਼ੇਤਰਾਂ ਵਿਚ ਹੋ ਰਹੀਆਂ ਨਵੀਆਂ-ਨਵੀਆਂ ਈਜਾਦਾਂ ਜੋ ਕੈਨੇਡਾ-ਵਾਸੀਆਂ ਦੇ ਜੀਵਨ ਵਿਚ ਹੋਰ ਸੁਧਾਰ ਲਿਆਉਣ ਵਿਚ ਆਪਣਾ ਅਹਿਮ ਯੋਗਦਾਨ ਪਾ ਰਹੀਆਂ ਹਨ, ਦਾ ਵਿਗਿਆਨ ਅਤੇ ਖੋਜ ਅਨਿੱਖੜਵਾਂ ਅੰਗ ਹਨ। ਮੈਡੀਕਲ ਖ਼ੇਤਰ ਵਿਚ ਹੋ ਰਹੀ ਨਿੱਤ ਨਵੀਂ ਖੋਜ, ਕੁਆਂਟਮ ਕੰਪਿਊਟਿੰਗ ਟੈਕਨਾਲੋਜੀਆਂ ਅਤੇ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ ਸਾਡੇ ਬੁੱਧੀਮਾਨ ਵਿਗਿਆਨੀਆਂ ਵੱਲੋਂ ਆਉਣ ਵਾਲੇ ਨਵੇਂ-ਨਵੇਂ ਵਿਚਾਰਾਂ ਤੋਂ ਬਗ਼ੈਰ ਸੰਭਵ ਨਹੀਂ ਹਨ। ਏਸੇ ਲਈ ਕੈਨੇਡਾ ਸਰਕਾਰ ਨੇ ਆਪਣੇ ਖੋਜੀਆਂ ਨੂੰ ਖੋਜ ਵਿਚ ਸਫ਼ਲ ਹੋਣ ਲਈ ਲੋੜੀਂਦੇ ਸਾਧਨ ਮੁਹੱਈਆ ਕਰਾਉਣ ਲਈ ਇਤਿਹਾਸਕ ਵਿੱਤੀ-ਸਹਾਇਤਾ ਦਿੱਤੀ ਹੈ।



ਬੀਤੇ ਦਿਨੀਂ ਸਾਇੰਸ ਤੇ ਸਪੋਰਟਸ ਮਨਿਸਟਰ ਮਾਣਯੋਗ ਕ੍ਰਿਸਟੀ ਡੰਕਨ ਅਤੇ ਵਿੱਤ ਮੰਤਰੀ ਮਾਣਯੋਗ ਬਿਲ ਮੋਰਨਿਊ ਨਵੇਂ ਪੱਖ ਤੋਂ ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਨਾਲ ਜੁੜੇ ਪ੍ਰੋਗਰਾਮ ਦਾ ਐਲਾਨ ਕਰਨ ਅਤੇ ਕੈਨੇਡਾ ਸਰਕਾਰ ਵੱਲੋਂ ਸਾਇੰਸ ਤੇ ਖੋਜ ਦੇ ਖ਼ੇਤਰ ਵਿਚ ਪਿਛਲੇ ਚਾਰ ਸਾਲਾਂ ਵਿਚ ਕੀਤੇ ਗਏ ਇਤਿਹਾਸਕ 12 ਬਿਲੀਅਨ ਡਾਲਰ ਦੇ ਪੂੰਜ-ਨਿਵੇਸ਼ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਰਾਇਰਸਨ ਯੂਨੀਵਰਸਿਟੀ ਵਿਚ ਪਧਾਰੇ ਜਿਸ ਵਿਚ ਹੇਠ ਲਿਖੇ ਪ੍ਰਾਜੈੱਕਟ ਸ਼ਾਮਲ ਹਨ:

- ਸਾਲ 2015 ਤੋਂ ਲੈ ਕੇ ਹੁਣ ਤੀਕ ਕੈਨੇਡਾ ਵਿਚ 420,000 ਖੋਜੀਆਂ ਨੂੰ ਖੋਜ ਲਈ ਵਿੱਤੀ-ਸਹਾਇਤਾ ਦੇਣਾ।
- ਫ਼ੈੱਡਰਲ ਗਰਾਂਟਿੰਗ ਕਾਊਂਸਲਾਂ ਦੀ ਬੇਸ-ਫ਼ੰਡਿੰਗ ਵਿਚ 25 ਫ਼ੀਸਦੀ ਦਾ ਵਾਧਾ ਕਰਨਾ।
- ਹਰ ਸਾਲ 21,000 ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜੀਆਂ ਨੂੰ ਸਿਖਲਾਈ ਦੇ ਮੌਕੇ ਪ੍ਰਦਾਨ ਕਰਨ ਲਈ 4 ਬਿਲੀਅਨ ਡਾਲਰ ਦੀ ਸਹਾਇਤਾ ਕਰਨਾ।
- ਪੋਸਟ-ਸੈਕੰਡਰੀ ਇਨਸਟੀਚਿਊਸ਼ਨਜ਼ ਸਟਰੈਟੇਜਿਕ ਇਨਵੈੱਸਟਮੈਂਟ ਫ਼ੰਡ ਅਧੀਨ ਕੈਨੇਡਾ ਵਿਚ 300 ਫ਼ੈੱਡਰਲ ਸਾਇੰਸ ਐਂਡ ਰੀਸਰਚ ਲੈਬਾਰਟਰੀਆਂ ਦੇ ਨਵੀਨੀਕਰਨ ਲਈ 2 ਬਿਲੀਅਨ ਡਾਲਰ ਦਾ ਨਿਵੇਸ਼ ਕਰਨਾ।
- ਕੈਨੇਡਾ ਫ਼ਾਊਂਡੇਸ਼ਨ ਫ਼ਾਰ ਆਈਨੋਵੇਸ਼ਨ ਲਈ ਲੰਮੀ ਯੋਜਨਾ ਤਹਿਤ 1.2 ਬਿਲੀਅਨ ਡਾਲਰ ਦੀ ਸਟੇਬਲ-ਫ਼ੰਡਿੰਗ ਦਾ ਪ੍ਰਬੰਧ ਕਰਨਾ ਜਿਸ ਨਾਲ 44,000 ਖੋਜੀ ਆਪਣੀਆਂ ਨਵੀਆਂ ਪ੍ਰਯੋਗਸ਼ਾਲਾਵਾਂ ਸਥਾਪਤ ਕਰਨ ਅਤੇ ਖੋਜ ਲਈ ਸਾਜ਼ੋ-ਸਮਾਨ ਖ਼ੀਦ ਸਕਦੇ ਹਨ।

ਕ੍ਰਿਸਟੀ ਡੰਕਨ ਨੇ ਆਪਣੇ ਸੰਬੋਧਨ ਵਿਚ ਕੈਨੇਡਾ ਦੇ ਸਾਇੰਸ ਵਿਜ਼ਨ ਅਤੇ ਦੇਸ਼ ਦੀ ਨਵੀਂ ਪੀੜ੍ਹੀ ਦੇ ਵਿਗਿਆਨੀਆਂ ਤੇ ਖੋਜੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਫ਼ੈਸਲੇ ਲੈਣ ਅਤੇ ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਖ਼ੇਤਰਾਂ ਵਿਚ ਖੋਜ ਕਰਨ ਲਈ ਤਿਆਰ ਕਰਨ ਬਾਰੇ ਵਿਸਥਾਰ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਰਾਇਰਸਨ ਯੂਨੀਵਰਸਿਟੀ ਕੈਨੇਡਾ ਦੇ 17 ਪੋਸਟ ਸੈਕੰਡਰੀ ਵਿੱਦਿਅਕ-ਅਦਾਰਿਆਂ ਵਿਚ ਸ਼ਾਮਲ ਹੈ ਜਿਹੜੇ ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਦੇ ਪਾਇਲਟ ਪ੍ਰੋਗਰਾਮ ਵਿਚ ਸ਼ਾਮਲ ਕੀਤੇ ਗਏ ਹਨ। ਇਸ ਸਤੰਬਰ ਮਹੀਨੇ ਤੋਂ ਇਹ ਗਰੁੱਪ ਕੈਨੇਡਾ ਦੇ ਪੋਸਟ-ਸੈਕੰਡਰੀ ਅਦਾਰਿਆਂ ਵਿਚ ਵਿਭਿੰਨਤਾ ਨੂੰ ਕੈਨੇਡਾ ਵਿਚ ਹੋਰ ਵਧਾਉਣ ਲਈ ਕੰਮ ਸ਼ੁਰੂ ਕਰੇਗਾ।

ਇਸ ਮੌਕੇ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਮੁਹੰਮਦ ਲਾਕੈਮੀ ਅਤੇ ਮਾਣਯੋਗ ਮੰਤਰੀ ਕ੍ਰਿਸਟੀ ਡੰਕਨ ਨੇ ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਸਬੰਧੀ ਇਕ ਡਾਈਮੈਂਨਸ਼ਨਜ਼ ਚਾਰਟਰ ਉੱਪਰ ਦਸਤਖ਼ਤ ਕੀਤੇ।

ਮਾਣਯੋਗ ਵਿੱਤ ਮੰਤਰੀ ਬਿਲ ਮੋਰਨਿਊ ਦਾ ਕਹਿਣਾ ਸੀ,"ਕੈਨੇਡਾ ਦੇ ਵਿਗਿਆਨੀ ਅਤੇ ਖੋਜੀ ਹਰੇਕ ਦੀ ਬੇਹਤਰੀ ਲਈ ਘਰਾਂ ਨੂੰ ਖ਼ੂਬਸੂਰਤ ਬਨਾਉਣ ਤੋਂ ਲੈ ਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਚਾਉਣ ਲਈ ਇਨਸੂਲੀਨ ਅਤੇ ਬਨਾਉਟੀ ਪੇਸ-ਮੇਕਰ ਬਨਾਉਣ ਲਈ ਖੋਜ ਕਰਨ ਵਿਚ ਮੋਹਰੀ ਰਹੇ ਹਨ। ਸਾਇੰਸ ਅਤੇ ਖੋਜ ਦੇ ਖ਼ੇਤਰਾਂ ਵਿਚ ਲੱਖਾਂ ਹੀ ਦੇਸ਼-ਵਾਸੀਆਂ ਲਈ ਨੌਕਰੀਆਂ ਪੈਦਾ ਹੋਈਆਂ ਹਨ। ਜਦੋਂ ਅਸੀਂ ਵਿਗਿਆਨ ਲਈ ਨਿਵੇਸ਼ ਕਰਦੇ ਹਾਂ ਤਾਂ ਅਸੀਂ ਸਿਹਤਮੰਦ ਕਮਿਊਨਿਟੀਆਂ, ਨਵੀਆਂ ਨੌਕਰੀਆਂ, ਕੈਨੇਡਾ ਅਤੇ ਵਿਸ਼ਵ ਦੇ ਉੱਜਲੇ ਭਵਿੱਖ ਲਈ ਨਿਵੇਸ਼ ਕਰਦੇ ਹਾਂ।

ਇਸ ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਸੋਨੀਆ ਸਿੱਧੂ ਨੇ ਕਿਹਾ,"ਮੈਨੂੰ ਇਹ ਦੱਸਦਿਆਂ ਬੜੀ ਖ਼ੁਸ਼ੀ ਹੋ ਰਹੀ ਹੈ ਅਤੇ ਇਸ ਦੇ ਨਾਲ ਹੋਰ ਉਤਸ਼ਾਹ ਵੀ ਮਿਲਿਆ ਹੈ ਕਿ ਸ਼ੈਰੀਡਨ ਕਾਲਜ ਅਤੇ ਰਾਇਰਸਨ ਯੂਨੀਵਰਸਿਟੀ ਨੂੰ ਉਨ੍ਹਾਂ ਵੱਲੋਂ ਸਮਾਨ-ਤਾ, ਵਿਭਿੰਨਤਾ ਅਤੇ ਸ਼ਮੂਲੀਅਤ ਖ਼ੇਤਰਾਂ ਵਿਚ ਹੋਰ ਖੋਜ ਕਰਨ ਦੀ ਵਚਨਬੱਧਤਾ ਲਈ ਮਾਨਤਾ ਪ੍ਰਾਪਤ ਹੋਈ ਹੈ। ਪਿਛਲੇ ਦੋ ਦਹਾਕਿਆਂ ਤੋਂ ਇਕ ਰੀਸਰਚਰ ਦੇ ਤੌਰ 'ਤੇ ਮੈਂ ਸਾਇੰਸ ਅਤੇ ਖੋਜ ਵਿਚ ਹੁਣ ਤੀਕ ਹੋਏ ਸਾਰੇ ਪੂੰਜੀ-ਨਿਵੇਸ਼ ਦੀ ਭਰਪੂਰ ਸਰਾਹਨਾ ਕਰਦੀ ਹਾਂ, ਪਰੰਤੂ ਇਨ੍ਹਾਂ ਅਦਾਰਿਆਂ ਵਿਭਿੰਨਤਾ ਅਤੇ ਸ਼ਮੂਲੀਅਤ ਖ਼ੇਤਰਾਂ ਵਿਚ ਹੋਣ ਵਾਲੀ ਖੋਜ ਉੱਪਰ ਮੈਨੂੰ ਵਿਸ਼ੇਸ਼ ਮਾਣ ਪ੍ਰਤੀਤ ਹੋ ਰਿਹਾ ਹੈ।"

## ਹਲਕਾ ਕੂੰਮ ਕਲਾਂ ਦੀ ਸਾਲਾਨਾ ਪਿਕਨਿਕ 31 ਅਗਸਤ ਨੂੰ

ਹਲਕਾ ਕੂੰਮ ਕਲਾਂ ਦੇ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕੇ ਇਸ ਸਾਲ ਦੀ ਸਾਲਾਨਾ ਪਿਕਨਿਕ 31 ਅਗਸਤ ਦਿਨ ਸ਼ਨਿਚਰਵਾਰ ਨੂੰ Meadowvale Park ਮਿਸੀਸਾਗਾ (near Old Derry rd and Mavis rd intersection) ਵਿਖੇ 11 ਵਜੇ ਤੋਂ ਸ਼ਾਮ 7 ਵਜੇ ਤਕ ਮਨਾਈ ਜਾਵੇਗੀ । ਜਿਸ ਵਿਚ ਮਨੋਰੰਜਨ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ, Talent Show ਅਤੇ ਹੋਰ ਖੇਡਾਂ Tug of war ladies and men, Musical chair, Volleyball ਲੇਡੀਜ਼ ਦਾ ਗਿੱਧਾ ਕਰਵਾਇਆ ਜਾਵੇਗਾ । ਸਵੇਰ ਤੋਂ ਸ਼ਾਮ ਤਕ Snacks and BBQ, ਗੋਲ ਗੱਪੇ, ਸ਼ਾਮ ਦੀ ਰੋਟੀ Vege and non Vege, ਦਾ ਖੁੱਲ੍ਹਾ ਪ੍ਰਬੰਧ ਹੋਵੇਗਾ । ਬੱਚਿਆਂ ਦੀਆਂ ਦੌੜਾਂ ਸਹੀ 2.00 ਵਜੇ ਸ਼ੁਰੂ ਕਰਵਾ ਦਿਤੀਆਂ ਜਾਣਗੀਆਂ । ਲੇਟ ਆਏ ਬੱਚੇ ਭਾਗ ਨਹੀਂ ਲੈ ਸਕਣਗੇ । ਜੇਤੂ ਬੱਚਿਆਂ ਨੂੰ ਟਰਾਫੀਆਂ ਤੇ ਮੈਡਲ ਦਿਤੇ ਜਾਣਗੇ । ਪ੍ਰਬੰਧਕਾਂ ਵਲੋਂ ਬੇਨਤੀ ਹੈ ਕਿ ਇਹ ਸਿਰਫ ਪ੍ਰਵਾਰਿਕ ਹੈ ਇਸ ਲਈ ਪਿਕਨਿਕ ਵਿਚ ਸਿਰਫ ਤੇ ਸਿਰਫ ਪਰਿਵਾਰਾਂ ਸਮੇਤ ਹੀ ਸ਼ਾਮਲ ਹੋਇਆ ਜਾਵੇ ਜੀ । ਹੋਰ ਜਾਣਕਾਰੀ ਲਈ ਸ ਗੁਰਵੀਰ ਗਰੇਵਾਲ 416 822 4580 ਅਮ੍ਰਿਤਪਾਲ ਸਿੰਘ ਗਰੇਵਾਲ( ਮਿੱਠੂ)+1 647 524 3676, ਸ ਕਰਨਵੀਰ ਢਿਲੋਂ ਬਲੀਏਵਾਲ 647 856 1543, ਸ ਸਤਿੰਦਰ ਸਿੰਘ ਮਾਂਗਟ, 416 904 1250 ਸ ਹਰਵਿੰਦਰ ਸਿੰਘ ਗਿੱਲ ( ਸੋਹਣੀ ) 416 4576809, ਪੱਪੀ ਗਰੇਵਾਲ 647 280 1081 ਸ .ਨਵਦੀਪ ਖੇੜਾ & ਪ੍ਰਦੀਪ ਖੇੜਾ 647 459 9065, ਜੱਸੀ ਗਰੇਵਾਲ 416 828 4215 ਤੇ ਸੰਪਰਕ ਕੀਤਾ ਜਾ ਸਕਦਾ ਹੈ। । For GPS address put a home number that is very close to park 7207 second line west missisauga.

## ਤਾਸ਼ ਟੂਰਨਾਮੈਂਟ 24 ਅਗਸਤ ਨੂੰ

ਗਿੱਲਜ ਸਵੀਟ ਫੈਕਟਰੀ ਦੀ ਮੈਨੇਜਮੈਂਟ ਵੱਲੋਂ ਤਾਸ਼ ਦਾ ਦੂਜਾ ਟੂਰਨਾਮੈਂਟ 24 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਵੀਪ ਟੂਟਨਾਮੈਂਟ ਦੀ ਕੋਈ ਐਂਟਰੀ ਫੀਸ ਨਹੀਂ ਹੋਵੇਗੀ। ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 500 ਡਾਲਰ, ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 200 ਡਾਲਰ ਅਤੇ ਤੀਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 150 ਡਾਲਰ ਨਕਦ ਇਨਾਮ ਦਿੱਤਾ ਜਾਵੇਗਾ। ਐਂਟਰੀਆਂ ਦਾ ਸਮਾਂ 12 ਵਜੇ ਤੱਕ ਹੋਵੇਗਾ। ਟੂਰਨਾਮੈਂਟ ਠੀਕ 1 ਵਜੇ ਸ਼ੁਰੂ ਹੋ ਜਾਵੇਗਾ। ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਇਹ ਟੂਰਨਾਮੈਂਟ ਵੁੱਡਵਾਈਨ ਸੈਂਟਰ ਦੇ ਨੇੜੇ ਵਾਲੀ ਟਰੱਕ ਪਾਰਕਿੰਗ (ਰੈਕਸਡੇਲ ਅਤੇ ਹਾਈਵੇ 27) ਹੋਵੇਗਾ। ਵਧੇਰੇ ਜਾਣਕਾਰੀ ਉਜਾਗਰ ਸਿੰਘ ਗਿੱਲ ਨਾਲ 647-203-4090, ਮਨਜੀਤ ਸਿੰਘ ਢੇਸੀ 647-990-1648 ਅਤੇ ਤਰਲੋਕ ਸਿੰਘ ਸੰਧੂ 416-892-2949 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੁਪਰੀਮ ਕੋਰਟ ਦਾ ਹੁਕਮ: ਥਰਮਲ ਪਲਾਂਟਾਂ ਨੂੰ ਪਾਵਰਕਾਮ 2800 ਕਰੋੜ ਅਦਾਇਗੀ ਕਰੇਗਾ

ਪਟਿਆਲਾ, 21 ਅਗਸਤ (ਪੋਸਟ ਬਿਊਰੋ)- ਕੋਲੇ ਦੀ ਢੁਆਈ ਉੱਤੇ 2800 ਕਰੋੜ ਰੁਪਏ ਵਾਲਾ ਭੁਗਤਾਨ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਕਰਨ ਲਈ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਪਾਵਰਕਾਮ ਦੇ ਪ੍ਰਬੰਧਕਾਂ ਨੇ ਆਪਣਾ ਰਿਕਾਰਡ ਚੈਕ ਕਰਨਾ ਸ਼ੁਰੂ ਕਰ ਦਿੱਤਾ ਹੈ। ਬੀਤੇ ਦਿਨੀਂ ਸੁਪਰੀਮ ਕੋਰਟ ਵੱਲੋਂ ਕੀਤੇ ਗਏ ਇਸ ਫੈਸਲੇ ਪਿੱਛੋਂ ਪਾਵਰਕਾਮ ਪ੍ਰਬੰਧਕ ਇਸ ਭੁਗਤਾਨ ਦੀ ਰਕਮ ਘੱਟ ਕਰਨ ਦਾ ਕੋਈ ਰਾਹ ਲੱਭ ਰਹੇ ਹਨ। ਇਸ ਦੇ ਲਈ ਖਾਸ ਪੜਤਾਲ ਕਮੇਟੀ ਬਣਾ ਕੇ ਉਸ ਨੂੰ ਰਿਪੋਰਟ ਤਿਆਰ ਕਰਨ ਨੂੰ ਕਿਹਾ ਗਿਆ ਹੈ, ਜਿਹੜੀ ਇਹ ਰਿਪੋਰਟ ਤਿਆਰ ਰਾਜ ਸਰਕਾਰ ਦੇ ਸਪੁਰਦ ਕਰੇਗੀ। ਇਸ ਮਗਰੋਂ ਇਸ ਵੱਡੇ ਭੁਗਤਾਨ ਤੋਂ ਬਚਣ ਦਾ ਕੋਈ ਰਸਤਾ ਕੱਢਿਆ ਜਾਵੇਗਾ।

ਵਰਨਣ ਯੋਗ ਹੈ ਕਿ ਥਰਮਲ ਪਲਾਂਟ ਉਨ੍ਹਾਂ ਨੂੰ ਸਪਲਾਈ ਹੋਣ ਵਾਲਾ ਕੋਲਾ ਪਾਣੀ ਨਾਲ ਸਾਫ ਕਰਦੇ ਹਨ। ਕੋਲੇ ਦੀ ਸਫਾਈ ਲਈ ਖਰਚ ਕੀਤੇ ਜਾ ਰਹੇ ਪੈਸੇ ਬਾਰੇ ਰਾਜਪੁਰਾ ਤੇ ਤਲਵੰਡੀ ਸਾਬੋ ਥਰਮਲ ਪਲਾਂਟ ਦੇ ਪ੍ਰਬੰਧਕਾਂ ਦਾ ਪਾਵਰਕਾਮ ਨਾਲ ਝਗੜਾ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਥਰਮਲ ਕੰਪਨੀਆਂ ਇਹੋ ਕੇਸ ਪੰਜਾਬ ਬਿਜਲੀ ਰੈਗੂਲੇਟਰੀ ਕਮਿਸ਼ਨ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹਾਰ ਚੁੱਕੀਆਂ ਹਨ। ਫਿਰ ਥਰਮਲ ਕੰਪਨੀਆਂ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਤਾਂ ਸੁਪਰੀਮ ਕੋਰਟ ਨੇ ਨਿੱਜੀ ਥਰਮਲ ਪਲਾਂਟਾਂ ਦੇ ਸ਼ੁਰੂ ਹੋਣ ਤੋਂ ਅੱਜ ਤੱਕ 2800 ਕਰੋੜ ਰੁਪਏ ਦਾ ਭੁਗਤਾਨ ਕਰਨ ਲਈ ਪੰਜਾਬ ਪਾਵਰਕਾਮ ਨੂੰ ਹੁਕਮ ਜਾਰੀ ਕਰ ਦਿੱਤਾ ਹੈ।

## ਬੇਅਦਬੀ ਕਾਂਡ : ਐੱਸ ਆਈ ਟੀ ਨੇ ਜਾਂਚ ਜਲਦੀ ਸਿਰੇ ਲਾਉਣ ਦਾ ਦਾਅਵਾ ਮੁੜ ਕੇ ਕਰ ਦਿੱਤਾ

ਫਰੀਦਕੋਟ, 21 ਅਗਸਤ (ਪੋਸਟ ਬਿਊਰੋ)- ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਪ੍ਰਮੁੱਖ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕੱਲ੍ਹ ਇਥੇ ਆਪਣੇ ਕੈਂਪਸ ਦਫਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਧੂਰੀ ਪਈ ਜਾਂਚ ਨੂੰ ਜਲਦੀ ਮੁਕੰਮਲ ਕਰ ਲਿਆ ਜਾਵੇਗਾ। ਵਰਨਣ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਦੇ ਦੋ ਸੀਨੀਅਰ ਮੈਂਬਰਾਂ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਤੋਂ ਦੂਰੀ ਬਣਾ ਲਈ ਸੀ ਤੇ ਪੰਜਾਬ ਸਰਕਾਰ ਨੂੰ ਲਿਖਤੀ ਤੌਰ 'ਤੇ ਦੱਸਿਆ ਸੀ ਕਿ ਕੋਟਕਪੂਰਾ ਗੋਲੀ ਕਾਂਡ ਤੇ ਬਹਿਬਲ ਕਲਾਂ ਕਾਂਡ ਦੀ ਜਾਂਚ ਦੇ ਜੋ ਵੀ ਨਤੀਜੇ ਹੋਣਗੇ, ਉਸ ਲਈ ਕੁੰਵਰ ਵਿਜੇ ਪ੍ਰਤਾਪ ਸਿੰਘ ਹੀ ਜ਼ਿੰਮੇਵਾਰ ਹੋਣਗੇ। ਕਰੀਬ ਚਾਰ ਮਹੀਨਿਆਂ ਤੋਂ ਜਾਂਚ ਟੀਮ ਦਾ ਕੰਮ ਬੇਹੱਦ ਮੱਧਮ ਚੱਲ ਰਿਹਾ ਹੈ। ਐੱਸ ਆਈ ਟੀ ਦੇ ਦਾਅਵਿਆਂ ਦੇ ਬਾਵਜੂਦ ਬਹਿਬਲ ਕਲਾਂ ਦੇ ਚਾਰ ਦੋਸ਼ੀ ਬਿਨਾਂ ਗ੍ਰਿਫਤਾਰੀ ਤੋਂ ਜ਼ਮਾਨਤ ਲੈਣ ਵਿੱਚ ਸਫਲ ਹੋ ਗਏ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਵੀ ਇਸ ਕੇਸ ਵਿੱਚ ਜ਼ਮਾਨਤ ਮਿਲ ਗਈ ਸੀ। ਜਾਂਚ ਟੀਮ ਆਪਣੀ ਪੜਤਾਲ ਪਿੱਛੋਂ ਪੰਜ ਪੁਲਸ ਅਧਿਕਾਰੀਆਂ ਸਣੇ ਛੇ ਵਿਅਕਤੀਆਂ ਵਿਰੁੱਧ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕਰ ਚੁੱਕੀ ਹੈ, ਪਰ ਕੋਟਕਪੂਰਾ ਗੋਲੀ ਕਾਂਡ ਲਈ ਜਾਂਚ ਟੀਮ ਵੱਲੋਂ ਪੇਸ਼ ਕੀਤੀ ਰਿਪੋਰਟ ਵਿੱਚ ਜੋ ਖੁਲਾਸੇ ਕੀਤੇ ਗਏ ਹਨ, ਉਹ ਬਾਕੀ ਰਿਕਾਰਡ ਨਾਲ ਮੇਲ ਨਹੀਂ ਖਾ ਰਹੇ। ਦੋ ਹਜ਼ਾਰ ਸਫਿਆਂ ਦੀ ਚਾਰਜਸ਼ੀਟ ਵਿੱਚ 56 ਸਫਿਆਂ ਦੀ ਪੜਤਾਲ ਰਿਪੋਰਟ ਲਾਈ ਗਈ ਹੈ।

ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਜਾਂਚ ਪੂਰੇ ਨਿਰਪੱਖ ਤਰੀਕੇ ਨਾਲ ਕੀਤੀ ਗਈ ਹੈ ਤੇ ਅਧੂਰੀ ਪਈ ਜਾਂਚ ਜਲਦੀ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਦਾ ਐੱਸ ਆਈ ਟੀ ਦੀ ਜਾਂਚ ਨਾਲ ਕੋਈ ਸੰਬੰਧ ਨਹੀਂ। ਉਨ੍ਹਾਂ ਇਸ ਬਾਰੇ ਕੋਈ ਸਮਾਂ ਸੀਮਾ ਨਹੀਂ ਦੱਸੀ।













# ਕਾਉਂਸਲਰ ਢਿੱਲੋਂ ਤੇ ਹਰਕੀਰਤ ਸਿੰਘ ਵੱਲੋਂ ਸਫਲ ਟਰੱਕਰ ਟਾਊਨ ਹਾਲ ਦਾ ਆਯੋਜਨ









ਬਰੈਂਪਟਨ, 21 ਅਗਸਤ (ਪੋਸਟ ਬਿਊਰੋ) : ਟਰੱਕਿੰਗ ਕਮਿਊਨਿਟੀ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਬੀਤੇ ਦਿਨੀਂ ਬਰੈਂਪਟਨ ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਤੇ ਸਿਟੀ ਕਾਉਂਸਲਰ ਹਰਕੀਰਤ ਸਿੰਘ ਵੱਲੋਂ ਟਰੱਕਰ ਟਾਊਨ ਹਾਲ ਦਾ ਆਯੋਜਨ ਕੀਤਾ ਗਿਆ।

ਇਹ ਮੀਟਿੰਗ ਗੋਰ ਮੀਡੋਅਜ਼ ਕਮਿਊਨਿਟੀ ਸੈਂਟਰ ਵਿਖੇ ਕਰਵਾਈ ਗਈ ਤੇ ਇਸ ਵਿੱਚ ਇੰਡਸਟਰੀ ਨਾਲ ਸਬੰਧਤ 60 ਮੈਂਬਰਾਂ ਨੇ ਹਿੱਸਾ ਲਿਆ। ਇਨ੍ਹਾਂ ਸਾਰਿਆਂ ਨੇ ਕਾਉਂਸਲਰਜ਼ ਤੇ ਸਿਟੀ ਸਟਾਫ ਨੂੰ ਅਹਿਮ ਜਾਣਕਾਰੀ ਮੁਹੱਈਆ ਕਰਵਾਈ। ਇਸ ਮੌਕੇ ਉਠਾਏ ਗਏ ਮੁੱਦਿਆਂ ਵਿੱਚ ਬਰੈਂਪਟਨ ਭਰ ਵਿੱਚ ਟਰੱਕ ਪਾਰਕਿੰਗ ਲਈ ਵਧੇਰੇ ਥਾਂ, ਰੀਜਨਲ ਤੇ ਸਿਟੀ ਦੀਆਂ ਰੋਡਜ਼ ਉੱਤੇ ਘੱਟ ਪਾਬੰਦੀਆਂ ਅਤੇ ਬਰੈਂਪਟਨ ਵਿੱਚ ਟਰੱਕਾਂ ਦੇ ਰੁਕਣ ਲਈ ਵਧੇਰੇ ਸਟਾਪਜ਼ ਮੁੱਖ ਸਨ।

ਪ੍ਰੋਵਿੰਸ਼ੀਅਲ ਪੱਧਰ ਦੇ ਮੁੱਦਿਆਂ ਵਿੱਚ ਨਵੇਂ ਹਾਈਵੇਅ 413 ਨੂੰ ਤੇਜ਼ੀ ਨਾਲ ਮੁਕੰਮਲ ਕਰਨ, 105 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਤੋਂ ਵੱਧ ਟਰੱਕ ਨਾ ਚਲਾਉਣ ਦੇਣ ਦੀ ਪਾਬੰਦੀ ਨੂੰ ਟਰੱਕਾਂ ਲਈ ਖ਼ਤਮ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਕਾਉਂਸਲਰ ਢਿੱਲੋਂ ਨੇ ਆਖਿਆ ਕਿ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਬਰੈਂਪਟਨ ਦੀ ਟਰੱਕਿੰਗ ਇੰਡਸਟਰੀ ਲਈ ਇਸ ਤਰ੍ਹਾਂ ਪਬਲਿਕ ਫੋਰਮ ਕਰਵਾਇਆ ਗਿਆ ਹੈ। ਉਨ੍ਹਾਂ ਆਖਿਆ ਕਿ ਉਹ ਇਸ ਓਪਨ ਹਾਊਸ ਵਿੱਚ ਹਿੱਸਾ ਲੈਣ ਲਈ ਪਹੁੰਚੇ ਸਾਰੇ ਲੋਕਾਂ ਦਾ ਧੰਨਵਾਦ ਕਰਦੇ ਹਨ। ਹੁਣ ਅਸੀਂ ਇੰਡਸਟਰੀ ਨਾਲ ਸਬੰਧਤ ਲੋਕਾਂ ਦੇ ਮੂੰਹਾਂ ਤੋਂ ਹੀ ਸੱਭ ਕੁੱਝ ਸਿੱਧੇ ਤੌਰ ਉੱਤੇ ਸੁਣ ਲਿਆ ਹੈ। ਇਸ ਫੋਰਮ ਨੇ ਟਰੱਕਰਜ਼ ਨੂੰ ਵੀ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਹੈ।

ਕਾਉਂਸਲਰ ਹਰਕੀਰਤ ਸਿੰਘ ਨੇ ਇਸ ਮੌਕੇ ਆਖਿਆ ਕਿ ਟਰੱਕਰਜ਼ ਦੀਆਂ ਜਿਹੜੀਆਂ ਚਿੰਤਾਵਾਂ ਤੇ ਮੁੱਦੇ ਹਨ ਅਸੀਂ ਉਹ ਸੁਣ ਲਏ ਹਨ। ਜਿਹੜੀ ਜਾਣਕਾਰੀ ਅਸੀਂ ਇੱਕਠੀ ਕੀਤੀ ਹੈ ਉਸ ਨੂੰ ਅਸੀਂ ਆਪਣੇ ਪ੍ਰੋਵਿੰਸ਼ੀਅਲ ਤੇ ਫੈਡਰਲ ਹਮਰੁਤਬਾ ਅਧਿਕਾਰੀਆਂ ਨਾਲ ਸਾਂਝਾ ਕਰਾਂਗੇ ਤੇ ਇਹ ਯਕੀਨੀ ਬਣਾਵਾਂਗੇ ਕਿ ਟਰੱਕਰਜ਼ ਦੀਆਂ ਜਾਇਜ਼ ਮੰਗਾਂ ਪੂਰੀਆਂ ਕੀਤੀਆਂ ਜਾ ਸਕਣ। ਇਸ ਟਾਊਨ ਹਾਲ ਦੇ ਨਤੀਜੇ ਐਮਪੀਜ਼ ਤੇ ਐਮਪੀਪੀਜ਼ ਨਾਲ ਸਾਂਝੇ ਕੀਤੇ ਜਾਣਗੇ।

# ਹੇ ਬਾਬਾ ਨਾਨਕ !

–ਡਾ. ਗੁਰਬਖ਼ਸ਼ ਸਿੰਘ ਭੰਡਾਲ

ਹੇ ਬਾਬਾ ਨਾਨਕ! ਤੇਰੇ ਸੇਵਕ ਇਸ ਸਾਲ ਤੇਰੀ 550ਵੀਂ ਜਨਮ ਸ਼ਤਾਬਦੀ ‘ਤੇ ਸਮਾਗਮ, ਸ਼ੋਰ ਤੇ ਸ਼ੁਹਰਤ ਲਈ ਬੜੇ ਜੋਰਾਂ-ਸ਼ੋਰਾਂ ਨਾਲ ਦੁਨੀਆਂ ਭਰ ਵਿਚ ਮਨਾ ਰਹੇ ਨੇ। ਵੱਖ-ਵੱਖ ਪ੍ਰੋਗਰਾਮ ਉਲੀਕੇ ਜਾਣਗੇ, ਜਿਸ ਵਿਚ ਤੇਰੀ ਬਾਣੀ ਦੀ ਸ਼ਾਇਦ ਗੱਲਬਾਤ ਥੋੜ੍ਹੀ ਹੀ ਹੋਵੇ। ਨਾਨਕ ਗੁਰੂ ਜਾਂ ਨਾਨਕ ਪੀਰ ਬਾਰੇ ਬਹੁਤ ਗੱਲਾਂ ਹੋਣਗੀਆਂ, ਪਰ ਨਾਨਕ ਸ਼ਾਹ ਫਕੀਰ ਬਾਰੇ ਸ਼ਾਇਦ ਕੋਈ ਗੱਲ ਨਾ ਕਰੇ। ਸੋਚਿਆ ਮਨਾ! ਨਾਨਕ ਸ਼ਾਹ ਫਕੀਰ ਨਾਲ ਇਕ ਪਾਸੜ ਸੰਵਾਦ ਹੀ ਰਚਾ ਲਿਆ ਜਾਵੇ, ਜੋ ਤੇਰੀ ਫਿਤਰਤ ਤਾਂ ਨਹੀਂ ਸੀ, ਪਰ ਮੇਰੇ ਕੋਲ ਹੋਰ ਚਾਰਾ ਵੀ ਨਹੀਂ। ਇਸ ਬਹਾਨੇ ਮੈਂ ਖ਼ੁਦ ਦੇ ਰੂਬਰੂ ਹੋ, ਆਪਣੀਆਂ ਕਮੀਆਂ, ਕੁਤਾਹੀਆਂ ਤੇ ਕੁਰੀਤੀਆਂ ਨੂੰ ਜਾਣਨ, ਸਮਝਣ ਅਤੇ ਇਸ ਤੋਂ ਕੁਝ ਸਿੱਖ ਕੇ ਜੀਵਨ-ਜਾਚ ਨੂੰ ਤੇਰੀ ਸੋਚ ਅਨੁਸਾਰ ਕਰ ਸਕਿਆ ਤਾਂ ਇਹ ਮੇਰਾ ਹਾਸਲ ਹੋਵੇਗਾ।

ਹੇ ਬਾਬਾ ਨਾਨਕ! ਤੂੰ 20 ਰੁਪਿਆਂ ਦਾ ਅਜਿਹਾ ਵਪਾਰ ਕੀਤਾ ਕਿ ਤੇਰੀ ਦਿੱਭ-ਦ੍ਰਿਸ਼ਟੀ ਨੇ ਲੰਗਰ ਪ੍ਰਥਾ ਨੂੰ ਜਨਮ ਦਿਤਾ, ਜੋ ਭੁੱਖਿਆਂ ਲਈ ਭੋਜਨ ਅਤੇ ਲੋੜਵੰਦਾਂ ਲਈ ਮਦਦ ਦੇ ਰੂਪ ਵਿਚ ਸਿੱਖ-ਸੋਚ ਦਾ ਹਿੱਸਾ ਬਣਨੀ ਚਾਹੀਦੀ ਸੀ, ਪਰ ਪੂਰਨ ਰੂਪ ਵਿਚ ਬਣ ਨਹੀਂ ਸਕੀ। ਇਸ ਨੂੰ ਗ੍ਰਸ ਲਿਆ ਏ ਉਨ੍ਹਾਂ ਕੁਰੀਤੀਆਂ ਨੇ, ਜਿਨ੍ਹਾਂ ਤੋਂ ਬਚਣ ਦੀ ਬੜੀ ਲੋੜ ਸੀ। ਬਾਬਾ! ਤੂੰ ਹੀ ਦੱਸ ਜਦ ਲੰਗਰ ਦਿਖਾਵਾ ਬਣ ਜਾਵੇ, ਭੋਜਨ ਦੀ ਬਰਬਾਦੀ ਹੋਵੇ, ਇਸ ਦੀ ਰਹਿੰਦ-ਖੂੰਹਦ ਵਾਤਾਵਰਣ ਨੂੰ ਪਲੀਤ ਕਰੇ, ਰੱਜਿਆਂ ਨੂੰ ਹੋਰ ਰਜਾਇਆ ਜਾਵੇ, ਸੈਂਕੜਿਆਂ ਦੀ ਗਿਣਤੀ ਵਿਚ ਲੰਗਰ ਦੇ ਸਟਾਲ ਲਾਏ ਜਾਣ, ਕਿਸੇ ਵਿਸ਼ਵ ਕਾਨਫਰੰਸ ਵਿਚ ਵੀ ਗੁਰਦੁਆਰੇ ਤੋਂ ਲਿਆ ਕੇ ਲੰਗਰ ਵਰਤਾਇਆ ਜਾਵੇ ਜਾਂ ਕਿਸੇ ਵੱਡੇ ਵਿਅਕਤੀ ਦੇ ਨਿੱਜੀ ਸਮਾਗਮ, ਭੋਗ ਜਾਂ ਅੰਤਿਮ ਅਰਦਾਸ ਦੇ ਮੌਕੇ ਗੁਰਦੁਆਰੇ ਤੋਂ ਚੁੱਕਵਾਂ ਲੰਗਰ ਲਿਆਂਦਾ ਜਾਵੇ ਤਾਂ ਲੰਗਰ ਦੀ ਆਤਮਾ ਕੁਰਲਾ ਉਠਦੀ ਏ। ਲੰਗਰ, ਲੰਗਰ ਨਹੀਂ ਰਹਿੰਦਾ। ਪੰਗਤ ਤੇ ਸੰਗਤ ਦੀ ਪਰੰਪਰਾ ਪੀੜਤ ਹੋ ਜਾਂਦੀ ਏ ਅਤੇ ਇਸ ਪੀੜ ਵਿਚੋਂ ਉਭਰਨ ਲਈ ਤੂੰ ਹੀ ਕੋਈ ਸੁਮੱਤ ਦੇਹ!

ਹੇ ਬਾਬਾ ਨਾਨਕ! “ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥” ਰਾਹੀਂ ਬਾਹਰਲੇ ਦਿਖਾਵੇ ਨੂੰ ਨਿੰਦਣ ਵਾਲੇ ਤੇਰੇ ਬਾਣੀ-ਬੋਲ ਆਪਣੀ ਹੋਣੀ ‘ਤੇ ਹੰਝੂ ਵਹਾਉਣ ਤੋਂ ਬਿਨਾ ਹੋਰ ਕਰ ਵੀ ਕੀ ਸਕਦੇ ਨੇ, ਜਦ ਕੋਈ ਮਨੁੱਖ ਬਾਣੀ ਤੋਂ ਬਾਣੇ ਵਾਲੇ ਰਾਹ ਤੁਰ ਪਵੇ। ਜੀਵਨੀ ਸਿਆਣਪ ਅਤੇ ਸੰਵੇਦਨਾ, ਸੋਗ ਮਨਾਉਣ ਲੱਗ ਪੈਂਦੀ ਏ। ਅਸੀਂ ਸਿਰਫ ਬਾਣੇ ਤੀਕ ਸੀਮਤ ਹੋ ਗਏ ਹਾਂ। ਤੂੰ ਤਾਂ ਕਦੇ ਵੀ ਬਾਣੇ ਨੂੰ ਤਰਜ਼ੀਹ ਨਹੀਂ ਸੀ ਦਿਤੀ। ਜਿਸ ਖੇਤਰ ਵਿਚ ਵੀ ਗਿਆ, ਉਨ੍ਹਾਂ ਦਾ ਹੀ ਹੋ ਗਿਆ ਅਤੇ ਉਹ ਤੇਰੇ ਹੋ ਗਏ। ਇਨ੍ਹਾਂ ਬਾਣਿਆਂ ਨੇ ਸਿੱਖੀ ਨੂੰ ਸੀਮਤ ਕਰਨ ਦੀ ਕੋਸ਼ਿਸ਼ ਤਾਂ ਕੀਤੀ ਏ, ਪਰ ਇੰਜ ਹੋਣਾ ਨਹੀਂ। ਅੱਜ ਕੱਲ ਸ਼ਰਧਾਲੂਆਂ ਦੇ ਘਰਾਂ ਤੇ ਗੁਰਦੁਆਰਿਆਂ ਵਿਚ ਤੇਰੀ ਸ਼ੋਭਾ ਸਿੰਘੀ ਫੋਟੋ ਆਮ ਪ੍ਰਚਲਿਤ ਏ, ਜਿਸ ਦਾ ਤੇਰੇ ਸਰੂਪ ਨਾਲ ਕੋਈ ਵਾਹ ਵਾਸਤਾ ਨਹੀਂ ਅਤੇ ਅਸੀਂ ਬੁੱਤ ਪੂਜਾ ਦੀ ਮਨਾਹੀ ਕਰਨ ਵਾਲੇ ਦੀ ਫੋਟੋ ਨੂੰ ਹੀ ਪੂਜਣਾ ਸ਼ੁਰੂ ਕਰ ਦਿੱਤਾ ਏ। ਬਾਬਾ! ਤੂੰ ਤਾਂ ਉਸ ਵਕਤ ਵਿਚ ਹਿੰਦੂ ਅਤੇ ਇਸਲਾਮ ਧਰਮਾਂ ਦਰਮਿਆਨ ਇਕ ਅਜਿਹੇ ਧਰਮ ਦੀ ਮੋੜ੍ਹੀ ਗੱਡੀ, ਜੋ ਬਿਰਖ ਬਣ ਕੇ ਦੂਰ ਦੂਰ ਤੀਕ ਮੌਲਿਆ। ਜਿਸ ਨੇ ਸਿੱਖ ਧਰਮ, ਫਲਸਫੇ ਤੇ ਸੋਚ ਨੂੰ ਵਿਸ਼ਾਲਤਾ ਬਖਸ਼ੀ। ਅਸੀਂ ਤਾਂ ਵੱਖ-ਵੱਖ ਡੇਰਿਆਂ, ਪਰੰਪਰਾਵਾਂ ਤੇ ਮਰਿਆਦਾਵਾਂ ਰਾਹੀਂ ਸਿੱਖੀ ਜੋਤ ਨੂੰ ਨਿੱਜੀ ਦਾਇਰਿਆਂ ਤੀਕ ਸੀਮਤ ਕਰ, ਇਸ ਦੇ ਚਾਨਣ ਦਾ ਪਸਾਰ ਰੋਕਣ ਲਈ ਲਾਮਬੰਦ ਹੋ ਗਏ ਹਾਂ। ਸਿੱਖੀ ਵਿਸ਼ਾਲਤਾ ਦਾ ਨਾਮ ਏ, ਸੰਗੋੜਨ ਦਾ ਨਹੀਂ। ਜੋ ਲੋਕ ਤੇਰੀ ਬਾਣੀ ‘ਤੇ ਕਾਬਜ਼ ਨੇ, ਉਨ੍ਹਾਂ ਦੀ ਪਹਿਲ, ਇਸ ਨੂੰ ਨਿੱਜ ਤੀਕ ਸੀਮਤ ਕਰਨ ਦੀ ਏ। ਇਸ ਕਰਕੇ ਸਿੱਖ-ਚਿੰਤਨ ਨੂੰ ਦੁਨੀਆਂ ਭਰ ਵਿਚ ਪ੍ਰਚਾਰਨ ਵੱਲੋਂ ਬੇਰੁਖੀ ਹੋ ਰਹੀ ਏ। ਡਰ ਲੱਗਦਾ ਏ ਕਿ ਜੈਨ ਅਤੇ ਬੁੱਧ ਧਰਮ ਵਾਂਗ ਸਿੱਖ ਧਰਮ ਪੰਜਾਬ ਵਿਚੋਂ ਖਤਮ ਨਾ ਕਰ ਦਿੱਤਾ ਜਾਵੇ। ਜੇ ਮੇਰੀ ਕੂਕ ਤੇਰੇ ਤੀਕ ਪਹੁੰਚਦੀ ਹੋਵੇ ਤਾਂ ਸਾਨੂੰ ਸਿਆਣਪ ਦੇਹ ਕਿ ਅਸੀਂ ਇਨ੍ਹਾਂ ਦੇ ਗਲਬੇ ਤੋਂ ਮੁਕਤ ਹੋ, ਖੁਦ ਹੀ ਸਿੱਖੀ ਸੋਚ ਨੂੰ ਜੀਵਨ ਵਿਚ ਅਪਨਾਈਏ।

ਹੇ ਬਾਬਾ ਨਾਨਕ! ‘ਸਚੁ ਵਾਪਾਰੁ ਕਰਹੁ ਵਾਪਾਰੀ...’ ਦੇ ਬ੍ਰਹਮ ਬੋਲ ਮੈਨੂੰ ਤਾਂ ਉਚੀ ਅਵਾਜ਼ ਵਿਚ ਸੁਣਾਈ ਦੇ ਰਹੇ ਨੇ। ਪਰ ਕੀ ਕਰਾਂ ਤੇਰਾ ਕੋਈ ਵੀ ਸਿੱਖ ਇਨ੍ਹਾਂ ਨੂੰ ਸੁਣਨ ਲਈ ਰਾਜ਼ੀ ਨਹੀਂ। ਉਹ ਸੋਚਦੇ ਨੇ ਕਿ ਵਪਾਰ ਵਿਚ ਝੂਠ, ਠੱਗੀ ਅਤੇ ਹੇਰਾ-ਫੇਰੀ ਜਾਇਜ਼ ਏ ਅਤੇ ਇਸ ਧਾਰਨਾ ਅਨੁਸਾਰ ਹੀ ਵਪਾਰ ਕਰਦੇ, ਲੋਕ ਭਲਾਈ ਦੇ ਕਾਰਜਾਂ ਦਾ ਵਿਖਾਵਾ ਕਰ ਰਹੇ ਨੇ ਤਾਂ ਕਿ ਉਹ ਦਿਖਾ ਸਕਣ ਕਿ ਉਹ ਵੱਡੇ ਧਰਮੀ ਹਨ। ਵਪਾਰ ਮਾੜਾ ਨਹੀਂ, ਪਰ ਜਦ ਇਹ ਧਰਮ ਨੂੰ ਵੇਚਣ ਲੱਗ ਪਵੇ, ਮਨੁੱਖੀ ਕਮੀਨਗੀ ਦਾ ਆਧਾਰ ਬਣ ਜਾਵੇ, ਗੁਰਦੁਆਰਿਆਂ ਨੂੰ ਕਾਰਪੋਰੇਟ ਅਦਾਰੇ ਬਣਾ ਲਿਆ ਜਾਵੇ, ਨਿੱਜੀ ਜਾਇਦਾਦ ਸਮਝ ਲਿਆ ਜਾਵੇ ਅਤੇ ‘ਘਰ ਘਰ ਅੰਦਰੁ ਧਰਮਸਾਲ..’ ਦੀ ਥਾਂ ਘਰਾਂ ਨੂੰ ਗੁਰਦੁਆਰੇ ਰਜਿਸਟਰ ਕਰਵਾ ਕੇ, ਸਰਕਾਰੀ ਛੋਟਾਂ ਲੈਣ ਦਾ ਵਸੀਲਾ ਬਣਾ ਲਿਆ ਜਾਵੇ ਤਾਂ ਤੇਰੀ ਸੋਚ ਵਿਚਲੇ ਸਚਿਆਰੇਪਣ ਅਤੇ ਨਿਆਰੇਪਣ ਨੂੰ ਗੰਧਲਾ ਹੀ ਕਰ ਰਹੇ ਹਾਂ। ਤੇਰੇ ਨਾਂ ‘ਤੇ ਸਥਾਪਤ ਕੀਤੇ ਵਪਾਰਕ ਅਦਾਰੇ ਭਾਈ ਲਾਲੋਆਂ ਦਾ ਲਹੂ ਪੀ, ਦਿਨ ਬਦਿਨ ਵਧ ਫੁਲ ਰਹੇ ਨੇ। ਇਹ ਕੇਹਾ ਵਪਾਰ ਏ? ਤੂੰ ਤਾਂ ਸੱਚ ਦੇ ਵਪਾਰ ਦੀ ਗੱਲ ਕੀਤੀ ਸੀ। ਇਸ ਅਜੋਕੇ ਵਪਾਰ ਤੋਂ ਨਿਜ਼ਾਤ ਮਿਲ ਜਾਵੇ ਤਾਂ ਸਿੱਖੀ ਦੀ ਫੁਲਵਾੜੀ ਹੋਰ ਮਹਿਕੇਗੀ।

ਹੇ ਬਾਬਾ ਨਾਨਕ! “ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ॥ ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ॥” ਜਾਂ “ਪੂਜਾ ਵਰਤ ਤਿਲਕ ਇਸ਼ਨਾਨਾ ਪੁੰਨ ਦਾਨ ਬਹੁ ਦੈਨ॥ ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥” ਰਾਹੀਂ ਵਰਤ, ਪੂਜਾ, ਤੀਰਥ ਇਸ਼ਨਾਨ ਆਦਿ ਦੀ ਨਿਖੇਧੀ ਕਰਨ ਵਾਲੇ ਤੇਰੇ ਬੋਲ ਸ਼ਾਇਦ ਖੁਦਕੁਸ਼ੀ ਲਈ ਤਿਆਰ ਹੋ ਜਾਣ, ਕਿਉਂਕਿ ਤੇਰੇ ਸਿੱਖ ਤਾਂ ਉਹ ਸਭ ਕੁਝ ਕਰਨ ਤੀਕ ਹੀ ਸੀਮਤ ਹੋ ਗਏ ਨੇ, ਜਿਨ੍ਹਾਂ ਤੋਂ ਤੂੰ ਵਰਜਿਆ ਸੀ। ਅਸੀਂ ਤੇਰੇ ਕਪੁੱਤ ਹੀ ਹੋ ਗਏ ਹਾਂ ਅਤੇ ਇਸ ਪਖੰਡਬਾਜੀ ਵਿਚੋਂ ਹੀ ਅਸੀਂ ਤੈਨੂੰ ਧਿਆਉਣ ਦਾ ਭਰਮ ਪਾਲ ਰਹੇ ਹਾਂ। ਸ਼ਬਦ-ਜੋਤ ਨੂੰ ਬੁਝਾ ਕੇ ਕਿਹੜਾ ਹਨੇਰਾ ਦੂਰ ਹੋਵੇਗਾ? ਮਸਤਕ ਚਾਨਣ ਕਿਥੋਂ ਖ਼ਿਆਵੇਗਾ? ਤੂੰ ਹੀ ਸੁਮੱਤ ਬਖਸ਼ ਬਾਬਾ!

ਹੇ ਬਾਬਾ ਨਾਨਕ! ਤੇਰੇ ਬੋਲ ‘ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥” ਸਿਸਕਣ ਲੱਗ ਪਏ, ਜਦ ਭਾਈ ਮਰਦਾਨੇ ਦੇ ਵਾਰਸਾਂ ਨੂੰ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਤੋਂ ਵਰਜਣ ‘ਤੇ ਨਿਰਾਸ਼ ਜਾਣਾ ਪਿਆ, ਜੋ ਸਿਰਫ ਤੇਰੀ ਇਬਾਦਤ ਕਰਨ ਲਈ ਆਏ ਸਨ। ਜਿਨ੍ਹਾਂ ਦਾ ਬਜੁਰਗ ਸਾਰੀ ਉਮਰ ਤੇਰਾ ਸਭ ਤੋਂ ਕਰੀਬੀ ਸਾਥੀ ਰਿਹਾ। ਤੇਰੇ ਸਭ ਤੋਂ ਨੇੜਲੇ ਸਾਥੀ ਦੇ ਵਾਰਸਾਂ ਨਾਲ ਅਜਿਹਾ ਵਿਹਾਰ ਦੇਖ ਕੇ ਮਨ ਬਹੁਤ ਉਦਾਸ ਤੇ ਹਤਾਸ਼ ਏ। ਧਿਰਕਾਰੇ ਹੋਇਆਂ ਨੇ ਅੱਕ ਕੇ ਹੁਣ ਰਾਮਦਾਸੀਆਂ, ਰਾਮਗੜ੍ਹੀਆਂ, ਲੁਬਾਣਿਆਂ, ਰਵਿਦਾਸੀਆਂ, ਜੱਟਾਂ, ਰਵਿਦਾਸੀਆਂ ਆਦਿ ਨੇ ਵੱਖ ਵੱਖ ਗੁਰਦੁਆਰੇ ਬਣਾ ਕੇ ਤੈਨੂੰ ਹਿਸਿਆਂ ਵਿਚ ਵੰਡ ਲਿਆ, ਜੋ ‘ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ’ ਦੀ ਘੋਰ ਅਵੱਗਿਆ ਏ। ਨੀਚਾਂ ਨੂੰ ਗਲੇ ਲਾਉਣ ਵਾਲੇ ਹੇ ਬਾਬਾ ਨਾਨਕ! ਦੇਖ ਤੇਰੇ ਪੈਰੋਕਾਰ ਕਿੰਜ ਦੁਰਕਾਰਦੇ ਨੇ? ਸਿੱਖ ਧਰਮ ਨੂੰ ਹੋਰ ਸੀਮਤ ਕਰ ਰਹੇ ਨੇ। ਇਹ ਸਿੱਖੀ ਦਾ ਘਾਣ ਅਤੇ ਇਸ ਰਾਹੀਂ ਮਨੁੱਖ ਦੇ ਮਰਨ ਲਈ, ਮਰਨ-ਰੁੱਤ ਨੂੰ ਸੱਦਾ ਏ।

ਹੇ ਬਾਬਾ ਨਾਨਕ! ਤੂੰ ‘ਬਾਬੇ ਕੀਤੀ ਸਿੱਧ ਗੋਸ਼ਟਿ...’ ਰਾਹੀਂ ਤਰਕ, ਪ੍ਰੇਮ ਅਤੇ ਸੰਵਾਦ ਤੋਂ ਗੋਸ਼ਟਿ ਦੀ ਪਰੰਪਰਾ ਨੂੰ ਸ਼ੁਰੂ ਕਰਕੇ ਵੱਖ-ਵੱਖ ਫਿਰਕਿਆਂ ਤੇ ਧਰਮਾਂ ਵਿਚਲੀ ਕਸ਼ੀਦਗੀ ਤੇ ਕੁੜਿਤਣ ਨੂੰ ਘਟਾ ਕੇ ਪਿਆਰ-ਮੁਹੱਬਤ ਦਾ ਪੈਗਾਮ ਦਿਤਾ। ਆਪਣੀ ਗੱਲ ਸੁਣਾਉਣ ਨਾਲੋਂ ਦੂਜਿਆਂ ਦੀ ਗੱਲ ਸੁਣਨ ਨੂੰ ਪਹਿਲ ਦਿੱਤੀ। ਫਿਰ ਆਪਣੀ ਸੁਣਾਉਣ ਅਤੇ ਸਮਝਾਉਣ ਦੀ ਪਿਰਤ ਪਾਈ। ਇਹ ਪਿਰਤ ਤੇਰੇ ਹੀ ਪੈਰੋਕਾਰ, ਪੈਰੀਂ ਰੋਲ ਰਹੇ ਨੇ। ਉਨ੍ਹਾਂ ਨੂੰ ਕਿਸੇ ਵੱਖਰੇ ਵਿਚਾਰ ਰੱਖਦੇ ਵਿਅਕਤੀ ਦੇ ਵਿਚਾਰਾਂ ਨੂੰ ਸੁਣਨਾ ਗਵਾਰਾ ਨਹੀਂ। ਉਹ ਤਰਕਹੀਣ, ਪੁਖਤਾ ਦਲੀਲ ਤੋਂ ਕੋਰੇ ਅਤੇ ਗਹਿਰ-ਗੰਭੀਰਤਾ ਤੋਂ ਵਿਰਵੇ ਨੇ। ਬਾਬਾ! ਕੋਈ ਸੋਚ-ਕਿਰਨ ਇਨ੍ਹਾਂ ਦੇ ਮਸਤਕ ਵਿਚ ਧਰ ਕਿ ਉਹ ਦੂਜਿਆਂ ਦੇ ਵਿਚਾਰਾਂ ਵਿਚੋਂ ਕੁਝ ਚੰਗੇਰਾ ਦੇਖਣ, ਸਮਝਣ ਅਤੇ ਅਪਨਾਉਣ ਦਾ ਜੇਰਾ ਕਰਨ, ਕਿਉਂਕਿ ਵਧੀਆ ਵਿਚਾਰ, ਅਚਾਰ ਜਾਂ ਵਿਹਾਰ ਕਿਧਰੋਂ ਵੀ ਮਿਲ ਜਾਵੇ ਤਾਂ ਸਵੀਕਾਰ ਕਰ ਲੈਣਾ ਚਾਹੀਦਾ। ਤੇਰੇ ਕੁਝ ਨੂੰ ਅਨਿੰਨ ਸ਼ਰਧਾਲੂਆਂ ਦੇ ਸੋਚ-ਦਰਵਾਜੇ ਬੰਦ ਨੇ, ਜਿਸ ਨਾਲ ਹੁੰਮਸ ਗਿਆ ਏ ਦਿਮਾਗੀ-ਜਲਵਾਯੂ। ਇਸ ਕਾਰਨ ਅਜੋਕਾ ਸਿੱਖ ਸਮਾਜ ਇਕ ਭੰਬਲਭੂਸੇ ਅਤੇ ਧੁੰਦਲਕੇ ਦਾ ਸ਼ਿਕਾਰ। ਸਿਰਫ ਤੇਰੇ ਬੋਲਾਂ ਵਿਚਲਾ ਚਾਨਣ ਹੀ ਇਨ੍ਹਾਂ ਨੂੰ ਚਾਹੀਦਾ। ਕਿਉਂਕਿ ਹੁਣ ਤੂੰ ਤਾਂ ਆ ਨਹੀਂ ਸਕਦਾ, ਪਰ ਬਾਣੀ ਦੇ ਬੋਲਾਂ ਵਿਚਲੀ ਰੌਸ਼ਨ ਆਭਾ ਤਾਂ ਹੀ ਹਾਸਲ ਬਣੇਗੀ, ਜੇ ਅਸੀਂ ਬਾਣੀ ਨੂੰ ਸਹੀ ਸੰਦਰਭ ਵਿਚ ਪੜ੍ਹਾਂਗੇ, ਸਮਝਾਂਗੇ ਅਤੇ ਜੀਵਨ ਨੂੰ ਇਸ ਅਨੁਸ-ਾਰ ਜੀਵਾਂਗੇ। ਆਪਣੇ ਸੇਵਕਾਂ ‘ਤੇ ਰਹਿਮ ਤਾਂ ਕਰ ਹੀ ਸਕਦੈਂ ਬਾਬਾ?

ਹੇ ਬਾਬਾ ਨਾਨਕ! “ਘਾਲਿ ਖਾਇ ਕਿਛੁ ਹਥਹੁ ਦੇਇ” ਵਰਗੀ ਚੇਤਨਾ ਸਾਡੀ ਜ਼ਮੀਰ ਦਾ ਹਿੱਸਾ ਕਿਉਂ ਨਹੀਂ ਬਣ ਸਕੀ? ਸੋਚਦਾ ਹਾਂ ਕੀ ਕਦੇ ਅਸੀਂ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਮਦਦ ਕੀਤੀ ਏ? ਕੀ ਕਿਸੇ ਗਰੀਬ-ਗੁਰਬੇ ਲਈ ਆਪਣੀਆਂ ਅਸੀਮਤ ਸੁੱਖ-ਸਹੂਲਤਾਂ ਨੂੰ ਸੀਮਤ ਕਰਨ ਲਈ ਪਹਿਲ-ਕਦਮੀ ਕੀਤੀ ਏ? ਕੀ ਇਹ ਸਮਾਜਕ ਬਰਾਬਰੀ ਲਈ ਇਨਕਲਾਬੀ ਕਦਮ ਨਹੀਂ ਹੋਵੇਗਾ, ਜਿਸ ਦੀ ਚਾਹਨਾ ਤੁਸੀਂ ਕੀਤੀ ਸੀ। ਪਾਪ ਦੀ ਕਮਾਈ ਕਰਕੇ ਬਣੇ ਧਨਾਢਾਂ ਵਲੋਂ ਦਸਵੰਧ ਦੀ ਕੀਤੀ ਜਾ ਰਹੀ ਬੇਰੁਹਮਤੀ ਮਨ ਨੂੰ ਪੀੜਤ ਕਰਦੀ ਏ? ਕਿੰਜ ਬੰਨਾਵਾਂ ਢਾਰਸ ਡਿੱਗ ਰਹੇ ਮਨ ਨੂੰ? ਤੂੰ ਹੀ ਕੁਝ ਦੱਸ ਬਾਬਾ!

ਹੇ ਬਾਬਾ ਨਾਨਕ! “ਪਾਪ ਕੀ ਜੰਞ ਲੈ ਕਾਬਲੋਂ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ”, “ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ” ਜਾਂ “ਜੇ ਸਕਤਾ ਸਕਤੇ ਕੋ ਮਾਰੇ ਤਾ ਮਨਿ ਰੋਸ ਨ ਹੋਈ॥ ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥” ਬੋਲ ਹੁਣ ਆਪਣੀ ਹੋਂਦ ਭੁੱਲਣ ਲਈ ਤਿਆਰ ਨੇ। ਬਾਬਰ ਕਾਬਲੋਂ ਨਹੀਂ ਆਉਂਦਾ, ਸਗੋਂ ਆਪਣੇ ਹੀ ਮਿੱਤਰ ਬਣ ਕੇ ਦੁਸ਼ਮਣੀ, ਜੁਲਮ, ਤਸ਼ੱਦਦ, ਅਨਿਆਂ ਅਤੇ ਜਬਰ ‘ਤੇ ਅਜਿਹੇ ਉਤਾਰੂ ਨੇ ਕਿ ਸਿੱਖ ਕਹਿਣ ਲੱਗਿਆਂ ਵੀ ਸ਼ਰਮਸ਼ਾਰ ਹੋਈਦਾ। ਖੁਦ ਨੂੰ ਇਸ ਭਾਈਚਾਰੇ ਦਾ ਹਿੱਸਾ ਹੋਣ ‘ਤੇ ਨਮੋਸ਼ੀ। ਜਦ ਆਪਣੇ ਹੀ ਆਪਣਿਆਂ ਦਾ ਮਰਸੀਆ ਪੜ੍ਹਦੇ ਹੋਣ, ਸਿਵਾ ਸੇਕਣ ਲਈ ਮਜਬੂਰ ਕਰ ਦੇਣ ਜਾਂ ਸਾਹਾਂ ਨੂੰ ਸੰਤਾਪ ਦੀ ਭੱਠੀ ਬਣਾ ਦੇਣ ਤਾਂ ਦੋਖੀਆਂ ਦੀ ਪਛਾਣ ਸਹਿਜੇ ਹੀ ਹੋ ਜਾਂਦੀ। ਭੀਖ ਮੰਗਣ ਤੋਂ ਸ਼ਰਮਿੰਦਾ ਹੋਣ ਵਾਲੇ ਸਿੱਖਾਂ ਨੂੰ ਸਮੇਂ ਦੇ ਅਹਿਲਕਾਰਾਂ ਨੇ ਮੰਗਤੇ, ਹੀਣੇ ਤੇ ਬੌਣੇ ਬਣਾ ‘ਤਾ। ਮਰ ਗਈ ਏ ਗੈਰਤ। ਬੇਅਣਖੀ ਕੌਮ ਆਪਣੀ ਕਬਰ ਖੁਦ ਪੁੱਟਣ ਲਈ ਜਿੰਮੇਵਾਰ। ਅਜਿਹਾ ਹੀ ਅੱਜ ਕੱਲ ਤੇਰੀ ਜਨਮ ਭੋਂ ‘ਤੇ ਹੋ ਰਿਹਾ ਏ, ਜਿਸ ‘ਚੋਂ ਨਿਜਾਤ ਪਾਉਣ ਲਈ ਕੋਈ ਲੋਅ ਨਜ਼ਰ ਨਹੀਂ ਆ ਰਹੀ, ਕਿਉਂਕਿ ਚਾਰੇ ਪਾਸੇ ਏ ਅੰਧੇਰ-ਨਗਰੀ। ਅਦਲੀ ਰਾਜਾ, ਗਿਆਨ-ਵਿਹੂਣੀ ਤੇ ਅੰਧੀ ਰਈਅਤ ਨੂੰ ਕੁਰਾਹੇ ਪਾਉਣ ਤੇ ਨਿੱਜੀ ਮੁਫਾਦ ਦੀ ਪੂਰਤੀ ਲਈ ਵਰਤਣ ਵਿਚ ਕੋਈ ਕਸਰ ਨਹੀਂ ਛੱਡ ਰਿਹਾ।

ਭਾਈ ਗੁਰਦਾਸ ਦੇ ਬੋਲ ‘ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਇਆ’ ਤਾਂ ਵੈਰਾਗ-ਹਿੱਚਕੀ ਬਣ ਕੇ ਰਹਿ ਗਏ ਨੇ। ਜੁਲਮ ਨੂੰ ਲਲਕਾਰਨ ਵਾਲੀਆਂ ਕਲਮਾਂ ਕੁਝ ਤਾਂ ਖਾਮੋਸ਼ ਹੋ ਗਈਆਂ, ਕੁਝ ਜੀ-ਹਜ਼ੂਰ ਹੋ ਗਈਆਂ ਅਤੇ ਕੁਝ ਖਾਮੋਸ਼ ਕਰ ਦਿਤੀਆਂ ਗਈਆਂ। ਕਲਮ ਹੀ ਨਾ ਰਹੇ ਤਾਂ ਕਿਹੜੇ ਹਰਫ ਬਾਬਰ ਲਈ ਵੰਗਾਰ ਬਣਨਗੇ ਅਤੇ ਕਿਨ੍ਹਾਂ ਰਾਹੀਂ ਸਮਿਆਂ ਦਾ ਦੁੱਖ, ਦਰਦ, ਵੈਣ, ਕੀਰਨੇ ਅਤੇ ਅਲਾਹੁਣੀਆਂ ਨੂੰ ਉਲਥਾਇਆ ਜਾਵੇਗਾ? ਹੁਣ ਤਾਂ ਸਿਰਫ ਖਾਮੋਸ਼ੀ ਹੀ ਹੈ, ਜੋ ਚੁੱਪ ਦੀ ਅਵਾਜ਼ ਬਣ ਕੇ ਚੌਗਿਰਦੇ ਵਿਚ ਬੇਗਾਨਗੀ ਦੀ ਜੂਨ ਹੰਢਾਉਣ ਲਈ ਮਜਬੂਰ ਏ। ਕੋਈ ਨਹੀਂ ਉਸ ਦੀ ਹੂਕ ਸੁਣਨ ਲਈ ਤਿਆਰ? ਹਰੇਕ ਹੈ ਮਾਨਸਿਕ ਤੌਰ ‘ਤੇ ਬਿਮਾਰ। ਫਿਰ ਕੌਣ ਲਵੇਗਾ ਸਮਾਜਕ ਅਲਾਮਤਾਂ ਦੀ ਸਾਰ?

ਹੇ ਨਾਨਕ! ‘ਗਲੀਂ ਅਸੀ ਚੰਗੀਆ ਅਚਾਰੀ ਬੁਰੀਆਹ...’ ਰਾਹੀਂ ਮਨੁੱਖੀ ਮਨ ਦੀਆਂ ਤਹਿਆਂ ਫਰੋਲ ਕੇ ਉਨ੍ਹਾਂ ਵਿਚਲਾ ਕੁਸੱਤ, ਕਮੀਨਗੀ ਅਤੇ ਕੁਹਜ ਨੂੰ ਜੱਗ-ਜਾਹਰ ਕਰਨ ਵਾਲਿਆ, ਅਸੀਂ ਤਾਂ ਪਰਤਾਂ ਵਿਚ ਜਿਉਣਾ ਸਿੱਖ ਲਿਆ ਏ। ਅਸੀਂ ਮੌਕੇ ਵੇਖ ਕੇ ਗਿਰਗਿਟ ਵਾਂਗ ਰੰਗ, ਲਿਬਾਸ, ਬੋਲ ਅਤੇ ਅੰਦਾਜ਼ ਬਦਲਣ ਦੇ ਮਾਹਰ ਹੋ ਗਏ ਹਾਂ। ਸਾਨੂੰ ਤੇਰੀ ਇਸ ਸਿਖਿਆ ਨਾਲ ਕੋਈ ਸਰੋਕਾਰ ਨਹੀਂ, ਕਿਉਂਕਿ ਆਪਣੇ ਨਿੱਜ ਨੂੰ ਪਹਿਲ ਦੇਣੀ, ਰੋਬੋਟ ਵਾਂਗ ਭਾਵਹੀਣ ਹੋਣਾ, ਗੈਰਤ ਵੇਚਣਾ, ਜ਼ਮੀਰ ਦੀ ਬੋਲੀ ਲਾਉਣੀ ਜਾਂ ਖੁਦ ਹੀ ਚੌਰਾਹੇ ਜਾ ਕੇ ਆਪਣੀ ਨਿਲਾਮੀ ਲਾਉਣਾ, ਆਮ ਵਰਤਾਰਾ ਏ। ਦਿਖਾਵੇ ਦੇ ਤਾਂ ਸਿੱਖ ਹਾਂ, ਪਰ ਅਸੀਂ ਅ-ਸਿੱਖ ਹਾਂ। ਜ਼ਹਿਨੀਅਤ ਹੈ ਜਿਨ੍ਹਾਂ ਦੀ ਬਿਮਾਰ। ਤੇਰੇ ਬੋਲ 500 ਸਾਲ ਪਹਿਲਾਂ ਵੀ ਸੱਚੇ ਸਨ ਅਤੇ ਹੁਣ ਵੀ ਬਿਲਕੁਲ ਸੱਚੇ। ਬਦਲਿਆ ਤਾਂ ਕੁਝ ਵੀ ਨਹੀਂ। ਸਿਰਫ ਸਾਲ ਅਤੇ ਕੈਲੰਡਰ ਬਦਲੇ ਨੇ।

ਹੇ ਬਾਬਾ ਨਾਨਕ! ਤੇਰੇ ਬਾਣੀ-ਬੋਲਾਂ “ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ...” ਦੀ ਰੂਹ ਕੁਰਲਾਉਂਦੀ ਹੋਵੇਗੀ ਕਿ ਤੇਰੇ ਹੀ ਵਾਰਸਾਂ ਨੇ ਹਵਾ ਪ੍ਰਦੂਸ਼ਿਤ ਕਰ ਦਿਤੀ ਏ, ਪਾਣੀ ਨੂੰ ਪਲੀਤ ਕਰ ਦਿਤਾ ਏ ਅਤੇ ਧਰਤ ਕੀਟਨਾਸ਼ਕਾਂ ਤੇ ਖਾਦਾਂ ਨਾਲ ਜ਼ਹਿਰੀਲੀ ਕਰ ਦਿਤੀ ਏ। ਹੁਣ ਖੇਤਾਂ ਵਿਚ ਖੁਦਕੁਸ਼ੀਆਂ ਦੀ ਫਸਲ ਉਗਦੀ ਏ। ਦਰਿਆ ਬਰੇਤੇ ਬਣ ਗਏ ਨੇ ਅਤੇ ਸਿਸਕਦੀ ਏ ਪੌਣ। ਤੇਰੀ ਸੁਮੱਤ ਨੂੰ ਭੁਲਾ ਕੇ ਕੁਮੱਤ ਦਾ ਸ਼ਿਕਾਰ ਹੋਏ ਤੇਰੇ ਵਾਰਸਾਂ ਤੋਂ ਤੇਰੇ ਬੋਲਾਂ ‘ਤੇ ਪਹਿਰੇ ਦੀ ਆਸ ਕਿਵੇਂ ਰੱਖੀ ਜਾ ਸਕਦੀ ਏ? ਅਜਿਹੇ ਵਾਰਸਾਂ ਨੂੰ ਦੱਸ ਕੀ ਕਹਾਂ? ਪੀੜਤ ਮਨ ਤੇਰੇ ਬਾਣੀ ਬੋਲਾਂ ਦੀ ਦੁਹਾਈ ਦਿੰਦਾ ਕੂਕਦਾ ਏ “ਰੁੰਡ-ਮਰੁੰਡ ਰੁੱਖ, ਬੰਜਰ ਕੁੱਖ, ਬੇਗੈਰਤ ਮਨੁੱਖ ਅਤੇ ਉਹ ਪੁੱਛਦੇ ਨੇ ਪੰਜਾਬ ਨੂੰ ਕਿਹੜਾ ਏ ਦੁੱਖ?”

ਹੇ ਬਾਬਾ ਨਾਨਕ! ਤੂੰ “ਤਖਤ ਬਹੈ ਤਖਤੇ ਕੇ ਲਾਇਕ...” ‘ਤੇ ਪਹਿਰਾ ਦਿਤਾ। ਪੁੱਤਰ ਮੋਹ ਨੂੰ ਨਕਾਰ ਕੇ ਭਾਈ ਲਹਿਣਾ ਨੂੰ ਗੁਰਗੱਦੀ ਬਖਸ਼ੀ ਤਾਂ ਕਿ ਉਹ ਸਿੱਖੀ ਦੀ ਵਿਚਾਰਧਾਰਾ ਨੂੰ ਉਸ ਸੰਦਰਭ ਵਿਚ ਲੋਕਾਈ ਤੀਕ ਪਹੁੰਚਾ ਸਕੇ, ਜੋ ਤੂੰ ਪਹੁੰਚਾਈ ਸੀ। ਇਹ ਤੁਹਾਡੀ ਦਿੱਭ-ਦ੍ਰਿਸ਼ਟੀ ਅਤੇ ਭਵਿੱਖ ਮੁਖੀ ਸੋਚ ਦਾ ਪ੍ਰਤਾਪ ਹੀ ਸੀ ਕਿ ਸਿੱਖ ਧਰਮ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਬਣ ਕੇ ਸਮੁੱਚੀ ਮਨੁੱਖਤਾ ਨੂੰ ਪ੍ਰਭਾਵਿਤ ਕਰ ਰਿਹਾ ਏ, ਪਰ ਹੁਣ ਤਾਂ ਤਖਤਾਂ ਤੇ ਗੱਦੀਆਂ ਦੀ ਵਸੀਅਤ ਹੁੰਦੀ। ਇਹ ਵਸੀਅਤਨਾਮਾ ਪੀੜ੍ਹੀ ਦਰ ਪੀੜ੍ਹੀ ਕਾਇਮ ਏ। ਕੌਣ ਜਾਣਦਾ ਏ ਲਿਆਕਤ, ਯੋਗਤਾ, ਗਿਆਨ ਜਾਂ ਸਮਰੱਥਾ ਨੂੰ। ਸਿਰਫ ਗਲਬਾ ਕਾਇਮ ਕਰਨ ਲਈ ਤਖਤ ਤੇ ਗੱਦੀਆਂ ਵਰਤੀਆਂ ਜਾ ਰਹੀਆਂ ਨੇ। ਇਸ ਵਿਚੋਂ ਕਿਹੜੀ ਚੰਗਿਆਈ ਤੇ ਸੁਚੱਜ ਦੀ ਆਸ ਰੱਖੋਗੇ? ਕਿਹੜੇ ਦਾਅਵਿਆਂ ਦੀ ਪੂਰਤੀ ਹੋਵੇਗੀ? ਕਿਸ ਤਰ੍ਹਾਂ ਦੀ ਲੋਕ-ਭਲਾਈ ਨੂੰ ਤਰਜ਼ੀਹ ਦੇਵੋਗੇ? ਕਿਹੜੇ ਸਮਾਜ ਜਾਂ ਧਰਮ ਨੂੰ ਉਚੇਰੀਆਂ ਬੁਲੰਦੀਆਂ ਤੀਕ ਪਹੁੰਚਾਉਣ ਅਤੇ ਦਿੱਖ ਨੂੰ ਰੁਸ਼ਨਾਉਣ ਲਈ ਮਨ-ਚਾਹਨਾ ਪੈਦਾ ਹੋਵੇਗੀ? ਨਿੱਜੀ ਮੁਫਾਦ ਤੀਕ ਸੀਮਤ ਹੋ ਗਈ ਸੋਚ ਵਿਚੋਂ ਕਿਸੇ ਚੰਗਿਆਈ ਦੀ ਆਸ ਰੱਖਣਾ ਬੇਥਵਾ ਤੇ ਬੇਲੋੜਾ। ਅਸੀਂ ਅਜਿਹੀ ਮਾਨਸਿਕਤਾ ਦੇ ਸ਼ਿਕਾਰ। ਆਮ ਸਿੱਖ ਭੁਗਤ ਰਿਹਾ ਏ ਚੌਧਰੀਆਂ ਦੀ ਨਾਕਾਮੀ, ਬਦਨਾਮੀ ਅਤੇ ਬੇਗੈਰਤਾ ਦਾ ਖਮਿਆਜ਼ਾ।

ਹੇ ਬਾਬਾ ਨਾਨਕ! ਮੈਨੂੰ ਪਤਾ ਹੈ ਕਿ ਬਹੁਤੇ ਸਿੱਖ ਤੇਰੇ ਗੁਣਗਾਨ ਕਰ ਰਹੇ ਨੇ। ਇਸ ਵਿਚੋਂ ਹੀ ਬਹੁਤ ਸਾਰਿਆਂ ਦੀ ਰੋਜ਼ੀ-ਰੋਟੀ ਦਾ ਜੁਗਾੜ ਜੁ ਬਣਦਾ, ਕਿਉਂਕਿ ਹੁਣ ਗੁਰਬਾਣੀ ਵਿੱਕ ਰਹੀ ਏ, ਕੀਰਤਨ ਵਿਕਾਊ ਏ ਅਤੇ ਧਰਮ-ਪ੍ਰਚਾਰ ਮੁੱਲ ਦਾ ਏ। ਸੱਚ ਨੂੰ ਸੱਚ ਕਹਿਣ ਅਤੇ ਸੱਚ ਜਿਉਣ ਦੀ ਜੁਅਰਤ ਨਹੀਂ। ਅਜਿਹੇ ਵਕਤਾਂ ਵਿਚ ਤੇਰੀ ਬਾਣੀ ਦੇ ਕਠੋਰ ਸੱਚ ਦਾ ਜੁਰਅਤੀ ਅੰਦਾਜ਼ ਅਤੇ ਧਰਮ ਦੇ ਠਾਕਰਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਹਿੰਮਤ ਕਿਸ ਕੋਲ ਏ? ਜਦ ਲੋਕਾਂ ਨੂੰ ਨਿਤਾਣੇ, ਨਿਮਾਣੇ, ਖੁਦਗਰਜ਼, ਬੇਗੈਰਤ ਬਣਾ ਦਿਤਾ ਜਾਵੇ ਤਾਂ ਲੋਕਾਂ ਦਾ ਇਕੱਠ ਗੂੰਗਾ ਹੀ ਹੁੰਦਾ।

ਕਲਮ ਦੀ ਕੂਕ, ਫਿਜਾ ਨੂੰ ਵਾਸਤਾ ਪਾਉਂਦੀ ਏ,

ਹੇ ਬਾਬਾ ਨਾਨਕ!
ਤੂੰ ਗੁੰਮ ਏਂ
ਸਾਡੇ ਬੋਲਾਂ ਵਿਚੋਂ
ਹਰਫਾਂ ਵਿਚੋਂ
ਅਰਥ-ਅਰਾਧਨਾ ਵਿਚੋਂ
ਸਾਡੀ ਸੋਚ ‘ਚੋਂ
ਕਰਮ-ਸਾਧਨਾ ਵਿਚੋਂ
ਤੇ ਧਰਮ-ਆਸਥਾ ਵਿਚੋਂ।

ਤੂੰ ਗੁੰਮ ਏਂ
ਦ੍ਰਿਸ਼ਟੀ ਵਿਚੋਂ
ਸੁਹਜ-ਸੰਵੇਦਨਾ ਵਿਚੋਂ
ਤਰਕਸੰਗਤਾ ਵਿਚੋਂ
ਸੰਜੀਦਗੀ ਵਿਚੋਂ
ਤੇ ਸੁਪਨ-ਸੰਸਾਰ ਵਿਚੋਂ।

ਤੂੰ ਤਾਂ ਖਾਮੋਸ਼ ਹੋ ਜਾਂਦਾ
ਜਦ ਅਸੀਂ ਤੈਨੂੰ ਭਾਲਦੇ
ਮੁਖੌਟਿਆਂ ਵਿਚ
ਵੇਸਾਂ ਵਿਚ
ਭੇਖਾਂ ਵਿਚ
ਸਤਹੀ ਉਪਦੇਸ਼ਾਂ ਵਿਚ
ਤੇ ਸੰਗਮਰਮਰੀ ਅਸਥਾਨਾਂ ਵਿਚ।

ਸਾਨੂੰ ਤਾਂ ਚੇਤਾ ਹੀ ਨਹੀਂ ਰਿਹਾ
ਕਿ ਤੂੰ ਤਾਂ ਵੱਸਦਾ ਏਂ
ਝੁੱਗੀਆਂ ਵਿਚ
ਚੀਥੜੇ ਲਿਬਾਸ ਵਿਚ
ਖੁਰਦਰੇ ਹੱਥਾਂ ‘ਚ
ਬਿਆਈਆਂ ਵਾਲੇ ਪੈਰਾਂ ‘ਚ
ਸੱਚ-ਸੰਵੇਦਨਾ ‘ਚ
ਹੱਡੀਂ ਉਕਰੇ ਸੱਚ ‘ਚ
ਤੇ ਵੇਈਂ ਦੇ ਪਾਣੀਆਂ ਵਿਚ।

ਹੇ ਬਾਬਾ ਨਾਨਕ!
ਸਾਨੂੰ ਸੁਮੱਤ ਦੇ ਕਿ
ਖੁਦ ਦੇ ਰੂਬਰੂ ਹੋਈਏ
ਨਾਨਕ-ਮੱਤ ਨੂੰ ਸੋਚ-ਜੂਹੇ ਲਾ
ਨਾਨਕ-ਸੋਚ ਦਾ ਲੜ ਫੜ
ਨਾਨਕ-ਮਾਰਗੀ ਬਣ
ਅੰਤਰੀਵ ਵਿਚਲੇ ਨਾਨਕ ਨੂੰ ਜਗਾਈਏ।

ਹੇ ਬਾਬਾ ਨਾਨਕ! ਹਰਫਾਂ ਰਾਹੀਂ ਸਿੱਖ ਸਮਾਜ ਵਿਚ ਪਏ ਕੁਹਜਾਂ ਨੂੰ ਤੇਰੇ ਸਨਮੁੱਖ ਕਰਦਿਆਂ ਸ਼ਾਇਦ ਸ਼ਬਦਾਂ ਨੂੰ ਤਲਖ ਹੋਣਾ ਪਿਆ। ਇਹ ਤਾਂ ਹੋਣਾ ਹੀ ਸੀ ਕਿਉਂਕਿ ਕਿੰਨਾ ਕੁ ਚਿਰ ਇਨ੍ਹਾਂ ਸ਼ਬਦਾਂ ਵਿਚਲੀ ਸੰਵੇਦਨਾ ਨੂੰ ਸੁਲਘਦਾ ਰੱਖਦਾ। ਆਖਰ ਇਸ ਨੂੰ ਵੀ ਰਾਹਤ ਚਾਹੀਦੀ ਏ। ਇਸ ਲਈ ਮੇਰਾ ਮਨ, ਤੇਰੇ ਨਾਲ ਦੁੱਖ-ਸੁੱਖ ਫਰੋਲਣ ਦਾ ਸੀ। ਮਨ ਦੀਆਂ ਤਹਿਆਂ ਫਰੋਲ ਕੇ ਕੁਝ ਰਾਹਤ ਮਿਲੀ ਏ। ਉਮੀਦ ਹੈ ਕਿ ਤੁਸੀਂ ਅਜੋਕੇ ਕੁਸੈਲੇ ਸੱਚ ਨੂੰ ਸਮਝ ਕੇ, ਮਾਨਵੀ ਬਿਰਤੀ ਵਿਚ ਕੁਝ ਚੰਗੇਰਾ ਕਰਨ, ਜੁਗਤ ਬਣਾਉਣ ਅਤੇ ਹਰਫਾਂ ਵਿਚੋਂ ਸੂਹੇ ਅਰਥ ਉਗਾਉਣ ਦੀ ਅਰਾਧਨਾ ਨੂੰ ਉਤੇਜਿਤ ਕਰਦੇ ਰਹੋਗੇ ਤਾਂ ਕਿ ਸੱਚ ਹਮੇਸ਼ਾ ਜਿਉਂਦਾ ਰਹਿਣਾ ਏ। ਹੁਣ ਤਾਂ ਕਲਮ ਇਹ ਕੂਕਣ ਲਈ ਮਜਬੂਰ ਹੈ,
ਸਿੱਖਾਂ ਦਾ ਗੁਰੂ ਅਤੇ ਮੁਸਲਮਾਨਾਂ ਲਈ ਪੀਰ,
ਆਓ, ਲੱਭੀਏ ਸਭ ਦਾ ਨਾਨਕ ਸ਼ਾਹ ਫਕੀਰ?

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.














GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648



**ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਊਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਚੌਕੀਦਾਰੀ, ਕਲੱਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫ੍ਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ,ਸਾਹਿਤ ਟ੍ਰੱਸਟ ਢੁੱਡੀਕੇ ਦੀ ਸਥਾਪਤੀਤੇ ਹੋਰ ਕਈ ਕੁਝ ਕਰਨ ਦੇ ਨਾਲਮੁਹੱਬਤ ਵੀ ਕੀਤੀ। ਉਹਦੇ ਗਰਾਈਂ ਪ੍ਰਿੰ.ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੇਸ਼ ਹੈ ਕੰਵਲ ਦਾ ਮੁਹੱਬਤਨਾਮੇ ਵਾਲਾ ਕਾਂਡ। ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਛਾਪੀ ਹੈ ਜਿਨ੍ਹਾਂ ਦਾ ਫੋਨ 01191-98729-89313 ਹੈ।**

# ਕੰਵਲ ਦਾ ਮੁਹੱਬਤਨਾਮਾ-5



-ਪ੍ਰਿੰ. ਸਰਵਣ ਸਿੰਘ-

ਜਦ ਉਪਰੋਥਲੀ ਕੁੜੀਆਂ ਜੰਮਦੀਆਂ ਹੋਣ ਤਾਂ ਪਰਿਵਾਰ ਨੂੰ ਹੀ ਨਹੀਂ ਆਲੇ ਦੁਆਲੇ ਨੂੰ ਵੀ ਵਾਰਸ ਦਾ ਫਿਕਰ ਪੈ ਜਾਂਦਾ ਹੈ। ਖ਼ਾਸ ਕਰਕੇ ਜੱਟ ਕਿਸਾਨੀ ਸਮਾਜ ਵਿਚ ਤਾਂ ਵਾਰਸ ਬਗੈਰ ਪੀੜ੍ਹੀ ਅਗਾਂਹ ਵਧ ਹੀ ਨਹੀਂ ਸਕਦੀ। ਸੋ ਇਸ ਹਾਲਤ ਵਿਚ ਪਰਿਵਾਰ ਅਤੇ ਆਲੇ ਦੁਆਲੇ ਤੇ ਕਈ ਵਾਰ ਪਤਨੀ ਵੱਲੋਂ ਵੀ ਮਰਦ ਉਤੇ ਦੂਜਾ ਵਿਆਹ ਕਰਵਾਉਣ ਦਾ ਦਬਾਅ ਪੈਣਾ ਸ਼ੁਰੂ ਹੋ ਜਾਂਦਾ ਹੈ। ਕਈ ਵਾਰ ਤਾਂ ਪਤਨੀ ਹੀ ਆਪਣੀ ਕੁਆਰੀ ਭੈਣ, ਉਹ ਭਾਵੇਂ ਉਸ ਦੇ ਪਤੀ ਤੋਂ ਕਾਫੀ ਛੋਟੀ ਉਮਰ ਦੀ ਹੋਵੇ, ਦਾ ਸਾਕ ਆਪਣੇ ਹੀ ਘਰ ਲੈ ਆਉਂਦੀ ਹੈ।''

ਰਾਹੀ ਦੇ ਤਰਕ ਨਾਲ ਇਕ ਹੋਰ ਤਰਕ ਵੀ ਸੀ। ਜਸਵੰਤ ਸਿੰਘ ਕੰਵਲ ਪਿੰਡ ਦਾ ਸਾਧਾਰਨ ਬੰਦਾ ਨਹੀਂ ਸੀ। ਸਰਦਾ ਪੁੱਜਦਾ ਜ਼ਿਮੀਦਾਰ ਹੋਣ ਦੇ ਨਾਲ ਪ੍ਰਸਿਧ ਲੇਖਕ ਤੇ ਸਰਪੰਚ ਵੀ ਸੀ। ਇਲਾਕੇ ਦਾ ਮੰਨਿਆ ਦੰਨਿਆ ਮੋਹਤਬਰ ਸੀ। ਮੁਖਤਿਆਰ ਕੌਰ ਨੂੰ ਮਾਣ ਸੀ ਕਿ ਉਹ ਉਹਦਾ ਪਤੀ ਹੈ। ਉਹਦਾ ਪਤੀ ਮਾੜੀ ਮੋਟੀ ਵਧੀਕੀ ਪੁਗਾਉਣ ਦੀ ਹੈਸੀਅਤ ਵਿਚ ਸੀ। ਮੁਖਤਿਆਰ ਕੌਰ ਤਾਂ ਵੱਡੀ ਵਧੀਕੀ ਵੀ ਸਹਿ ਜਾਣ ਵਾਲੀ ਪਤਨੀ ਸੀ। ਅਜਿਹੀ ਸਹਿਨਸ਼ੀਲਤਾ ਨੂੰ ਸਮਾਜ ਵਿਚ ਸਲਾ-ਹਆ ਵੀ ਜਾਂਦਾ ਸੀ। ਜਿਹੜੀ ਔਰਤ ਆਪਣੇ ਖਾਵੰਦ ਦੇ ਪਰਦੇ ਢਕੇ ਉਹ ਸਚਿਆਰੀ ਸਮਝੀ ਜਾਂਦੀ ਸੀ।

ਮੈਂ ਬਹੁਤ ਸਾਰਾ ਸਮਾਂ ਢੁੱਡੀਕੇ ਰਿਹਾਂ ਪਰ ਕਦੇ ਮੁਖਤਿਆਰ ਕੌਰ ਨੂੰ ਉੱਚੀ ਬੋਲਦੇ ਜਾਂ ਕਿਸੇ ਨਾਲ ਝਗੜਦੀ ਨਹੀਂ ਵੇਖਿਆ। ਉਹਦੀ ਸਹਿਨਸ਼ੀਲਤਾ ਵੀ ਕੰਵਲ ਨੂੰ ਸ਼ਹਿ ਸੀ ਕਿ ਬਾਹਰ ਜੋ ਕਰਦਾ ਹੈ ਕਰੀ ਜਾਵੇ ਪਰ ਪਤਾ ਨਾ ਲੱਗਣ ਦੇਵੇ।

ਬੇਸ਼ਕ ਬਾਹਰੋ ਬਾਹਰ ਕੰਵਲ ਤੇ ਜਸਵੰਤ ਗਿੱਲ ਨੇ 'ਵਿਆਹ' ਕਰ ਲਿਆ ਸੀ ਪਰ ਕਿਸੇ ਨੂੰ ਪਤਾ ਨਹੀਂ ਸੀ ਲੱਗਣ ਦਿੱਤਾ। ਪਤਾ ਤਾਂ ਨਾਲ ਰਹਿੰਦੀ ਜਸਵੰਤ ਗਿੱਲ ਦੀ ਬੇ ਜੀ ਨੂੰ ਵੀ ਨਹੀਂ ਸੀ ਲੱਗਾ। ਏਧਰ ਢੁੱਡੀਕੇ ਤਾਂ ਕਿਸੇ ਨੂੰ ਕੀ ਪਤਾ ਲੱਗਣਾ ਸੀ?

ਇਕ ਹੋਰ ਗੱਲ ਵੀ ਸੀ। ਕੰਵਲ ਨੇ ਕੁੜੀਆਂ ਵਿਆਹੁਣੀਆਂ ਸਨ। ਇਹ ਬੜੀ ਵੱਡੀ ਜ਼ਿੰਮੇਵਾਰੀ ਸੀ। ਜੇਕਰ ਉਹਦੇ ਬਾਹਰੀ ਪਿਆਰ ਸੰਬੰਧਾਂ ਦੀ ਪੋਲ ਖੁੱਲ੍ਹ ਜਾਂਦੀ ਤਾਂ ਬਦਨਾਮੀ ਦੇ ਨਾਲ ਬੱਚਿਆਂ ਲਈ ਰਿਸ਼ਤੇ ਲੱਭਣ ਵਿਚ ਵੀ ਵਿਘਨ ਪੈਣਾ ਸੀ। ਡਾ. ਜਸਵੰਤ ਗਿੱਲ ਨੂੰ ਆਪਣੀ ਬੇ ਜੀ ਦਾ ਫ਼ਿਕਰ ਸੀ ਤੇ ਕੰਵਲ ਨੂੰ ਧੀਆਂ ਦਾ ਫਿਕਰ ਸੀ। ਦੋਹਾਂ ਨੂੰ ਬਚ ਬਚਾਅ ਕੇ ਹੀ ਚੱਲਣਾ ਪੈਣਾ ਸੀ। ਪੰਜਾਬ ਕੋਈ ਪੱਛਮੀ ਮੁਲਕ ਤਾਂ ਹੈ ਨਹੀਂ ਸੀ ਕਿ ਜਿੰਨੇ ਮਰਜ਼ੀ ਇਸ਼ਕ ਕਰੀ ਚੱਲੋ ਤੇ ਜਿੰਨੇ ਮਰਜ਼ੀ ਵਿਆਹ ਤੇ ਤਲਾਕ ਕਰੀ ਚੱਲੋ। ਜਿਨ੍ਹਾਂ ਸਤਿਥੀਆਂ ਵਿਚ ਕੰਵਲ ਤੇ ਜਸਵੰਤ ਗਿੱਲ ਇਸ਼ਕ ਫੁਰਮਾਅ ਰਹੇ ਅਤੇ ਵਿਆਹ ਕਰ ਸਕੇਤੇ ਬਦਨਾਮੀ ਤੋਂ ਵੀ ਬਚੇ ਰਹੇ, ਉਹ ਆਪਣੀ ਮਿਸਾਲ ਆਪ ਹੈ। ਆਪਣੀ ਤਰ੍ਹਾਂ ਦੀ ਕਲਾਕਾਰੀ ਹੈ!


ਜਦੋਂ ਤਕ ਧੀਆਂ ਦੇ ਵਿਆਹ ਨਾ ਕਰ ਲਏ ਕੰਵਲ ਨੇ ਜਸਵੰਤ ਗਿੱਲ ਨੂੰ ਢੁੱਡੀਕੇ ਨਹੀਂ ਸੀ ਵਸਾਇਆ ਜਾਂ ਕਹਿ ਲਓ ਜਸਵੰਤ ਗਿੱਲ ਨੇ ਆਪ ਹੀ ਢੁੱਡੀਕੇ ਵਸਣਾ ਮੁਨ-ਾਸਿਬ ਨਹੀਂ ਸੀ ਸਮਝਿਆ।

ਕੰਵਲ ਨੇ ਲਿਖਿਆ ਹੈ ਕਿਇਕ ਦਿਨ ਸੂਰਜਪੁਰ ਤੋਂ ਪੱਤਰ ਮਿਲਿਆ:

''ਮੈਂ ਦੁਪਹਿਰ ਦੀ ਡਿਊਟੀ ਭੁਗਤਾ ਕੇ ਆ ਰਹੀ ਆਂ। ਅਜੀਤਵਾਲ ਰੇਲਵੇ ਸਟੇਸ਼ਨ ਤੋਂ ਦਿਨ ਛਿਪਦੇ ਕਰਦੇ ਨੂੰ ਹੱਥ ਆ ਫੜੀਂ; ਨਹੀਂ ਡਿਗ ਪਵਾਂਗੀ। ਟਰੇਨ ਦੇ ਬੂਹੇ ਤੋਂ ਮੈਂ ਵੇਖਾਂ, ਤੁਸੀਂ ਠੀਕ ਸਟੇਸ਼ਨ ਦੇ ਸਾਹਮਣੇ ਖਲੋਤੇ ਹੋਵੋ।''

ਚਿੱਠੀ ਘੱਟ ਚਿਤਾਵਨੀ ਬਹੁਤੀ ਸੀ। ਰੱਬਾ! ਤੇਰੀਆਂ ਕੁਦਰਤਾਂ। ਸੋਚਿਆ, ਇਹਨੂੰ ਕੀ ਝੱਲ ਉੱਠ ਪਿਆ? ਹਾਲੇ ਥੋੜ੍ਹੇ ਹੀ ਦਿਨ ਹੋਏ ਸਨ ਉਸ ਕੋਲੋਂ ਆਏ ਨੂੰ। ਬਈ ਜੇ ਮਨ ਬਹਿਬਲ ਹੋ ਤੁਰੇ, ਦਿਲ ਵਿਚਾਰਾ ਕੀ ਕਰੇ। ਸ਼ਾਮ ਨਾਲ ਠੰਢੀ ਰਿਵੀ ਸਹਿਜ ਸਹਿਜ ਆਪਣੇ ਪਰ ਖਿਲਾਰ ਰਹੀ ਸੀ। ਬਜਰੀਲੇ ਪਲੇਟਫ਼ਾਰਮ 'ਤੇ ਮੈਂ ਇਕ ਚੱਕਰ ਲਾਇਆ। ਦੇਖਿਆ, ਜਗਰਾਵਾਂ ਵਾਲੇ ਪਾਸੇ ਦਾ ਸਿਗਨਲ ਹੋ ਗਿਆ ਏ। ਮੈਂ ਗੱਡੀ ਦੀ ਉਡੀਕ ਵਿਚ ਮੁਸਕਾ ਪਿਆ। ਪਿਆਰ ਆਪਣੀ ਆਈ 'ਤੇ ਆਇਆ ਕਰਾਮਾਤ ਜਾਂ ਅਵੱਲਾ ਚਮਤਕਾਰ ਜ਼ਰੂਰ ਕਰਦਾ ਏ...।

''ਜਦੋਂ ਉੱਖਲੀ ਵਿਚ ਸਿਰ ਆਣ ਦਿੱਤਾ, ਫਿਰ ਉਸ ਦੇ ਧਸਕਾਰ ਤੋਂ ਕਿਹਾ ਡਰਨਾ?''




ਅਨ੍ਹੇਰਾ ਵਾਹਵਾ ਹੋ ਗਿਆ ਸੀ। ਜਿਹੜਾ ਰਾਹ ਇਕ ਘੰਟੇ ਵਿਚ ਸੁਖਾਲਿਆਂ ਤੈਹ ਹੋ ਜਾਂਦਾ ਸੀ; ਅਸਾਂ ਡੇਢ ਘੰਟੇ ਵਿਚ ਸਹਿਜ ਸਹਿਜ ਮੁਕਾਇਆ ਸੀ। ਪਿੰਡ ਦੀ ਫਿਰਨੀ ਤੁਰਦੇ ਅਸੀਂ ਚੜ੍ਹਦੇ ਪਾਸੇ ਘਰ ਦੇ ਦਰ ਅੱਗੇ ਆ ਗਏ। ਵੱਡੇ ਬਾਰ ਦਾ ਇਕ ਤਖ਼ਤਾ ਖੁੱਲ੍ਹਾ ਸੀ। ਵਿਹੜੇ ਵਿਚ ਬਿਜਲੀ ਬਲ ਰਹੀ ਸੀ। ਪਰ ਚਾਨਣ ਦਲਾਣ ਵਿਚ ਨਹੀਂ ਸੀ ਆ ਰਿਹਾ। ਸਭ ਤੋਂ ਪਹਿਲਾਂ ਮੇਰੇ ਬੇ ਜੀ ਮਿਲੇ। ਮੈਂ ਜਸਵੰਤ ਦੇ ਆਉਣ ਬਾਰੇ ਘਰ ਕਿਸੇ ਨੂੰ ਨਹੀਂ ਦੱਸਿਆ ਸੀ। ਅਚਾਨਕ ਬੇ ਜੀ ਨੇ ਮੇਰੇ ਕੋਲੋਂ ਪੁੱਛ ਲਿਆ, ''ਇਹ ਕੌਣ ਐ ਨਾਲ?''

''ਬੇ ਜੀ, ਇਹ ਤੇਰੀ ਦੂਜੀ ਨੂੰਹ ਐਂ।'' ਮੈਂ ਬਿਨਾਂ ਝਿਜਕ ਕਹਿ ਦਿੱਤਾ। ਬੇ ਜੀ ਨੇ ਝੱਟ ਬਾਹਾਂ ਅੱਡ ਕੇ ਜਸਵੰਤ ਨੂੰ ਬੁੱਕਲ ਵਿਚ ਲੈ ਲਿਆ। ''ਮਾਂ ਸਦਕੇ, ਤੂੰ ਜਿਨ੍ਹਾਂ ਰਾਹਾਂ ਤੋਂ ਆਈ।'' ਉਸ ਇਕ ਵਾਰ ਛੱਡ ਕੇ ਮੁੜ ਘੁੱਟ ਲਿਆ। ''ਤੂੰ ਕਿਥੇ ਸੁੱਤੀ ਰਹੀ ਹੁਣ ਤਕ?'' ਬੇ ਜੀ ਨੇ ਜਸਵੰਤ ਦਾ ਮੱਥਾ ਚੁੰਮ ਲਿਆ। ਜਸਵੰਤ ਨੇ ਢੇਰ ਸਮੇਂ ਪਿੱਛੋਂ ਦੱਸਿਆ ਸੀ, ''ਮੈਂ ਸੋਚ ਨਹੀਂ ਸਕਦੀ ਸੀ, ਬੇ ਜੀ ਐਨੇ ਮੋਹ ਪਿਆਰ ਨਾਲ ਮੈਨੂੰ ਘੁੱਟ ਕੇ ਮਿਲਣਗੇ। ਤੂੰ ਭਾਗਾਂ ਵਾਲਾ ਏ, ਜਿਸ ਕੋਲ ਐਨੀ ਮਿੱਠੀ ਮਾਂ ਹੈ।''

ਅਸੀਂ ਵਰਾਂਡੇ ਵਿਚ ਆ ਗਏ। ਸ੍ਰੀਮਤੀ ਨੂੰ ਡਾ. ਜਸਵੰਤ ਨਾਲ ਮਿਲਾਇਆ। ਉਸ ਸ੍ਰੀਮਤੀ ਨੂੰ ਪੂਰੀ ਅਪਣੱਤ ਨਾਲ ਜੱਫੀ ਵਿਚ ਲੈ ਲਿਆ ਤੇ 'ਸਤਿ ਸ੍ਰੀ ਅਕਾਲ' ਆਖੀ। ਸ੍ਰੀਮਤੀ ਨੇ ਜੇਰਾ ਕਰ ਕੇ ਮੰਨ ਲਈ। ਮੈਂ ਜਸਵੰਤ ਬਾਰੇ ਘਰ ਵਾਲੀ ਨੂੰ ਢੇਰ ਸਮਾਂ ਪਹਿਲੋਂ ਦੱਸ ਚੁੱਕਾ ਸਾਂ। ਉਹ ਮਿਲ ਕੇ ਬਹੁਤੀ ਹੈਰਾਨ ਤਾਂ ਨਾ ਹੋਈ, ਪਰ ਅੰਦਰੋਂ ਸੁੰਗੜ ਜ਼ਰੂਰ ਗਈ। ਜਸਵੰਤ ਬੇ ਜੀ ਦਾ ਹਾਲ ਚਾਲ ਪੁੱਛਣ ਲੱਗ ਪਈ ਤੇ ਮੈਂ ਸ੍ਰੀਮਤੀ ਕੋਲ ਰਸੋਈ ਵਿਚ ਆ ਗਿਆ। ਉਹਦੇ ਅੰਦਰ ਗੜਬੜ ਉਠਣੀ ਜ਼ਰੂਰੀ ਸੀ। ਮੈਂ ਉਸ ਨੂੰ ਸਮਝਾ ਰਿਹਾ ਸਾਂ, ''ਦੇਖ ਮਨ ਖਰਾਬ ਨਾ ਕਰੀਂ।ਵੱਡੇ ਜੇਰੇ ਨਾਲ ਜੀ ਆਇਆਂ ਨੂੰ ਆਖ। ਜੇ ਮੈਂ ਲੇਖਕ ਰਹਿਣਾ ਏ, ਮੈਨੂੰ ਬਰਾਬਰ ਦੇ ਸਾਹਿਤਕ ਹੁੰਗਾਰੇ ਦੀ ਜ਼ਰੂਰੀ ਲੋੜ ਹੈ। ਜਿਹੜਾ ਤੂੰ ਦੇ ਨਹੀਂ ਸਕਦੀ। ਜਸਵੰਤ ਦੀ ਸਾਹਿਤਕ ਸੂਝ ਦੀ ਮੈਨੂੰ ਲੋੜ ਹੈ; ਮਜਬੂਰੀ ਹੈ। ਮੈਂ ਤੇਰੇ ਤੋਂ ਚੋਰੀ ਏਧਰ ਓਧਰ ਝੱਖ ਮਾਰਨ ਨੂੰ ਮਾੜੀ ਗੱਲ ਸਮਝਦਾ ਆਂ... ਮੈਂ ਸ੍ਰੀਮਤੀ ਨੂੰ ਆਪਣੀ ਸਾਹਿਤਕ ਲੋੜ ਦੱਸ ਕੇ ਰਾਜ਼ੀ ਕਰਿਆ ਚਾਹੁੰਦਾ ਸਾਂ। ਪਰ ਉਹ ਮਨ ਹੀ ਮਨ ਚੁੱਪ, ਸੌਂਕਣ ਦੇ ਪੱਖ ਨਾਲ ਘੋਲ ਕਰ ਰਹੀ ਸੀ। ਉਸ ਸਾਰਾ ਗ਼ਿਲਾ ਦਿਲ ਵਿਚ ਘੁੱਟ ਲਿਆ। ਸ਼ਾਇਦ ਉਹ ਭਵਿੱਖ ਦੀ ਚਿੰਤਾ ਬਾਰੇ ਅੰਦਰੇ ਅੰਦਰ ਆਪਾ ਤੋੜ ਰਹੀ ਸੀ...।''

ਸ਼ੀਮਤੀ ਦਾ ਜੁੱਸਾ ਬਾਈਖੋਰਾ ਹੋਣ ਕਾਰਨ ਗੋਡਿਆਂ ਦੀਆਂ ਦਰਦਾਂ ਬੜਾ ਤੰਗ ਕਰਦੀਆਂ ਸਨ। ਕਈ ਸਾਲ ਪਿੱਛੋਂ, ਜਦੋਂ ਡਾ. ਜਸਵੰਤ ਪੱਕੇ ਤੌਰ 'ਤੇ ਢੁੱਡੀਕੇ ਆ ਗਈ; ਦੋਵੇਂ ਘਿਉ ਖਿਚੜੀ, ਹੇਲ ਮੇਲ ਹੋ ਗਈਆਂ। ਜਸਵੰਤ ਨੇ ਮੇਰੇ ਬੱਚਿਆਂ ਨੂੰ ਆਪਣੇ ਹੀ ਸਮਝ ਕੇ ਪਿਆਰ ਉਤਸ਼ਾਹ ਨਾਲ ਭਰ ਦਿੱਤਾ। ਮੈਂ ਆਪਣੀ ਥਾਂ ਬਾਗੋ ਬਾਗ਼। ਸਾਡੀ ਤਕੋਨ ਨੂੰ ਹੋਰ ਕੀ ਚਾਹੀਦਾ ਸੀ? ਬੇ ਜੀ ਤੇ ਜਸਵੰਤ ਆਪਣੇ ਪਿਆਰ ਵਿਚ ਹਰ ਤਰ੍ਹਾਂ ਪਰਸੰਨ ਸਨ। ਮੈਂ ਗੁਰੂ ਦਾ ਸ਼ੁਕਰ ਗੁਜ਼ਾਰ; ਜਿਸ ਸਾਹਿਤਕ ਖੇਤਰ ਵਿਚ ਝੰਡਾ ਗੱਡ ਦਿੱਤਾ।

ਜਸਵੰਤ ਗਿੱਲ ਨੂੰ ਡਾਕਟਰ ਬਣਾਉਣ ਵਿਚ ਉਹਦੇ ਵੱਡੇ ਭਰਾ ਦਾ ਵਿਸ਼ਸ਼ ਯੋਗਦਾਨ ਸੀ। ਉਸ ਦੀ ਅਗੇਤੀ ਮੌਤ ਕਾਰਨ ਉਸ ਦੇ ਬੱਚਿਆਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਡਾਕਟਰ ਜਸਵੰਤ ਨੇ ਆਪਣੇ ਸਿਰ ਲੈ ਲਈ ਸੀ। ਮਾਂ ਦੀ ਸਾਂਭ ਸੰਭਾਲ ਵੀ ਉਹਦੇ ਜ਼ਿੰਮੇ ਸੀ। ਅਜਿਹੀ ਹਾਲਤਵਿਚ ਉਹਦਾ ਆਪਣਾ ਵਿਆਹ ਪਿੱਛੇ ਪੈ ਰਿਹਾ ਸੀ। ਤੇਤੀ ਸਾਲ ਦੀ ਉਮਰੇ ਲੇਖਕ ਕੰਵਲ ਦੇ ਸੰਪਰਕ ਵਿਚ ਆਉਣ ਨਾਲ ਉਹ ਕੰਵਲ ਵੱਲ ਖਿੱਚੀ ਗਈ ਸੀ। ਉਹਦੀ ਬੇ ਜੀ ਬੇਸ਼ਕ ਧੀ ਨੂੰ ਕੋਸਦੀ ਸੀ ਕਿ ਤੂੰ ਚਾਰ ਧੀਆਂ ਦੇ ਬਾਪ ਵਿਚ ਕੀ ਵੇਖਿਆ ਜੋ ਮਿਲਟਰੀ ਦੇ ਅਫਸਰਾਂ ਵਿਚ ਨਹੀਂ। ਉਹ ਅਸਲ ਵਿਚ ਆਪਣੀ ਧੀ ਨੂੰ ਕਿਸੇ ਅਫਸਰ ਨਾਲ ਵਿਆਹੁਣੀ ਚਾਹੁੰਦੀ ਸੀ। ਪਰ ਉਸ ਦੀ ਵਾਹ ਨਹੀਂ ਸੀ ਜਾਂਦੀ। ਡਾ. ਜਸਵੰਤ ਗਿੱਲ ਉਤੇ ਚਾਰ ਜੀਆਂ ਦਾ ਭਾਰ ਵੀ ਉਸ ਨੂੰ ਵਿਆਹ ਕਰਾਉਣੋਂ ਵਰਜਦਾ ਸੀ। (ਚਲਦਾ)

# ਭਾਰਤ ਨੇ ਅੰਦਰੂਨੀ ਸੰਘਰਸ਼ਾਂ ਵਿੱਚ ਗੁਆਏ ਜ਼ਿਆਦਾ ਜਵਾਨ

-ਆਕਾਰ ਪਟੇਲ-



ਪਿਛਲੇ 20 ਸਾਲਾਂ 'ਚ ਭਾਰਤ ਨੇ ਅੰਦਰੂਨੀ ਸੰਘਰਸ਼ਾਂ 'ਚ 1962 ਦੀ ਜੰਗ ਦੇ ਮੁਕਾਬਲੇ ਤਿੰਨ ਗੁਣਾ ਜ਼ਿਆਦਾ ਹਥਿਆਰਬੰਦ ਬਲਾਂ ਦੇ ਜਵਾਨਾਂ ਨੂੰ ਗੁਆਇਆ ਹੈ। ਇਸ ਮਿਆਦ ਵਿੱਚ ਕਾਰਗਿਲ ਜੰਗ 'ਚ ਜਿੰਨੇ ਜਵਾਨ ਸ਼ਹੀਦ ਹੋਏ, ਉਸ ਨਾਲੋਂ ਛੇ ਗੁਣਾ ਵੱਧ ਹਥਿਆਰਬੰਦ ਫੌਜਾਂ ਦੇ ਜਵਾਨ ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਮੱਧ ਭਾਰਤ (ਜਿਸ ਨੂੰ ਨਕਸਲ ਖੇਤਰ) ਕਿਹਾ ਜਾਂਦਾ ਹੈ, ਵਿੱਚ ਸ਼ਹੀਦ ਹੋਏ ਹਨ। ਇਨ੍ਹਾਂ ਸਥਾਨਾਂ 'ਤੇ ਜਿੰਨੇ ਭਾਰਤੀ ਮਾਰੇ ਗਏ ਹਨ, ਉਨ੍ਹਾਂ ਦੀ ਗਿਣਤੀ 1962 ਅਤੇ 1971 ਦੀਆਂ ਜੰਗਾਂ ਵਿੱਚ ਸ਼ਹੀਦ ਹੋਏ ਫੌਜੀਆਂ ਨਾਲੋਂ ਵੱਧ ਹੈ।

ਇਹ ਉਹ ਜਵਾਨ ਹਨ, ਜਿਨ੍ਹਾਂ ਨੂੰ ਦੇਸ਼ ਨੇ ਕਿਸੇ ਬਾਹਰੀ ਹਮਲੇ ਕਾਰਨ ਨਹੀਂ ਗੁਆਇਆ, ਇਸ ਲਈ ਗੁਆਇਆ ਹੈ ਕਿ ਦੇਸ਼ ਦੇ ਆਪਣੇ ਹੀ ਲੋਕਾਂ ਦੇ ਨਲਾ ਸੰਬੰਧਾਂ ਵਿੱਚ ਤਰੇੜਾਂ ਹਨ। ਇਹ ਮੌਤਾਂ ਸਿਆਸੀ ਅਸਫਲਤਾ ਦਾ ਨਤੀਜਾ ਹਨ, ਨਾ ਕਿ ਜੰਗ ਦਾ। ਖ਼ੂਨ ਦੇ ਇਨ੍ਹਾਂ ਬਲੀਦਾਨਾਂ ਨੂੰ ਬਿਨਾਂ ਵਿਰੋਧ ਦੇ ਸਹਿਣ ਕਰ ਲੈਣ ਦੀ ਸਾਡੇ ਦੇਸ਼ ਦੀ ਸਮਰੱਥਾ ਭਾਰਤ ਲਈ ਇਨ੍ਹਾਂ ਖੇਤਰਾਂ ਵਿੱਚ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਜਾਰੀ ਰੱਖਣਾ ਆਸਾਨ ਬਣਾਉਂਦੀ ਹੈ। ਭਾਰਤੀ ਸਰਕਾਰਾਂ 'ਤੇ ਅੰਦਰੂਨੀ ਸੰਘਰਸ਼ ਦੇ ਮਾਮਲੇ 'ਚ ਆਪਣੀ ਨੀਤੀ ਵਿੱਚ ਤਬਦੀਲੀ ਕਰਨ ਲਈ ਕੋਈ ਦਬਾਅ ਨਹੀਂ ਹੈ, ਭਾਵੇਂ ਸਫਲ ਹੋਵੇ ਜਾਂ ਅਸਫਲ ਜਾਂ ਇੰਝ ਹੀ ਚੱਲਦਾ ਰਹੇ ਕਿਉਂਕਿ ਫੌਜੀਆਂ ਅਤੇ ਨਾਗਰਿਕਾਂ ਦੀਆਂ ਲਗਾਤਾਰ ਮੌਤਾਂ ਸਾਨੂੰ ਸਵੀਕਾਰ ਹਨ।

ਇਸ ਗੱਲ 'ਤੇ ਕੋਈ ਅੰਦਰੂਨੀ ਚਰਚਾ ਨਹੀਂ ਹੋਈ ਕਿ ਕਸ਼ਮੀਰ ਵਿੱਚ ਸਾਡੇ ਹਾਲੀਆ ਮਾਸਟਰ ਸਟਰੋਕ ਦੇ ਸਾਡੇ ਹਥਿਆਰਬੰਦ ਬਲਾਂ ਲਈ ਕੀ ਅਰਥ ਹਨ, ਜੋ ਉਥੇ ਸੇਵਾ ਕਰ ਰਹੇ ਹਨ ਅਤੇ ਪਿਛਲੇ ਤੀਹ ਸਾਲਾਂ ਤੋਂ ਨਾਰਾਜ਼ ਅਤੇ ਅਸੰਤੁਸ਼ਟ ਜਨਤਾ 'ਤੇ ਨਜ਼ਰ ਰੱਖ ਰਹੇ ਹਨ। ਸ੍ਰੀਨਗਰ ਦਾ ਦੌਰਾ ਕਰਨ 'ਤੇ ਪਤਾ ਲੱਗਦਾ ਹੈ ਕਿ ਇਥੋਂ ਦੀਆਂ ਗਲੀਆਂ ਵਿੱਚ ਹਥਿਆਰਬੰਦ ਲੋਕਾਂ ਵੱਲੋਂ ਨਿਗਰਾਨੀ ਰੱਖੀ ਜਾਂਦੀ ਹੈ, ਜੋ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਆਉਂਦੇ ਹਨ, ਜੋ ਨਾ ਤਾਂ ਸਥਾਨਕ ਭਾਸ਼ਾ ਬੋਲਦੇ ਹਨ ਅਤੇ ਨਾ ਹੀ ਸਥਾਨਕ ਲੋਕਾਂ ਵਰਗੇ ਦਿਸਦੇ ਹਨ। ਨੀਮ ਫੌਜੀ ਬਲ ਕਸ਼ਮੀਰ ਦੇ ਸ਼ਹਿਰਾਂ ਦੀਆਂ ਗਲੀਆਂ ਵਿੱਚ ਘੁੰਮਦੇ ਹਨ, ਜਦ ਕਿ ਫੌਜ ਬਾਹਰੀ ਖੇਤਰੀ ਦੀ ਪੈਟਰੋਲਿੰਗ ਕਰਦੀ ਹੈ।

ਇਨ੍ਹਾਂ ਸ਼ਹਿਰਾਂ ਵਿੱਚ ਇਹ ਲੋਕ ਇਸ ਲਈ ਹਨ ਤਾਂ ਕਿ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਦਬਾਇਆ ਜਾ ਸਕੇ, ਜੋ ਆਮ ਤੌਰ 'ਤੇ ਹਿੰਸਾ ਰਾਹੀਂ ਜ਼ਾਹਰ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਕੋਲ ਇਨ੍ਹਾਂ ਨੂੰ ਜ਼ਾਹਰ ਕਰਨ ਦਾ ਕੋਈ ਮਾਧਿਅਮ ਨਹੀਂ ਹੈ। ਕਸ਼ਮੀਰ ਵਿੱਚ ਸੰਚਾਰ ਅਤੇ ਮੀਡੀਆ ਕਈ ਸਾਲਾਂ ਤੋਂ ਬੇੜੀਆਂ 'ਚ ਹੈ ਅਤੇ ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਉਥੇ ਮੁਕੰਮਲ ਬਲੈਕਆਊਟ ਦੀ ਸਜ਼ਾ ਦਿੱਤੀ ਗਈ ਹੈ। ਬਾਕੀ ਭਾਰਤ ਨੂੰ ਉਥੇ ਲੱਗੀਆਂ ਨਿਯਮਿਤ ਸੰਚਾਰ ਪਾਬੰਦੀਆਂ ਤੋਂ ਕੋਈ ਪਰੇਸ਼ਾਨੀ ਨਹੀਂ ਹੈ ਕਿਉਂਕਿ ਉਹ ਇਹ ਨਹੀਂ ਸੋਚਦੇ ਕਿ ਇਸ ਦੇ ਕੀ ਨਤੀਜੇ ਹੋਣਗੇ?

ਇਸ ਦਾ ਇੱਕ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਹਿੰਸਾ ਦਾ ਸਥਾਨ ਸਾਡੇ ਤੋਂ ਕਾਫੀ ਦੂਰ ਹੈ ਤੇ ਸਾਡਾ ਉਸ ਨਾਲ ਕੋਈ ਹਿੱਤਾ ਨਹੀਂ ਜੁੜਿਆ। ਅਮਰੀਕਾ ਵਿੱਚ ਉਨ੍ਹਾਂ ਦੀ ਪਾਰਲੀਮੈਂਟ (ਜਿਸ ਨੂੰ ਕਾਂਗਰਸ ਕਿਹਾ ਜਾਂਦਾ ਹੈ) ਵਿੱਚ ਆਮ ਤੌਰ 'ਤੇ 100 ਮੈਂਬਰ ਅਜਿਹੇ ਹੁੰਦੇ ਹਨ, ਜਿਨ੍ਹਾਂ ਨੇ ਅਮਰੀਕੀ ਫੌਜ ਦੀ ਨੌਕਰੀ ਕੀਤੀ ਹੁੰਦੀ ਹੈ। ਅਮਰੀਕੀ ਫੌਜ ਦੁਨੀਆ ਦੀ ਸਭ ਤੋਂ ਤਾਕਤਵਰ ਫੌਜ ਹੈ, ਜੋ ਨਿਯਮਿਤ ਤੌਰ 'ਤੇ ਅਤੇ ਆਸਾਨੀ ਨਾਲ ਕਿਸੇ ਹਥਿਆਰਬੰਦ ਸੰਘਰਸ਼ 'ਚ ਸ਼ਾਮਲ ਹੋ ਜਾਂਦੀ ਹੈ, ਜਿਵੇਂ ਕੋਰੀਆ, ਵੀਅਤਨਾਮ, ਇਰਾਕ ਅਤੇ ਅਫਗਾਨਿਸਤਾਨ ਆਦਿ ਵਿੱਚ। ਹਾਲਾਂਕਿ ਇਹ ਦੇਸ਼ ਗਲਤੀ ਪਤਾ ਲੱਗਣ 'ਤੇ ਉਸ ਵਿੱਚ ਛੇਤੀ ਸੁਧਾਰ ਕਰ ਲੈਂਦਾ ਹੈ ਅਤੇ ਸੰਘਰਸ਼ਾਂ 'ਚੋਂ ਬਾਹਰ ਨਿਕਲਣ ਦੇ ਸਮਰੱਥ ਹੈ ਕਿਉਂਕਿ ਇਸ ਦੇ ਜ਼ਿਆਦਾਤਰ ਨੇਤਾ ਖੁਦ ਫੌਜੀ ਰਹੇ ਹੁੰਦੇ ਹਨ। ਇਹ ਲੋਕ ਕਾਲਪਨਿਕ ਲਾਭ ਦੇ ਮੁਕਾਬਲੇ ਅਸਲ ਨੁਕਸਾਨ ਦਾ ਜਾਇਜ਼ਾ ਲਾ ਸਕਦੇ ਹਨ। ਵੀਅਤਨਾਮ ਜੰਗ ਦੌਰਾਨ ਅਤੇ ਉਸ ਤੋਂ ਤੁਰੰਤ ਬਾਅਦ ਯੋਧੇ ਨੇਤਾਵਾਂ ਦੀ ਗਿਣਤੀ ਇੰਨੀ ਜ਼ਿਆਦਾ ਸੀ ਕਿ ਲਗਭਗ ਤਿੰਨ ਚੌਥਾਈ ਸੰਸਦ ਮੈਂਬਰ ਸਾਬਕਾ ਫੌਜੀ ਸਨ।

ਭਾਰਤ ਵਿੱਚ ਅਜਿਹਾ ਨਹੀਂ ਹੈ। ਦਰਮਿਆਨੇ ਵਰਗ ਨੂੰ ਫੌਜ 'ਚ ਜਾਣ ਵਿੱਚ ਕੋਈ ਰੁਚੀ ਨਹੀਂ ਹੈ ਅਤੇ ਕਾਰਪੋਰੇਟ ਨੌਕਰੀਆਂ ਤੇ ਸਰਕਾਰੀ ਸੇਵਾ ਵਿੱਚ ਵਿਸ਼ੇਸ਼ ਤੌਰ ਉਤੇ ਆਈ ਏ ਐੱਸ ਅਤੇ ਆਈ ਪੀ ਐੱਸ ਨੂੰ ਪਹਿਲ ਦਿੱਤੀ ਜਾਂਦੀ ਹੈ। ਫੌਜ ਅਤੇ ਨੀਮ ਫੌਜੀ ਬਲਾਂ ਦੇ ਜਵਾਨ ਹੇਠਲੇ ਦਰਮਿਆਨੇ ਵਰਗ ਤੇ ਕਿਸਾਨ ਵਰਗ ਤੋਂ ਆਉਂਦੇ ਹਨ (ਪਾਕਿਸਤਾਨ ਵਿੱਚ ਵੀ ਇਹੀ ਸਥਿਤੀ ਹੈ)। ਮੀਡੀਆ, ਜੋ ਦਰਮਿਆਨੇ ਵਰਗ ਤੋਂ ਆਉਂਦਾ ਹੈ, ਉਹ ਵੀ ਹਿੰਸਾ ਤੋਂ ਵੱਖ ਰਹਿੰਦਾ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਹਥਿਆਰਬੰਦ ਫੌਜਾਂ ਜੋ ਕਰਦੀਆਂ ਹਨ, ਮੀਡੀਆ ਵੱਲੋਂ ਉਸ ਦੀ ਸ਼ਲਾਘਾ ਕੀਤੀ ਜਾਂਦੀ ਹੈ। ਅਸੀਂ ਪੱਤਰਕਾਰ ਲੋਕ ਆਜ਼ਾਦਾਨਾ ਸੋਚ ਦੇ ਨਾਲ ਅਤੇ ਨਿਰਪੱਖ ਤੌਰ 'ਤੇ ਘਟਨਾਵਾਂ ਦਾ ਜਾਇਜ਼ਾ ਨਹੀਂ ਲੈਂਦੇ। ਇਸੇ ਕਾਰਨ ਸਾਡੇ ਲਈ ਕੋਈ ਪੱਖ ਲੈਣਾ ਜਾਂ ਅਸਲੀਅਤ ਨੂੰ ਨਜ਼ਰਅੰਦਾਜ਼ ਕਰਨਾ ਸੰਭਵ ਹੁੰਦਾ ਹੈ। ਪਾਠਕਾਂ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਇੱਕ ਪਾਕਿਸਤਾਨੀ ਰਿਪੋਰਟਰ ਦੇ ਕੰਮ ਨਾਲ ਸੰਭਵ ਹੋ ਸਕਿਆ ਕਿ ਦੁਨੀਆ ਨੂੰ ਪਤਾ ਲੱਗਾ ਕਿ ਪੂਰਬੀ ਪਾਕਿ-ਸਤਾਨ ਵਿੱਚ ਕਿੰਦਾਂ ਦੇ ਜ਼ੁਲਮ ਹੋ ਰਹੇ ਹਨ। ਇਹ ਰਿਪੋਰਟਰ ਕਰਾਚੀ ਦਾ ਐਂਥਨੀ ਮੈਸਕੇਰੇਨਹਸ ਸੀ, ਜਿਸ ਦੀ ਰਿਪੋਰਟ ਜੂਨ 1971 ਵਿੱਚ ਬ੍ਰਿਟਿਸ਼ ਅਖਬਾਰ ਸੰਡੇ ਟਾਈਮਜ਼ ਵਿੱਚ ਛਪੀ ਸੀ। ਉਸ ਨੇ ਇਹ ਸੱਚ ਜ਼ਾਹਰ ਕੀਤਾ ਸੀ ਕਿ ਪਾਕਿਸਤਾਨੀ ਫੌਜ ਆਪਣੇ ਨਾਗਰਿਕਾਂ ਨਾਲ ਕੀ ਕਰਦੀ ਹੈ? ਭਾਰਤੀ ਪੱਤਰਕਾਰਾਂ ਲਈ ਕਸ਼ਮੀਰ, ਨਕਸਲ ਬੈਲਟ ਜਾਂ ਉੱਤਰ ਪੂਰਬ ਵਿੱਚ ਏਦਾਂ ਕਰਨਾ ਮੁਸ਼ਕਲ ਹੈ, ਅਸੀਂ ਆਪਣੇ ਹੀ ਲੋਕਾਂ ਦੇ ਵਿਰੁੱਧ ਮਾਹੌਲ ਬਣਾ ਦਿੱਤਾ ਹੈ। ਅਸਲੀਅਤ ਇਹ ਹੈ ਕਿ ਘਰੋਂ ਦੂਰ ਵਿਰੋਧੀ ਆਬਾਦੀ ਵਿਚਾਲੇ ਰਹਿੰਦੀਆਂ ਫੌਜਾਂ ਲਗਭਗ ਇੱਕੋ ਜਿਹਾ ਵਿਹਾਰ ਕਰਦੀਆਂ ਹਨ। ਇਤਿਹਾਸ ਵਿੱਚ ਅਜਿਹਾ ਹੀ ਹੁੰਦਾ ਰਿਹਾ ਹੈ, ਜੋ ਅਜੇ ਤੱਕ ਬਦਲਿਆ ਨਹੀਂ, ਭਾਵੇਂ ਅਸੀਂ ਵੀਅਤਨਾਮ ਨੂੰ ਦੇਖੀਏ ਜਾਂ ਇਰਾਕ ਜਾਂ ਸ੍ਰੀਲੰਕਾ ਨੂੰ। ਇਹ ਮਨੁੱਖ ਦਾ ਸੁਭਾਅ ਹੈ ਅਤੇ ਇਸ ਦਾ ਸਭ ਤੋਂ ਵੱਧ ਦੋਸ਼ ਦੇਸ਼ਾਂ ਦੇ ਨੇਤਾਵਾਂ 'ਤੇ ਜਾਂਦਾ ਹੈ, ਜੋ ਆਪਣੀਆਂ ਫੌਜਾਂ ਨੂੰ ਅਜਿਹੇ ਹਾਲਾਤ ਵਿੱਚ ਭੇਜਦੇ ਹਨ ਅਤੇ ਉਸ ਨੂੰ ਜਨਤਾ 'ਤੇ, ਜੋ ਅਜਿਹੀ ਕਾਰਵਾਈ ਦਾ ਸਮਰਥਨ ਕਰਦੀ ਹੈ। ਹਜ਼ਾਰਾਂ ਲੋਕ ਮਾਰੇ ਜਾਂਦੇ ਰਹਿਣਗੇ।

ਚੀਨ ਅਤੇ ਪਾਕਿਸਤਾਨ ਵਿਰੁੱਧ ਹੋਈਆਂ ਜੰਗਾਂ ਨੂੰ ਸਾਡੀਆਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਯਾਦ ਕੀਤਾ ਜਾਂਦਾ ਹੈ ਤੇ ਉਨ੍ਹਾਂ ਬਾਰੇ ਯਾਦਗਾਰਾਂ ਬਣਾਈਆਂ ਜਾਂਦੀਆਂ ਹਨ, ਪਰ ਦੇਸ਼ ਅੰਦਰ ਹੋ ਰਹੇ ਸੰਘਰਸ਼ਾਂ ਵਿੱਚ ਜ਼ਿੰਦਗੀਆਂ ਦੇ ਨੁਕਸਾਨ ਸਾਨੂੰ ਲਗਾਤਾਰ ਲਹੂ-ਲੁਹਾਨ ਕਰ ਰਹੇ ਹਨ, ਜਦ ਕਿ ਇਨ੍ਹਾਂ ਭਾਵਨਾਵਾਂ ਦਾ ਨਿਰੀਖਣ ਕਰਨ ਜਾਂ ਉਨ੍ਹਾਂ 'ਤੇ ਮੱਲ੍ਹਮ ਲਾਉਣ ਦਾ ਕੋਈ ਯਤਨ ਨਹੀਂ ਕੀਤਾ ਜਾ ਰਿਹਾ।

## ਪਾਣੀ ਦਾ ਰੰਗ

ਪਾਣੀ ਨੇ ਹੈ ਰੰਗ ਵਿਖਾਇਆ।
ਬੰਦਾ ਫਿਰਦਾ ਹੈ ਘਬਰਾਇਆ। ।

ਜੀਵਨ ਜਿਹੜਾ ਦਿੰਦਾ ਪਾਣੀ
ਓਸੇ ਦੀ ਇਹ ਦਰਦ ਕਹਾਣੀ।

ਹੱਦੋਂ ਵੱਧ ਜਦ ਬੱਦਲ ਵਰ੍ਹਦਾ
ਰੱਬ ਰੱਬ ਤਦ ਹੈ ਬੰਦਾ ਕਰਦਾ।

ਮੌਸਮ ਦੀ ਇਹ ਮਾਰ ਬੁਰੀ ਹੈ
ਹਰ ਸ਼ੈਅ ਦੀ ਭਰਮਾਰ ਬੁਰੀ ਹੈ।

ਕੁਦਰਤ ਸਭ ਤੋਂ ਸ਼ਕਤੀਸ਼ਾਲੀ
ਇੱਕੋ ਹੱਥ ਨਾਲ ਮਾਰੇ ਤਾਲੀ।

ਬੌਣਾ ਇਸਦੇ ਅੱਗੇ ਬੰਦਾ
ਬੱਸ ਤਮਾਸ਼ਾ ਲੱਗੇ ਬੰਦਾ।

ਇਸਦਾ ਅੰਤ ਜੇ ਪਾਵੇ ਬੰਦਾ
ਰੱਬ ਹੀ ਫਿਰ ਬਣ ਜਾਵੇ ਬੰਦਾ।

ਹਰਦੀਪ ਬਿਰਦੀ
9041600900


**GREAT OPPOURTUNITY TO INVEST IN NIAGRA FALLS**



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5505

Century 21 President Realty Inc Brokerage

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਅੱਜ ਕੱਲ੍ਹ ਪਿੰਡਾਂ ਵਿੱਚ ਨਿਆਣੇ ਅਖਰੋਟਾਂ ਨਾਲ ਖੁੱਤੀ ਨਹੀਂ ਖੇਡਦੇ

-ਬਹਾਦਰ ਸਿੰਘ ਗੋਸਲ-

ਹਰ ਇਨਸਾਨ ਦਾ ਬਚਪਨ ਬਹੁਤ ਰੰਗੀਨ, ਰੌਚਕ, ਬੇਪ੍ਰਵਾਹ, ਖੁਸ਼ੀਆਂ ਭਰਪੂਰ ਤੇ ਹਰ ਤਰ੍ਹਾਂ ਦੀਆਂ ਚਿੰਤਾਵਾਂ ਤੋਂ ਮੁਕਤ ਰਿਹਾ ਹੁੰਦਾ ਹੈ। ਹਰ ਕਿਸੇ ਨੇ ਆਪਣੇ ਬਚਪਨ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਦਾ ਖੂਬ ਆਨੰਦ ਮਾਣਿਆ ਹੁੰਦਾ ਹੈ, ਪਰ ਅੱਜ ਤੋਂ 50-60 ਸਾਲ ਪਹਿਲਾਂ ਦੀਆਂ ਬਚਪਨ ਦੀਆਂ ਖੇਡਾਂ ਅਤੇ ਮਸਤੀਆਂ ਰੌਚਕ ਤੇ ਘੱਟ ਸਮੇਂ ਵਿੱਚ ਵੱਧ ਆਨੰਦ ਦੇਣ ਵਾਲੀਆਂ ਹੁੰਦੀਆਂ ਸਨ। ਬਚਪਨ ਵਿੱਚ ਇਹ ਖੇਡਾਂ ਖੇਡਦੇ ਹੋਏ ਬਿਤਾਏ ਖੁਸ਼ੀ ਦੇ ਦਿਨ ਹਰ ਕਿਸੇ ਨੂੰ ਸਾਰੀ ਉਮਰ ਯਾਦ ਰਹਿੰਦੇ ਹਨ।

ਮੈਨੂੰ ਆਪਣੇ ਬਚਪਨ ਦੇ ਉਹ ਦਿਨ ਵਾਰ ਵਾਰ ਚੇਤੇ ਆਉਂਦੇ ਹਨ, ਜਦੋਂ ਛੋਟੀ ਉਮਰ ਵਿੱਚ ਆਪਣੇ ਦੋਸਤਾਂ ਨਾਲ ਮਿਲ ਕੇ ਖੇਡਾਂ ਖੇਡਦਾ, ਆਪਣੇ ਬਚਪਨ ਦਾ ਖੂਬ ਲੁਤਫ ਲੈਂਦੇ ਸੀ। ਭਾਵੇਂ ਉਨ੍ਹਾਂ ਦਿਨਾਂ ਵਿੱਚ ਬੱਚਿਆਂ ਦੀਆਂ ਆਮ ਖੇਡਾਂ ਗੁੱਲੀ ਡੰਡਾ, ਪੀਚੋ, ਪੀਂਘ ਪਲਾਂਗੜਾ, ਬਾਰ੍ਹਾਂ ਬੀਟੀ, ਪਿੱਠੂ ਖੇਡਣਾ, ਕੋਟਲਾ ਛਪਾਕੀ ਬਹੁਤ ਹਰਮਨ ਪਿਆਰੀਆਂ ਹੁੰਦੀਆਂ ਸਨ, ਪਰ ਜ਼ਿਆਦਾਤਰ ਮੁੰਡਿਆਂ ਵੱਲੋਂ ਅਖਰੋਟਾਂ ਨਾਲ ਖੁੱਤੀ ਬਣਾ ਕੇ ਖੇਡਣਾ ਬਹੁਤ ਹਰਮਨ ਪਿਆਰਾ ਹੁੰਦਾ ਸੀ। ਇਸ ਦਾ ਕਾਰਨ ਇਹ ਸੀ ਕਿ ਖੇਡਣ ਵਾਲੇ ਅਖਰੋਟ ਹੱਟੀਆਂ ਤੋਂ ਮਿਲ ਜਾਂਦੇ ਸਨ। ਇਸ ਖੇਡ ਲਈ ਹੋਰ ਕਿਸੇ ਸਾਮਾਨ ਦੀ ਲੋੜ ਨਹੀਂ ਸੀ ਪੈਂਦੀ। ਕਿਸੇ ਰੁੱਖ ਦੀ ਛਾਂ ਹੇਠ ਥੋੜ੍ਹੀ ਜਿਹੀ ਪੱਧਰੀ ਜਗ੍ਹਾ 'ਤੇ ਇੱਕ ਛੋਟੀ ਜਿਹੀ ਪੁੱਟੀ ਖੁੱਤੀ ਖੇਡਣ ਲਈ ਕਾਫੀ ਹੁੰਦੀ ਸੀ। ਕਈ ਕਈ ਬੱਚੇ ਇਕੱਠੇ ਇਸ ਖੇਡ ਵਿੱਚ ਭਾਗ ਲੈ ਸਕਦੇ ਸਨ, ਪਰ ਇਸ ਵਿੱਚ ਚੰਗੇ ਨਿਸ਼ਾਨਚੀਆਂ ਦੀ ਲੋੜ ਹੁੰਦੀ ਸੀ, ਕਿਉਂਕਿ ਖੇਡਣ ਵਾਲੀ ਟੀਮ ਵਿੱਚ ਇੱਕ ਬੱਚਾ ਕੁਝ ਅਖਰੋਟਾਂ ਨੂੰ ਖੁੱਤੀ ਵੱਲ ਸੁੱਟਦਾ ਅਤੇ ਜਿੰਨੇ ਅਖਰੋਟ ਉਸ ਖੁੱਤੀ ਵਿੱਚ ਪੈ ਜਾਂਦੇ, ਉਹ ਉਸ ਬੱਚੇ ਦੇ ਬਣ ਜਾਂਦੇ। ਹੋਰ ਜਿੱਤਣ ਲਈ ਉਸ ਨੂੰ ਖੁੱਤੀ ਤੋਂ ਬਾਹਰ ਰਹਿ ਗਏ ਅਖਰੋਟਾਂ ਵਿੱਚੋਂ ਇੱਕ ਵਿਸ਼ੇਸ਼ ਦੱਸੇ ਅਖਰੋਟ ਨੂੰ ਦੂਜੇ ਹੱਥ ਨਾਲ ਫੜੇ ਅਖਰੋਟ ਨਾਲ ਚੋਟ ਮਾਰਨੀ ਹੁੰਦੀ ਸੀ, ਜੋ ਚੰਗਾ ਨਿਸ਼ਾਨੇ ਦਾ ਕੰਮ ਹੁੰਦਾ ਸੀ। ਇਸ ਲਈ ਭਾਰੀ ਤੋਂ ਭਾਰੀ ਅਖਰੋਟ ਨੂੰ ਚੋਟ ਮਾਰਨ ਲਈ ਚੁਣਿਆ ਜਾਂਦਾ ਸੀ।

ਵੱਧ ਤੋਂ ਵੱਧ ਸਹੀ ਚੋਟ ਲਾਉਣ ਅਤੇ ਵੱਧ ਤੋਂ ਵੱਧ ਅਖਰੋਟ ਜਿੱਤਣ ਦੀ ਦੌੜ ਬੱਚਿਆਂ ਵਿੱਚ ਲੱਗੀ ਰਹਿੰਦੀ। ਕਈ ਬੱਚੇ ਕਿਸੇ ਅਖਰੋਟ ਵਿੱਚ ਸੁਰਾਖ ਕਰ ਕੇ ਉਸ ਵਿੱਚ ਪਿਘਲਿਆ ਸਿੱਕਾ ਪਾ ਕੇ ਉਸ ਨੂੰ ਚੋਟ ਮਾਰਨ ਲਈ ਭਾਰਾ ਕਰ ਲੈਂਦੇ ਜਾਂ ਉਸ ਦੇ ਸਿਰੇ ਉਤੇ ਸਿੱਕੇ ਦੀ ਟੋਪੀ ਬਣਾ ਕੇ, ਅੰਗੂਠੇ ਨਾਲ ਦਬਾ ਕੇ ਫੜਨ ਲਈ ਤਿਆਰ ਕਰ ਲੈਂਦੇ ਤੇ ਇਹ ਅਖਰੋਟ ਦੂਜੇ ਅਖਰੋਟਾਂ ਨੂੰ ਚੋਟ ਮਾਰਨ ਲਈ ਬੜੇ ਕਾਰਗਰ ਸਾਬਤ ਹੁੰਦੇ। ਇਸ ਖੇਡ ਵਿੱਚ ਕਈ ਬੱਚੇ ਏਨੇ ਪੱਕੇ ਨਿਸ਼ਾਨਚੀ ਹੁੰਦੇ ਕਿ ਉਨ੍ਹਾਂ ਦੀ ਅਖਰੋਟ ਖੇਡਣ ਵਿੱਚ ਪੂਰੇ ਪਿੰਡ ਵਿੱਚ ਝੰਡੀ ਹੁੰਦੀ ਤੇ ਉਹ ਖੇਡਣ ਲਈ ਕਿਸੇ ਨੂੰ ਵੀ ਵੰਗਾਰਦੇ। ਇਸ ਖੇਡ ਦਾ ਸਭ ਤੋਂ ਵੱਧ ਲਾਭ ਇਹ ਹੁੰਦਾ ਕਿ ਇਸ ਵਿੱਚ ਬੱਚਿਆਂ ਦਾ ਜ਼ਿਆਦਾ ਸਮਾਂ ਬਰਬਾਦ ਨਾ ਹੁੰਦਾ ਅਤੇ ਉਹ ਥੋੜ੍ਹੀ ਦੇਰ ਵਿੱਚ ਆਪਣੇ ਖੇਡਣ ਦਾ ਆਨੰਦ ਲੈ ਲੈਂਦੇ ਤੇ ਜੇ ਖੇਡਦੇ ਬੱਚਿਆਂ ਦੇ ਘਰ ਵਾਲੇ ਨੂੰ ਬੁਲਾਉਣ ਆਉਂਦੇ ਤਾਂ ਉਹ ਤੁਰੰਤ ਖੇਡ ਛੱਡ ਆਪਣੇ ਮਾਪਿਆਂ ਨਾਲ ਚਲੇ ਜਾਂਦੇ।

ਅਖਰੋਟਾਂ ਨਾਲ ਖੁੱਤੀ ਖੇਡਣਾ ਖੇਡਣ ਦੀ ਇਹ ਖੇਡ ਜ਼ਿਆਦਾਤਰ ਸਾਉਣ ਮਹੀਨੇ ਵਿੱਚ ਖੇਡੀ ਜਾਂਦੀ। ਅਜਿਹਾ ਇਸ ਲਈ ਵੀ ਹੁੰਦਾ ਸੀ ਕਿ ਵਾਰ ਵਾਰ ਮੀਂਹ ਪੈਣ ਕਰ ਕੇ ਬੱਚਿਆਂ ਨੂੰ ਆਪਣੀ ਖੇਡ ਵਿਚਕਾਰ ਰੋਕਣੀ ਪੈਂਦੀ ਸੀ ਤੇ ਉਹ ਜਦੋਂ ਮਰਜ਼ੀ ਚਾਹੁਣ ਖੇਡ ਖੇਡਣ ਲੱਗਦੇ ਤੇ ਜਦੋਂ ਚਾਹੁਣ ਖੇਡ ਬੰਦ ਕਰ ਦਿੰਦੇ।

ਦੂਜਾ ਸਾਉਣ ਮਹੀਨੇ ਵਿੱਚ ਪਿੰਡਾਂ ਵਿੱਚ ਕੋਈ ਨਾ ਕੋਈ ਤਿਉਹਾਰ ਜਾਂ ਸਭਿਆਚਾਰ ਮੇਲਾ ਲੱਗਾ ਰਹਿੰਦਾ ਤੇ ਇਨ੍ਹਾਂ ਮੇਲਿਆਂ 'ਤੇ ਬੱਚੇ ਖੂਬ ਅਖਰੋਟਾਂ ਨਾਲ ਖੁੱਤੀ ਪਾਉਣਾ ਖੇਡਦੇ। ਬੱਚਿਆਂ ਨੂੰ ਅਖਰੋਟਾਂ ਨਾਲ ਖੁੱਤੀ ਪਾਉਣਾ ਖੇਡਣ ਦਾ ਏਨਾ ਚਾਅ ਹੁੰਦਾ ਕਿ ਹਰ ਬੱਚਾ ਆਪਣੇ ਘਰ ਜਾ ਕੇ ਦਸਦਾ ਕਿ ਅੱਜ ਉਸ ਨੇ ਕਿੰਨੇ ਅਖਰੋਟ ਜਿੱਤੇ ਜਾਂ ਹਾਰੇ ਸਨ। ਕਈ ਬੱਚੇ ਜੋ ਖੇਡ ਵਿੱਚ ਮਾਹਰ ਸਨ, ਉਹ ਅਖਰੋਟ ਜਿੱਤ ਜਿੱਤ ਕੇ ਆਪਣੇ ਘਰਾਂ ਵਿੱਚ ਰੱਖੀਆਂ ਪੀਪੀਆਂ ਭਰ ਲੈਂਦੇ। ਇਥੇ ਦੱਸਣਾ ਜ਼ਰੂਰੀ ਹੈ ਕਿ ਖੇਡਣ ਵਾਲੇ ਅਖਰੋਟ, ਖਾਣ ਵਾਲੇ ਅਖਰੋਟਾਂ ਨਾਲੋਂ ਵੱਖਰੇ ਹੁੰਦੇ ਸਨ ਤੇ ਖੇਡਣ ਵਾਲੇ ਕਾਠੇ ਅਖਰੋਟ ਬਹੁਤ ਸਖਤ ਹੁੰਦੇ ਸਨ ਤੇ ਛੇਤੀ ਟੁੱਟਦੇ ਨਹੀਂ ਸਨ। ਕਈ ਵਾਰ ਬੱਚੇ ਆਪਣੀ ਅਖਰੋਟਾਂ ਵਾਲੀ ਪੀਪੀ ਨੂੰ ਪੁੱਠੀ ਕਰ ਕੇ ਜ਼ਮੀਨ ਉੱਤੇ ਅਖਰੋਟਾਂ ਦਾ ਢੇਰ ਲਾ ਲੈਂਦੇ ਤੇ ਫਿਰ ਉਨ੍ਹਾਂ ਅਖਰੋਟਾਂ ਦੀ ਗਿਣਤੀ ਕਰ ਚਾਈਂ-ਚਾਈਂ ਸਭ ਨੂੰ ਦਸਦੇ ਫਿਰਦੇ ਕਿ ਉਸ ਕੋਲ ਕਿੰਨੇ ਅਖਰੋਟ ਹਨ। ਬੱਚਾ ਉਸ ਨੂੰ ਆਪਣੀ ਕਿਸੇ ਵੱਡੀ ਪੂੰਜੀ ਦੀ ਤਰ੍ਹਾਂ ਸਾਂਭ ਕੇ ਰੱਖਦਾ ਰਹਿੰਦਾ ਤੇ ਇਸ ਨਾਲ ਉਸ ਨੂੰ ਬਹੁਤ ਹੀ ਮਾਨਸਿਕ ਆਨੰਦ ਮਿਲਦਾ।

ਉਨ੍ਹਾਂ ਦਿਨਾਂ ਨੂੰ ਯਾਦ ਕਰ ਕੇ ਅਤੇ ਅੱਜ ਦੇ ਬੱਚਿਆਂ ਦੀਆਂ ਖੇਡਾਂ ਵੇਖ ਕੇ ਮਨ ਹੈਰਾਨ ਹੁੰਦਾ ਹੈ ਕਿਉਂਕਿ ਅੱਜ ਦੇ ਬੱਚੇ ਅਜਿਹੀਆਂ ਖੇਡਾਂ ਨਹੀਂ ਖੇਡਦੇ। ਉਹ ਸਾਰਾ ਸਾਰਾ ਦਿਨ ਘਰ ਅੰਦਰ ਵੜ ਟੀ ਵੀ ਉਤੇ ਕਾਰਟੂਨ ਜਾਂ ਮੋਬਾਈਲਾਂ ਤੇ ਗੇਮਾਂ ਨਾਲ ਖੇਡਦੇ ਹਨ। ਇਹ ਟੀ ਵੀ ਜਾਂ ਵੀਡੀਓ ਗੇਮਾਂ ਬੱਚੇ ਦਾ ਸਮਾਂ ਬਰਬਾਦ ਕਰਦੀਆਂ ਹਨ ਅਤੇ ਅੱਖਾਂ ਦੀਆਂ ਬਿਮਾਰੀਆਂ ਜਿਹੇ ਰੋਗ ਲਾ ਦੇਂਦੀਆਂ ਹਨ। ਪਿੰਡਾਂ ਵਿੱਚ ਵੀ ਵੱਡੀ ਉਮਰ ਦੇ ਮੁੰਡੇ, ਕ੍ਰਿਕਟ ਦਾ ਭਾਰੀ ਸਮਾਨ ਉਠਾ ਕੇ ਧੁੱਪ ਵਿੱਚ ਖੇਡਦੇ ਰਹਿੰਦੇ ਹਨ। ਉਹ ਇੰਨਾ ਲੰਮਾ ਸਮਾਂ ਖੇਡਦੇ ਹਨ ਕਿ ਉਨ੍ਹਾਂ ਦੇ ਮਾਪੇ ਪ੍ਰੇਸ਼ਾਨ ਹੋ ਜਾਂਦੇ ਹਨ। ਉਨ੍ਹਾਂ ਨੂੰ ਮਾਪਿਆਂ ਨੇ ਬੁਲਾਇਆ ਤਾਂ ਉਹ ਆਪਣੀ ਲੰਮੀ ਖੇਡ ਤਿਆਗ ਕੇ ਘਰ ਆਉਣ ਲਈ ਕਦੇ ਤਿਆਰ ਨਹੀਂ ਹੁੰਦੇ। ਇਸ ਤਰ੍ਹਾਂ ਸਮੇਂ ਦੀ ਬਰਬਾਦੀ ਵੱਖਰੀ ਤੇ ਖੇਡਣ ਦੀ ਇੱਛਾ ਪੂਰੀ ਕਰਨ ਲਈ ਖਰਚਾ ਵੱਧ।

ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਬੱਚੇ ਦਾ ਬਾਹਰ ਜਾ ਕੇ ਖੇਡਣਾ ਬਹੁਤ ਜ਼ਰੂਰੀ ਹੈ ਤੇ ਬੱਚਿਆਂ ਨੂੰ ਟੀ ਵੀ ਵਗੈਰਾ ਘੱਟ ਕਰ ਕੇ ਅਤੇ ਮੋਬਾਈਲ ਖੇਡਾਂ ਨੂੰ ਘੱਟ ਕਰ ਕੇ ਆਪਣੀਆਂ ਪੁਰਾਣੀਆਂ ਪੇਂਡੂ ਰਵਾਇਤੀ ਖੇਡਾਂ ਨਾਲ ਜੁੜਨਾ ਚਾਹੀਦਾ ਹੈ ਤਾਂ ਕਿ ਬੱਚਾ ਸਿਹਤ ਪੱਖੋਂ ਮਜ਼ਬੂਤ ਬਣੇ ਤੇ ਉਹ ਆਪਣੇ ਬਚਪਨ ਵਿੱਚ ਬਾਲ ਪ੍ਰਵਿਰਤੀ ਅਨੁਸਾਰ ਖੇਡਾਂ ਦਾ ਆਨੰਦ ਵੀ ਲੈ ਸਕੇ। ਮਾਪੇ ਤੇ ਅਧਿਆਪਕ ਬੱਚਿਆਂ ਨੂੰ ਸਮਝਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਸਕਦੇ ਹਨ।

## ਰਸੋਈ

### ਟਮਾਟਰ-ਪਿਆਜ਼ ਦੀ ਚਟਣੀ



ਸਮੱਗਰੀ- ਦੋ ਕਟੇ ਹੋਏ ਟਮਾਟਰ, ਦੋ ਕਟੇ ਹੋਏ ਪਿਆਜ਼, ਮਾਂਹ ਦੀ ਦਾਲ ਇੱਕ ਵੱਡਾ ਚਮਚ, ਸਾਬਤ ਸੁੱਕੀਆਂ ਲਾਲ ਮਿਰਚਾਂ ਦੋ ਜਾਂ ਤਿੰਨ, ਇੱਕ ਛੋਟਾ ਟੁਕੜਾ ਇਮਲੀ, 1/4 ਛੋਟਾ ਚਮਚ ਰਾਈ, ਮਿੱਠੀ ਨਿੰਮ ਦੀਆਂ ਚਾਰ-ਪੰਜ ਪੱਤੀਆਂ, ਇੱਕ ਵੱਡਾ ਚਮਚ ਤੇਲ, ਨਮਕ ਸਵਾਦ ਅਨੁਸਾਰ।

ਵਿਧੀ- ਕੜਾਹੀ ਵਿੱਚ ਤੇਲ ਗਰਮ ਕਰੋ। ਇਸ ਵਿੱਚ ਸੁੱਕੀ ਲਾਲ ਮਿਰਚਾ ਅਤੇ ਮਾਂਹ ਦੀ ਦਾਲ ਪਾ ਕੇ ਸੁਨਹਿਰਾ ਹੋਣ ਤੱਕ ਭੁੰਨੋ। ਇਸ ਵਿੱਚ ਪਿਆਜ਼ ਅਤੇ ਨਮਕ ਪਾ ਕੇ ਦੋ-ਤਿੰਨ ਮਿੰਟ ਤੱਕ ਭੁੰਨੋ। ਫਿਰ ਇਮਲੀ ਅਤੇ ਟਮਾਟਰ ਪਾ ਕੇ ਮੁਲਾਇਮ ਹੋਣ ਤੱਕ ਭੁੰਨੋ। ਪਿਆਜ਼ ਤੇ ਟਮਾਟਰ ਥੋੜ੍ਹੇ ਮੁਲਾਇਮ ਹੋ ਜਾਣ ਤਾਂ ਇਨ੍ਹਾਂ ਨੂੰ ਕੱਢ ਕੇ ਠੰਢਾ ਕਰੋ। ਫਿਰ ਮਿਕਸਰ ਜਾਰ ਵਿੱਚ ਬਰੀਕ ਪੀਸ ਕੇ ਪੇਸਟ ਬਣਾਓ। ਇਸ ਵਿੱਚ ਪਾਣੀ ਮਿਲਾਉਣ ਦੀ ਲੋੜ ਨਹੀਂ ਹੋਵੇਗੀ। ਕੜਾਹੀ ਵਿੱਚ ਇੱਕ ਛੋਟਾ ਚਮਚ ਤੇਲ ਗਰਮ ਕਰ ਕੇ ਰਾਈ ਤੇ ਮਿੱਠੀ ਨਿੰਮ ਦੀਆਂ ਪੱਤੀਆਂ ਤੜਕਾਓ। ਇਸ ਨੂੰ ਚਟਣੀ ਉਪਰ ਪਾ ਕੇ ਪਰੋਸੋ।

# ..ਤੇ ਜਦੋਂ ਅਸੀਂ ਅੱਤਵਾਦੀ ਬਣੇ

-ਨਰਿੰਦਰ ਮਾਹੀ



31 ਜੁਲਾਈ 1987 ਦਾ ਦਿਨ ਸੀ। ਉਸ ਦਿਨ ਜਲੰਧਰ ਦੇ ਨਰਿੰਦਰ ਸਿਨੇਮਾ 'ਚ ਬੰਬ ਕਾਂਡ ਹੋਇਆ ਸੀ। ਮੈਂ ਰੋਜ਼ ਵਾਂਗ ਆਪਣੇ ਪਿੰਡ ਜੰਡਿਆਲਾ ਜ਼ਿਲਾ ਜਲੰਧਰ ਸਾਈਕਲ ਉੱਤੇ ਬੰਗਾ ਅਤੇ ਬੰਗਾ ਤੋਂ ਬੱਸ ਰਾਹੀਂ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਪਹੁੰਚਿਆ। ਉਸ ਦਿਨ ਮੇਰਾ ਐਮ ਏ ਫਾਈਨਲ ਪੰਜਾਬੀ ਲੋਕਧਾਰਾ (ਫੋਕਲੋਰ) ਦਾ ਪੇਪਰ ਸੀ। ਪੇਪਰ ਸ਼ਾਮ ਨੂੰ ਪੰਜ ਵਜੇ ਖਤਮ ਹੋਇਆ। ਇਸ ਤੋਂ ਬਾਅਦ ਮੈਂ ਕਮਰੇ 'ਚੋਂ ਨਿਕਲਿਆ ਤਾਂ ਮੇਰੇ ਨਾਲ ਹੀ ਮੇਰੇ ਸਾਥੀ ਤੇਗਾ ਸਿੰਘ ਸੰਧੂ ਬਸ਼ੇਸ਼ਰਪੁਰ ਅਤੇ ਮਨਜੀਤ ਸਿੰਘ ਘੋੜਾਵਾਹਾ ਨਿਕਲੇ। ਸਾਡੀ ਤਿੰਨਾਂ ਦੀ ਗੂੜ੍ਹੀ ਮਿੱਤਰਤਾ ਸੀ। ਅਸੀਂ ਤਿੰਨੇ ਲਾਇਲਪੁਰ ਖਾਲਸਾ ਕਾਲਜ ਤੋਂ ਬੱਸ ਸਟੈਂਡ ਤੱਕ ਪੈਦਲ ਜਾਂਦੇ ਸਾਂ ਅਤੇ ਆਪੋ ਆਪਣੇ ਟਿਕਾਣੇ ਪਹੁੰਚਣ ਲਈ ਬੱਸਾਂ ਵਿੱਚ ਸਵਾਰ ਹੋ ਜਾਂਦੇ ਸਾਂ, ਪਰ ਉਸ ਦਿਨ ਮਨਜੀਤ ਸਿੰਘ ਘੋੜਾਵਾਹਾ ਕਾਲਜ ਦੇ ਸਕੂਟਰ ਸਟੈਂਡ ਵੱਲ ਨੂੰ ਮੁੜਨ ਲੱਗਿਆ ਸਾਨੂੰ ਕਹਿਣ ਲੱਗਾ, 'ਇਕ ਮਿੰਟ ਰੁਕੋ, ਮੈਂ ਆਉਂਦਾ ਹਾਂ।' ਅਸੀਂ ਉਸ ਦਾ ਉਥੇ ਹੀ ਇੰਤਜ਼ਾਰ ਕਰਨ ਲੱਗ ਪਏ।

ਥੋੜ੍ਹੀ ਦੇਰ ਬਾਅਦ ਦੇਖਿਆ ਕਿ ਉਹ ਬਿਨਾਂ ਨੰਬਰੀ ਨਵਾਂ ਸਕਟੂਰ ਲੈ ਕੇ ਆ ਗਿਆ ਤੇ ਕਹਿੰਦਾ ਕਿ ਅਜੇ ਕੱਲ੍ਹ ਹੀ ਲਿਆ ਹੈ। ਅਸੀਂ ਕਿਹਾ ਕਿ ਫਿਰ ਤੈਨੂੰ ਪਾਰਟੀ ਕਰਨੀ ਪਵੇਗੀ। ਉਹ ਕਹਿੰਦਾ ਕਿ ਚਲੋ ਫਿਰ ਕਿਸੇ ਹੋਟਲ ਵਿੱਚ ਚੱਲਦੇ ਹਾਂ ਅਤੇ ਨਾਲੇ ਅੱਜ ਆਪਣਾ ਕਾਲਜ ਦਾ ਆਖਰੀ ਦਿਨ ਹੈ। ਫਿਰ ਕਦੇ ਮੁਲਾਕਾਤ ਹੋਵੇ, ਨਾ ਹੋਵੇ ਕਿ ਪਤਾ। ਇੰਨਾ ਕਹਿੰਦੇ ਹੋਏ ਉਸ ਨੇ ਸਾਨੂੰ ਦੋਵਾਂ ਨੂੰ ਵੀ ਸਕੂਟਰ 'ਤੇ ਬਿਠਾ ਲਿਆ ਅਤੇ ਕਾਲਜ ਤੋਂ ਬੱਸ ਸਟੈਂਡ ਵੱਲ ਨੂੰ ਚੱਲ ਪਏ। ਜਦੋਂ ਅਸੀਂ ਰੇਲਵੇ ਕਰਾਸਿੰਗ ਕੋਲ ਪੈਂਦੇ ਥਾਣੇ ਲਾਗੇ ਪੁੱਜੇ ਤਾਂ ਸਾਨੂੰ ਪੁਲਸ ਨੇ ਨਾਕੇ 'ਤੇ ਰੋਕ ਲਿਆ। ਤਿੰਨ ਚਾਰ ਪੁਲਸ ਵਾਲੇ ਸਾਡੇ ਕੋਲ ਆਏ ਅਤੇ ਸਾਨੂੰ ਧੱਕਦੇ ਹੋਏ ਥਾਣੇ ਲੈ ਗਏ। ਅਸੀਂ ਉਨ੍ਹਾਂ ਨੂੰ ਕਿਹਾ ਕਿ ਸਾਡਾ ਕਸੂਰ ਕੀ ਹੈ? ਉਹ ਕਹਿਣ ਲੱਗੇ ਕਿ ਕੀ ਪਤਾ ਸਿਨੇਮੇ ਵਿੱਚ ਬੰਬ ਤੁਸੀਂ ਚਲਾਇਆ ਹੈ। ਇੰਨਾ ਸੁਣ ਕੇ ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਕਿਹੜਾ ਸਿਨੇਮਾ, ਕਿਹੜਾ ਬੰਬ? ਉਹ ਸਾਨੂੰ ਕਹਿਣ ਲੱਗੇ, 'ਦੇਖੋ ਕਿੰਨਾ ਭੋਲੇ ਬਣਦੇ ਨੇ। ਉਨ੍ਹਾਂ ਸਾਨੂੰ ਥਾਣੇ ਲਿਜਾ ਕੇ ਸਾਡੀਆਂ ਗੁੱਟ ਘੜੀਆਂ ਉਤਰਾ ਕੇ ਸਾਡੀਆਂ ਜੇਬਾਂ 'ਚੋਂ ਸਾਰਾ ਕੁਝ ਕੱਢ ਲਿਆ ਅਤੇ ਸਾਨੂੰ ਕੱਪੜੇ ਉਤਾਰਨ ਲਈ ਕਿਹਾ। ਅਸੀਂ ਉਨ੍ਹਾਂ ਦਾ ਤਰਲਾ ਕਰਨ ਲੱਗ ਪਏ। ਉਨ੍ਹਾਂ ਦੇ ਮਨ 'ਚ ਪਤਾ ਨਹੀਂ ਕੀ ਆਇਆ ਕਿ ਉਨ੍ਹਾਂ ਨੇ ਸਾਡੇ ਕੱਪੜੇ ਨਹੀਂ ਲਾਹੇ ਪਰ ਸਾਨੂੰ ਤੰਗ ਜਿਹੇ ਸੀਖਾਂ ਵਾਲੇ ਕਮਰੇ ਵਿੱਚ ਬੰਦ ਕਰ ਦਿੱਤਾ। ਗਰਮੀ ਦਾ ਮੌਸਮ ਹੋਣ ਕਾਰਨ ਸਾਡੇ ਪਸੀਨੇ ਛੁੱਟ ਰਹੇ ਸਨ।

ਕਾਫੀ ਸਮਾਂ ਬੀਤ ਗਿਆ। ਸਾਡੀ ਕੋਈ ਸੁਣਵਾਈ ਨਹੀਂ ਸੀ ਹੋ ਰਹੀ। ਥੋੜ੍ਹੀ ਦੇਰ ਬਾਅਦ ਥਾਣੇ ਵਿੱਚ ਇਕ ਲੜਕਾ ਚਾਹ ਲੈ ਕੇ ਆਇਆ। ਉਹ ਕੁਝ ਕੈਦੀਆਂ ਨੂੰ ਚਾਹ ਦੇ ਕੱਪ ਫੜਾ ਕੇ ਮੁੜਨ ਲੱਗਾ ਸੀ ਕਿ ਅਸੀਂ ਉਸ ਨੂੰ ਹਾਕ ਮਾਰ ਲਈ। ਮਨਜੀਤ ਸਿੰਘ ਘੋੜਾਵਾਹਾ ਨੇ ਆਪਣੀ ਜੇਬ 'ਚੋਂ ਸੌ ਰੁਪਏ ਕੱਢ ਕੇ ਉਸ ਲੜਕੇ ਨੂੰ ਦਿੱਤੇ ਤੇ ਕਿਹਾ ਕਿ ਸਾਡੇ ਲਈ ਤਿੰਨ ਠੰਢੇ ਦੀਆਂ ਬੋਤਲਾਂ ਲੈ ਕੇ ਆ। ਥਾਣੇ ਦੇ ਨਾਲ ਪਿਛਲੇ ਪਾਸੇ ਲਾਇਲਪੁਰ ਖਾਲਸਾ ਕਾਲਜ ਦੇ ਪ੍ਰੋਫੈਸਰਾਂ ਦੀ ਰਿਹਾਇਸ਼ ਸੀ। ਉਨ੍ਹਾਂ ਰਿਹਾਇਸ਼ਾਂ ਵਿੱਚ ਸਾਡੇ ਵਿਭਾਗ ਦੇ ਮੁਖੀ ਪ੍ਰੋ. ਨਰੰਜਣ ਸਿੰਘ ਢੇਸੀ ਰਹਿੰਦੇ ਸਨ। ਉਹ ਨਿੱਜ ਰਹਿਤ ਇਨਸਾਨ ਸਨ। ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿੱਚ ਲਵਾਏ ਰੁੱਖ ਬੜੀ ਲੰਮੀ ਦੇਰ ਤੱਕ ਉਨ੍ਹਾਂ ਦੀ ਯਾਦ ਦਿਵਾਉਂਦੇ ਰਹਿਣਗੇ। ਸਾਡੇ ਤਿੰਨਾਂ ਨਾਲ ਉਨ੍ਹਾਂ ਦਾ ਬੜਾ ਮੋਹ ਸੀ। ਅਸੀਂ ਮੋਹਰਲੀਆਂ ਬੈਚਾਂ 'ਤੇ ਬੈਠਣ ਵਾਲੇ ਵਿਦਿਆਰਥੀ ਸਾਂ। ਮੈਨੂੰ ਇਕ ਵਾਰ ਉਨ੍ਹਾਂ ਦੇ ਘਰ ਜਾਣ ਦਾ ਮੌਕਾ ਮਿਲਿਆ ਸੀ। ਇਸੇ ਲਈ ਮੈਨੂੰ ਪਤਾ ਸੀ ਕਿ ਉਹ ਇਥੇ ਰਹਿੰਦੇ ਹਨ। ਮੈਂ ਇਕ ਪੇਪਰ 'ਤੇ ਉਨ੍ਹਾਂ ਦਾ ਐਡਰੈਸ ਅਤੇ ਆਪਣੇ ਤਿੰਨਾਂ ਦੇ ਨਾਂ ਲਿਖ ਕੇ ਉਸ ਚਾਹ ਵਾਲੇ ਨੂੰ ਦਿੱਤੇ ਕਿ ਇਹ ਪੇਪਰ ਇਸ ਐਡਰੈਸ 'ਤੇ ਦੇ ਕੇ ਆਵੀਂ ਅਤੇ ਬਾਕੀ ਪੈਸੇ ਤੂੰ ਰੱਖ ਲਈਂ। ਉਸ ਨੇ ਸਾਡੇ ਤੋਂ 100 ਰੁਪਏ ਲਏ ਅਤੇ ਚਲਾ ਗਿਆ। ਮੈਨੂੰ ਯਕੀਨ ਸੀ ਕਿ ਜਦੋਂ ਇਹ ਖਤ ਉਨ੍ਹਾਂ ਤੱਕ ਪੁੱਜੇਗਾ ਤਾਂ ਉਹ ਤੁਰੰਤ ਸਾਨੂੰ ਰਿਹਾਅ ਕਰਵਾਉਣ ਥਾਣੇ ਆ ਜਾਣਗੇ।

ਬੜੀ ਦੇਰ ਉਸ ਚਾਹ ਵਾਲੇ ਦਾ ਇੰਤਜ਼ਾਰ ਕਰਦੇ ਰਹੇ, ਪਰ ਨਾ ਉਹ ਆਇਆ ਨਾ ਉਸ ਦੇ ਠੰਢੇ ਆਏ ਅਤੇ ਨਾ ਹੀ ਪ੍ਰੋਫੈਸਰ ਸਾਹਿਬ ਸਾਨੂੰ ਛੁਡਾਉਣ ਆਏ। ਹਨੇਰਾ ਹੋ ਰਿਹਾ ਸੀ। ਅਸੀਂ ਇਕ ਪੁਲਸ ਵਾਲੇ ਨੂੰ ਪੁੱਛਿਆ ਕਿ ਚਾਹ ਵਾਲੇ ਨੂੰ ਮਿਲਣਾ ਹੈ ਤਾਂ ਉਸ ਨੇ ਦੱਸਿਆ ਕਿ ਚਾਹ ਵਾਲਾ ਖੋਖਾ ਬੰਦ ਕਰਕੇ ਕਦੋਂ ਦਾ ਚਲੇ ਗਿਆ ਹੈ। ਸਾਡੀ ਆਸ ਦਾ ਦੀਵਾ ਬੁੱਝ ਚੁੱਕਾ ਸੀ। ਮੈਨੂੰ ਸੀਖਾਂ ਵਾਲੀ ਤੰਗ ਕੋਠੜੀ ਵਿੱਚ ਬੈਠਿਆਂ 1984 ਦੀ ਯਾਦ ਆਉਣ ਲੱਗੀ ਜਦੋਂ ਫਰਜ਼ੀ ਮੁਕਾਬਲਿਆਂ ਵਿੱਚ ਨੌਜਵਾਨਾਂ ਨੂੰ ਅੱਤਵਾਦੀ ਐਲਾਨ ਕੇ ਮਾਰਿਆ ਜਾਂਦਾ ਸੀ। ਮੇਰਾ ਡਰਦੇ ਦਾ ਪਸੀਨੇ ਨਾਲ ਹੋਰ ਬੁਰਾ ਹਾਲ ਸੀ। ਇੰਨੀ ਦੇਰ ਨੂੰ ਇਕ ਸਿਪਾਹੀ ਨੇ ਆਵਾਜ਼ ਮਾਰੀ ਕਿ ਬਾਹਰ ਆ ਕੇ ਲਾਈਨ ਵਿੱਚ ਲੱਗ ਜਾਓ। ਅਸੀਂ ਤਿੰਨੇ ਜਣੇ ਲਾਈਨ ਵਿੱਚ ਲੱਗ ਗਏ। ਉਸੇ ਵਕਤ ਥਾਣੇ ਅੰਦਰ ਇਕ ਪੁਲਸ ਅਫਸਰ ਚਾਰ ਪੰਜ ਮਲਾਜ਼ਮਾਂ ਨਾਲ ਬੜੀ ਤੇਜ਼ ਗਤੀ ਵਿੱਚ ਦਾਖਲ ਹੋਇਆ। ਉਸ ਦੇ ਸਕਿਉਰਿਟੀ ਵਾਲੇ ਬਾਹਰ ਖੜੇ ਹੋ ਗਏ। ਉਨ੍ਹਾਂ 'ਚੋਂ ਇਕ ਦੀ ਨਜ਼ਰ ਲਾਈਨ ਵਿੱਚ ਖੜੇ ਮਨਜੀਤ ਸਿੰਘ ਘੋੜਾਬਾਹਾ 'ਤੇ ਪੈ ਗਈ। ਉਹ ਸਾਡੇ ਕੋਲ ਆ ਕੇ ਕਹਿੰਦਾ ਕਿ ਮਨਜੀਤ ਸਿੰਘ ਤੂੰ ਇਥੇ ਕਿਸ ਤਰ੍ਹਾਂ ਖੜ੍ਹਾ ਏ? ਅਸੀਂ ਤਿੰਨਾਂ ਨੇ ਸਾਰੀ ਕਹਾਣੀ ਉਸ ਨੂੰ ਦੱਸੀ। ਉਸ ਨੇ ਸਾਨੂੰ ਹੌਸਲਾ ਦਿੰਦਿਆਂ ਕਿਹਾ ਕਿ ਫਿਕਰ ਨਾ ਕਰੋ। ਉਸ ਨੇ ਆਪਣੀ ਜੇਬ 'ਚੋਂ ਇਕ ਪੇਪਰ ਕੱਢਿਆ ਤੇ ਪੁਲਸ ਲਾਈਨ ਦਾ ਪਤਾ ਟਿਕਾਣਾ ਲਿਖ ਦਿੱਤਾ ਤੇ ਕਿਹਾ ਕਿ ਹਨੇਰਾ ਹੋ ਗਿਆ ਹੈ। ਤੁਸੀਂ ਮੇਰੇ ਕੁਆਰਟਰ 'ਤੇ ਆ ਜਾਣਾ। ਸਾਨੂੰ ਹੌਸਲਾ ਬੱਝ ਗਿਆ। ਥੋੜ੍ਹੀ ਦੇਰ ਬਾਅਦ ਉਹ ਥਾਣੇਦਾਰ ਦੇ ਕਮਰੇ 'ਚੋਂ ਬੜੀ ਤੇਜ਼ ਗਤੀ ਨਾਲ ਨਿਕਲਿਆ। ਅਜੇ ਆਪਣੀ ਲਾਲ ਬੱਤੀ ਵਾਲੀ ਕਾਰ ਵੱਲ ਜਾ ਰਿਹਾ ਸੀ ਤਾਂ ਉਸ ਨੂੰ ਸੁਨੇਹਾ ਮਿਲਿਆ ਕਿ ਥਾਣੇਦਾਰ ਦੇ ਕਮਰੇ ਵਿੱਚ ਜਾਓ। ਉਹ ਜਾ ਕੇ ਜਲਦੀ ਵਾਪਸ ਆ ਗਿਆ। ਮਨਜੀਤ ਸਿੰਘ ਦੇ ਦੋਸਤ ਨੇ ਸਾਨੂੰ ਇਸ਼ਾਰਾ ਕਰਕੇ ਕਿਹਾ ਕਿ ਕੰਮ ਹੋ ਗਿਆ ਹੈ।

ਅਸੀਂ ਲਾਈਨ ਵਿੱਚ ਲੱਗੇ ਆਪਣੀ ਵਾਰੀ ਦਾ ਇੰਤਜ਼ਾਰ ਕਰਨ ਲੱਗ ਪਏ। ਅਸੀਂ ਥਾਣੇਦਾਰ ਨੂੰ ਸਤਿ ਸ੍ਰੀ ਅਕਾਲ ਬੁਲਾਈ। ਥਾਣੇਦਾਰ ਕਹਿਣ ਲੱਗਾ, 'ਉਏ ਤੁਸੀਂ ਹੋ ਜਿਹੜੇ ਤਿੰਨ ਫੜ ਕੇ ਲਿਆਂਦੇ ਹਾਂ।' ਅਸੀਂ ਕਿਹਾ ਜੀ ਸਰ। ਥਾਣੇਦਾਰ ਨੇ ਰੋਹੜ ਝਾੜਦੇ ਹੋਏ ਕਿਹਾ ਕਿ ਤੁਹਾਨੂੰ ਨਹੀਂ ਪਤਾ ਕਿ ਟ੍ਰਿਪਲ ਸਵਾਰੀ ਬੰਦ ਹੈ। ਅਸੀਂ ਇਸ ਦੀ ਜਾਣਕਾਰੀ ਨਾ ਹੋਣ ਬਾਰੇ ਕਿਹਾ ਅਤੇ ਦੱਸਿਆ ਕਿ ਅਸੀਂ ਸਰ ਲਾਇਲਪੁਰ ਖਾਲਸਾ ਕਾਲਜ ਦੇ ਐਮ ਏ ਦੇ ਵਿਦਿਆਰਥੀ ਹਾਂ। ਥਾਣੇਦਾਰ ਨੇ ਕਿਹਾ, 'ਚਲੋ ਭੱਜੋ! ਅੱਗੇ ਤੋਂ ਗਲਤੀ ਨਾ ਕਰਿਓ।' ਅਸੀਂ ਬੇਨਤੀ ਕੀਤੀ ਕਿ ਸਾਡਾ ਸਾਮਾਨ ਤੇ ਸਕਟੂਰ ਦਿਵਾ ਦਿਓ। ਥਾਣੇਦਾਰ ਨੇ ਟੇਬਲ ਬੈਲ ਦਾ ਬਟਨ ਦਬਾਇਆ ਤੇ ਕਰਮਚਾਰੀ ਨੂੰ ਸਾਡਾ ਸਾਮਾਨ ਅਤੇ ਸਕੂਟਰ ਦੇਣ ਲਈ ਕਿਹਾ। ਅਸੀਂ ਸਕੂਟਰ ਲੈ ਕੇ ਪੈਦਲ ਬੱਸ ਸਟੈਂਡ ਵੱਲ ਤੁਰ ਪਏ। ਹਨੇਰਾ ਗੂੜ੍ਹਾ ਹੋ ਚੁੱਕਾ ਸੀ। ਬੱਸਾਂ ਦਾ ਸਮਾਂ ਕੋਈ ਨਹੀਂ ਸੀ। ਕੋਈ ਚਾਰਾ ਨਾ ਦੇਖ ਕੇ ਅਸੀਂ ਪੁਲਸ ਲਾਈਨ ਵੱਲ ਨੂੰ ਚੱਲ ਪਏ। ਉਥੇ ਪਹੁੰਚ ਕੇ ਅਸੀਂ ਮਨਜੀਤ ਸਿੰਘ ਘੋੜਾਬਾਹਾ ਦੇ ਦੋਸਤ ਨੂੰ ਲੱਭਿਆ। ਉਸ ਨੇ ਸਾਨੂੰ ਰੋਟੀ ਪਾਣੀ ਖੁਆਇਆ ਤੇ ਸਾਨੂੰ ਰਾਤ ਆਪਣੇ ਕੋਲ ਹੀ ਰੱਖਿਆ। ਦੂਜੇ ਦਿਨ ਸਵੇਰੇ ਹੀ ਅਸੀਂ ਉਨ੍ਹਾਂ ਦਾ ਧੰਨਵਾਦ ਕਰਕੇ ਆਪੋ ਆਪਣੇ ਘਰਾਂ ਨੂੰ ਰਵਾਨਾ ਹੋਏ।

## ਵਿਅੰਗ: ਮਣੀ ਮੋਗੇ ਵਾਲੀ

-ਐੱਅ ਕੇ ਰਾਹੀ

ਜਨਾਬ! ਤੁਸੀਂ ਮੇਰੇ ਲੇਖ ਦਾ ਸਿਰਲੇਖ 'ਮਣੀ ਮੋਗੇ ਵਾਲੀ' ਪੜ੍ਹ ਕੇ ਮੇਰੀ ਮੂਰਖਤਾ 'ਤੇ ਜ਼ਰੂਰ ਹੱਸੇ ਹੋਵੋਗੇ? ਜ਼ਰੂਰ ਹੱਸੋ, ਫਿਰ ਕਿਹੜਾ ਮਾਈ ਦਾ ਲਾਲ ਹੈ, ਜੋ ਤੁਹਾਨੂੰ ਹੱਸਣੋਂ ਰੋਕ ਸਕਦਾ ਹੈ। ਮਣੀ ਦੇ ਪੰਜਾਬੀ ਅਤੇ ਅੰਗਰੇਜ਼ੀ ਦੇ ਵੱਖ-ਵੱਖ ਅਰਥ ਨਿਕਲਦੇ ਹਨ, ਪਰ ਭਾਵ ਦੋਵਾਂ ਦਾ ਇੱਕੋ ਹੈ, ਜਿਸ ਨੂੰ ਹਾਸਲ ਕਰਨ ਲਈ, ਸਾਰੇ ਸੰਸਾਰ 'ਚ ਹਫੜਾ-ਦਫੜੀ ਅਤੇ ਭੱਜ-ਦੌੜ ਲੱਗੀ ਹੋਈ ਹੈ। ਪਤਾ ਜੇ ਕਿਉਂ? ਕਿਉਂਕਿ ਰਾਤੋ-ਰਾਤ ਇਸ ਨੂੰ ਹਾਸਲ ਕਰ, ਕਰੋੜਪਤੀ ਬਣਨ ਦੇ ਯਤਨ ਤੇ ਹੀਲੇ-ਵਸੀਲੇ ਕੀਤੇ ਜਾ ਰਹੇ ਹਨ, ਜਦ ਕਿ ਅਸੀਂ ਇੱਕ ਚੰਗੇ ਪਤੀ ਨਹੀਂ ਬਣ ਸਕੇ। ਇਹ ਵੀ ਦੰਦ ਕਥਾ ਹੈ ਕਿ ਸੱਪਾਂ ਦੀਆਂ ਹਜ਼ਾਰਾਂ ਕਿਸਮਾਂ ਹੁੰਦੀਆਂ ਹਨ, ਪਰ ਇਨ੍ਹਾਂ 'ਚ ਇੱਕ ਅਨੋਖੀ ਕਿਸਮ ਦਾ ਸੱਪ ਹੁੰਦਾ ਹੈ, ਜਿਸ ਦੇ ਮੱਥੇ 'ਤੇ ਮਣੀ ਹੁੰਦੀ ਹੈ। ਜਿਸ ਜੋਗੀ ਨਾਥ ਦੇ ਹੱਥ ਉਹ ਮਣੀ ਲੱਗ ਜਾਵੇ, ਉਸ ਦੀਆਂ 'ਨੌਂ ਨਿਧਾਂ ਤੇ ਬਾਰ੍ਹਾਂ ਸਿੱਧਾਂ' ਹੋ ਜਾਂਦੀਆਂ ਹਨ।

ਜਿਵੇਂ ਲੋਕ ਸਭਾ ਦੇ ਇਲੈਕਸ਼ਨ ਤੋਂ ਪਹਿਲਾਂ ਐਨ ਡੀ ਏ ਅਤੇ ਯੋਗੀ ਬਾਬਾ ਰਾਮਦੇਵ ਕਹਿੰਦੇ ਸਨ ਕਿ ਐਤਕਾਂ ਭਾਰਤ ਦੇ ਪ੍ਰਧਾਨ ਮੰਤਰੀ ਭਾਜਪਾ ਦੇ ਨਰਿੰਦਰ ਮੋਦੀ ਜੀ ਨੂੰ ਬਣਾਓ, ਸ਼ੀਸ਼ ਆਸਣ (ਸਿਰ ਪਰਨੇ) ਹੋ ਕੇ ਵਾਅਦਾ ਕਰਦੇ ਹਾਂ, ਜੇ ਸਾਡੀ ਸਰਕਾਰ ਬਣੀ ਤਾਂ ਅਸੀਂ ਸਭ ਤੋਂ ਪਹਿਲਾਂ ਨੇਕ ਕੰਮ ਇਹ ਕਰਾਂਗੇ ਕਿ ਜੋ ਵਿਦੇਸ਼ਾਂ ਦੇ ਬੈਂਕਾਂ ਵਿੱਚ ਸਾਡੇ ਦੇਸ਼ ਦੇ ਭ੍ਰਿਸ਼ਟ ਨੇਤਾਵਾਂ ਦੀ ਬਲੈਕ ਮਨੀ ਪਈ ਹੈ, ਉਸ ਨੂੰ ਹਾਸਲ ਕਰ ਕੇ ਦੇਸ਼ 'ਚ ਲਿਆਵਾਂਗੇ ਤੇ ਪਿਆਰੀ ਜਨਤਾ ਨੂੰ ਹੀ ਨਹੀਂ, ਦੇਸ਼ ਨੂੰ ਵੀ ਖੁਸ਼ਹਾਲ ਕਰਾਂਗੇ। ਸਰਕਾਰ ਮੋਦੀ ਜੀ ਦੀ ਬਣ ਗਈ ਹੈ, ਸਿਰਫ ਦੇਖਣਾ ਇਹ ਹੈ ਕਿ 'ਉਠ ਕਿਸ ਕਰਵਟ ਬੈਠਦਾ ਹੈ' ਅਤੇ ਵਿਦੇਸ਼ਾਂ ਵਿੱਚ ਪਈ ਬਲੈਕ ਮਨੀ ਕਦੋਂ ਸਾਡੇ ਦੇਸ਼ ਵਿੱਚ ਆਉਂਦੀ ਹੈ ਤਾਂ ਹੁਣ ਬਾਬਾ ਜੀ ਕੀ ਪ੍ਰਵਚਨ ਉਚਾਰਦੇ ਨੇ।

ਖੈਰ! ਆਪਾਂ ਵੀ ਕਿਸ ਕੁਰਾਹੇ ਪੈ ਗਏ, ਜਿਸ ਮਣੀ ਨੂੰ ਹਾਸਲ ਕਰਨ ਲਈ ਅਸੀਂ ਸਾਰੀ ਜ਼ਿੰਦਗੀ ਜੱਦੋਜਹਿਦ ਕਰਦੇ ਅਤੇ ਤਰਲੋਮੱਛੀ ਹੁੰਦੇ ਰਹੇ, ਜਦ ਸਾਡੀ ਅਰਾਧਨਾ ਉਸ ਦੀ ਦਰਗਾਹ 'ਚ ਕਬੂਲ ਹੋਈ ਤਾਂ ਮਣੀ ਨੇ ਸਾਡੇ ਬੂਹੇ 'ਤੇ ਆਣ ਦਸਤਕ ਦਿੱਤੀ ਤਾਂ ਅਸੀਂ ਬਾਗੋਬਾਗ ਹੋ ਗਏ, ਪਰ ਸਾਡੇ ਬੁਝੇ ਦਿਲ ਨੇ ਉਸ ਤੋਂ ਮੁੱਖ ਮੋੜ ਲਿਆ। ਇਹ ਹੀ ਇੱਕ ਦਾਸਤਾਨ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਕੁਝ ਦਿਨ ਹੋਏ, ਮੇਰਾ ਇੱਕ ਵਿਅੰਗ ਲੇਖ ਇੱਕ ਅਖਬਾਰ ਵਿੱਚ ਛਪਿਆ ਅਤੇ ਮੇਰੇ ਫੋਨ ਦੀ ਟਰਨ-ਟਰਨ-ਟਰਨ ਘੰਟੀ ਵੱਜੀ।

''ਹੈਲੋ!''

''ਮਿਸਟਰ ਭੌਂਦੂ ਰਾਮ ਜੀ।''

''ਜੀ ਹਾਂ, ਮੈਂ ਭੌਂਦੂ ਰਾਮ ਹੀ ਬੋਲ ਰਿਹਾ ਹਾਂ।''

''ਸਰ, ਮਣੀ ਮੋਗੇ ਤੋਂ ਬੋਲ ਰਹੀ ਹਾਂ। ਅਕਸਰ ਤੁਹਾਡੇ ਵਿਅੰਗ ਅਖਬਾਰਾਂ, ਰਸਾਲਿਆਂ 'ਚ ਪੜ੍ਹਦੀ ਰਹਿੰਦੀ ਹਾਂ। ਅੱਜ ਦਾ ਲੇਖ ਅਖਬਾਰ ਵਿੱਚ ਪੜ੍ਹਿਆ, ਬੜਾ ਚੰਗਾ ਲੱਗਿਆ, ਤੇ ਮਨ ਬਾਗੋਬਾਗ ਹੋ ਗਿਆ ਤੇ ਮੈਂ ਸੋਚਿਆ ਤੁਹਾਨੂੰ ਇਸ ਕਿਰਤ ਦੀ ਮੁਬਾਰਕਬਾਦ ਦੇਵਾਂ।''

''ਮਣੀ ਜੀ! ਬਹੁਤ ਬਹੁਤ ਧੰਨਵਾਦ।'' ਅਸੀਂ ਰਿਸੀਵਰ ਰੱਖਦਿਆਂ ਕਿਹਾ।

''ਟਰਨ-ਟਰਨ-ਟਰਨ।''

''ਹੈਲੋ।''

''ਸਰ! ਭੌਂਦੂ ਰਾਮ ਜੀ ਬੋਲ ਰਹੇ ਹਨ?''

''ਜੀ ਹਾਂ! ਅਸੀਂ...।''

''ਜਨਾਬ! ਮੈਂ ਅਜੀਤਵਾਲ, ਜ਼ਿਲ੍ਹਾ ਮੋਗਾ ਤੋਂ ਤੁਹਾਡਾ ਸ਼ੁਭਚਿੰਤਕ ਜੱਸੀ ਬੋਲ ਰਿਹਾ ਹਾਂ, ਮੈਂ ਤੁਹਾਡੇ ਲੇਖ ਪੜ੍ਹਦਾ ਰਹਿੰਦਾ ਹਾਂ, ਜੋ ਬੜੇ ਅਗਾਂਹਵਧੂ ਤੇ ਵਧੀਆ ਹੁੰਦੇ ਹਨ ਤੇ ਮਨ ਗਲੈਡੋ-ਗਲੈਡ ਹੋ ਜਾਂਦਾ ਹੈ। ਮੈਂ ਤੁਹਾਡੇ ਨਾਲ ਫਰੈਂਡਸ਼ਿਪ ਕਰਨੀ ਚਾਹੁੰਦਾ ਹਾਂ ਚੈਟਿੰਗ ਵਾਸਤੇ।

''ਅੱਛਾ! ਬੇਟੇ ਤੁਸੀਂ ਕੀ ਕਰਦੇ ਹੋ?'' ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ।

''ਅੰਕਲ! ਮੈਂ ਬੀ ਏ ਫਾਈਨਲ 'ਚ ਹਾਂ ਅਤੇ ਕੈਨੇਡਾ ਜਾਣ ਦੀ ਟਰਾਈ ਮਾਰ ਰਿਹਾ ਹਾਂ।''

''ਬੇਟੇ ਮਿਹਨਤ ਕਰੋ। ਸਫਲਤਾ ਤੁਹਾਡੇ ਅਵੱਸ਼ ਪੈਰ ਚੁੰਮੇ-ਚੱਟੇਗੀ।''

''ਠੀਕ ਏ, ਪਰ ਕੀ ਤੁਸੀਂ ਇਕੱਲੇ ਰਹਿੰਦੇ ਹੋ?''

''ਨਹੀਂ, ਪਰਵਾਰ ਸਹਿਤ।''

''ਧੰਨਵਾਦ।'' ਉਸ ਫੋਨ ਰੱਖਦਿਆਂ ਕਿਹਾ, ਉਸ ਤੋਂ ਬਾਅਦ ਵੀ ਕਈ ਪਾਠਕਾਂ ਤੇ ਸ਼ੁਭਚਿੰਤਕਾਂ ਦੇ ਫੋਨ ਆਏ। ਜਦ ਅਸੀਂ ਇਸ ਖੁਸ਼ੀ ਦਾ ਆਨੰਦ ਮਾਨਣ ਲਈ ਦੋ ਕੁ ਲੰਡੂ ਜਿਹੇ ਹਾੜੇ ਲਾ ਕੇ ਰਾਤ ਰਾਣੀ ਦੀ ਗੋਂਦ 'ਚ ਪਏ ਹੀ ਸਾਂ ਤਾਂ ਫੋਨ ਦੀ ਘੰਟੀ ਫਿਰ ਵੱਜੀ। ਅਸਾਂ ਨਾ ਚਾਹੁੰਦਿਆਂ ਵੀ ਰਿਸੀਵਰ ਚੁੱਕ ਕੇ ਹੈਲੋ ਕਹੀ ਤਾਂ ਅੱਗੋਂ ਬੜੀ ਸੁਰੀਲੀ ਆਈ, ''ਲੱਗੀ ਵਾਲੇ ਤਾਂ ਕਦੇ ਨਾ ਸੌਂਦੇ, ਤੇਰੀ ਕਿਵੇਂ ਅੱਖ ਲੱਗ ਗਈ।''

''ਦੱਸੋ! ਤੁਹਾਡਾ ਸਵੇਰੇ ਵੀ ਫੋਨ ਆਇਆ ਸੀ।''

''ਜੀ ਹਾਂ! ਹੁਣ ਮੇਰਾ ਫਿਰ ਦਿਲ ਕੀਤਾ ਤਾਂ ਮੈਂ, ਹਾਂ, ਮੈਂ ਤੁਹਾਡੇ ਨਾਲ ਫਰੈਂਡਸ਼ਿਪ ਕਰਨਾ ਚਾਹੁੰਦੀ ਹਾਂ।''

''ਹੈਂ! ਫਰੈਂਡਸ਼ਿਪ ਉਹ ਵੀ ਮੇਰੇ ਨਾਲ।''

''ਜੀ ਹਾਂ।''

''...ਪਰ ਤੁਸੀਂ ਕਰਦੇ ਕੀ ਹੋ? ...ਤੇ ਤੁਹਾਡੀ ਉਮਰ।''

''ਜਨਾਬ! ਮੈਂ ਐੱਮ ਏ ਪਾਸ ਹਾਂ ਅਤੇ ਪ੍ਰਾਈਵੇਟ ਸਕੂਲ ਵਿੱਚ ਸਰਵਿਸ ਕਰਦੀ ਹਾਂ। ਮੈਨੂੰ ਤੁਹਾਡੀਆਂ ਰਚਨਾਵਾਂ ਪੜ੍ਹਦਿਆਂ ਤੁਹਾਡੇ ਨਾਲ ਪਿਆਰ ਹੋ ਗਿਆ ਹੈ।

''ਕੀ! ਮੈਂ ਤੁਹਾਡਾ ਮਤਲਬ ਨਹੀਂ ਸਮਝਿਆ।''

''ਇਸ 'ਚ ਨਾ ਸਮਝਣ ਵਾਲੀ ਕਿਹੜੀ ਗੱਲ ਹੈ, ਮੈਨੂੰ ਤੁਹਾਡੇ ਨਾਲ ਉਹ ਹੋ ਗਿਆ, ਜਿਸ ਨਾਮੁਰਾਦ ਨੂੰ ਇਸ਼ਕ ਕਹਿੰਦੇ ਹਨ।''

''ਮੇਰੇ ਖਿਆਲ 'ਚ ਤੂੰ ਝੱਲੀ ਹੋ ਗਈ ਹੈਂ ਤੇ ਐਵੇਂ ਝੱਲ ਖਿਲਾਰ ਰਹੀ ਹੈਂ।''

''ਜਨਾਬ! ਮੇਰੇ ਨਾਲੋਂ ਜੱਗੋਂ ਤੇਰਵੀਂ ਨਹੀਂ, ਸਗੋਂ ਬੜਾ ਵੱਡਾ ਧੋਖਾ ਹੋਇਆ, ਮੇਰਾ ਵਿਆਹ ਕੈਨੇਡਾ 'ਚ ਕੰਮ ਕਰਦੇ ਮੁੰਡੇ ਨਾਲ ਕਰ ਦਿੱਤਾ ਗਿਆ। ਉਹ ਸ਼ਰਾਬੀ-ਕਬਾਬੀ ਦੋ-ਤਿੰਨ ਮਹੀਨੇ ਇੰਡੀਆ 'ਚ ਰਹਿ ਕੇ ਮੇਰੇ ਨਾਲ ਮੌਜ-ਮਸਤੀ ਕਰਦਾ ਰਿਹਾ। ਉਸ ਤੋਂ ਬਾਅਦ 'ਜੰਗਲ ਗਏ ਨਾ ਬਹੁੜਦੇ ਰਾਣੀ ਸੁੰਦਰਾਂ ਨੂੰ', ਉਸ ਨੇ ਮੇਰੀ ਸਾਰ ਨਹੀਂ ਲਈ। ਇਸ ਦੁੱਖ ਵਿੱਚ ਦੁਖੀ ਹੁੰਦਾ ਮੇਰਾ ਬਾਪੂ ਅਕਾਲ ਚਲਾਣਾ ਕਰ ਗਿਆ ਤੇ ਸਾਡੇ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਮੈਂ ਆਪਣੀ ਬੁੱਢੀ ਮਾਂ ਨਾਲ ਜੋ ਅਕਸਰ ਬਿਮਾਰ ਰਹਿੰਦੀ ਹੈ, ਜ਼ਿੰਦਗੀ ਦੇ ਪੈਂਤੀ ਸਾਲ 'ਗਿੱਲੇ ਗੋਹੇ ਵਾਂਗੂੰ, ਧੁੱਖਦਿਆਂ, ਧੁੱਖ-ਧੁੱਖ ਗਾਲ ਦਿੱਤੇ।''

''ਖੈਰ! ਜੋ ਤੁਹਾਡੇ ਨਾਲ ਹੋਇਆ, ਬਹੁਤ ਮਾੜਾ ਹੋਇਆ, ਬੀਤੇ ਨੂੰ ਭੁੱਲ ਪ੍ਰਮਾਤਮਾ 'ਤੇ ਭਰੋਸਾ ਕਰੋ, ਉਹ ਤੁਹਾਡੀ ਅਵੱਸ਼ ਮਦਦ ਕਰੇਗਾ। ਤੁਸੀਂ ਦੁਬਾਰਾ ਸ਼ਾਦੀ ਕਿਉਂ ਨਹੀਂ ਕਰਵਾ ਲੈਂਦੇ?''

''ਕੀ ਦੱਸਾਂ ਜੀ! ਮੇਰੇ ਬਾਪੂ ਜੀ ਪੁਰਾਣੇ ਖਿਆਲਾਂ ਦੇ ਸਨ ਤੇ ਉਹ ਕਿਹਾ ਕਰਦੇ ਸਨ ਕਿ ਕੁੜੀ ਦਾ ਵਿਆਹ ਇੱਕੋ ਵਾਰ ਹੀ ਕੀਤਾ ਜਾਂਦਾ ਹੈ, ਵਾਰ-ਵਾਰ ਨਹੀਂ।''

''ਉਹ ਤਾਂ ਠੀਕ ਏ। ਹੁਣ ਤਾਂ ਤੁਹਾਡੇ ਬਾਪੂ...। ਸ਼ਰੀਕਾਂ 'ਤੇ ਜ਼ੋਰ ਪਾ ਕੇ...।''

''ਅਕਸਰ! ਉਨ੍ਹਾਂ ਬਾਪੂ ਦੀ ਮੌਤ ਤੋਂ ਬਾਅਦ, ਜਿਹੜੇ ਦੋ ਸਿਆੜ ਸਾਡੇ ਹਿੱਸੇ ਆਉਂਦੇ ਸਨ, ਉਹ ਵੀ ਧੋਖੇ ਨਾਲ ਆਪਣੇ ਨਾਂਅ ਕਰਵਾ ਲਏ, ਮਨ ਬੜੀ ਬੇਚੈਨ ਤੇ ਉਚਾਟ ਰਹਿੰਦਾ ਹੈ ਤੇ ਮੈਂ ਸੋਚਿਆ...।''

''ਕਮਲੀਏ! ਕੀ ਤੂੰ ਮੇਰੇ ਨਾਲ ਫਰੈਂਡਸ਼ਿਪ ਕਰ ਕੇ ਆਪਣੇ ਦੁੱਖਾਂ 'ਚ ਹੋਰ ਵਾਧਾ ਕਰਨਾ ਚਾਹੁੰਦੀ ਏਂ।''

''ਪਿਆਰ 'ਚ ਸਭ ਕੁਝ ਚੱਲਦਾ ਹੈ, ਤੁਹਾਡੇ ਅਨਮੋਲ ਵਿਚਾਰਾਂ ਦੀ ਮੈਂ ਦੀਵਾਨੀ ਹਾਂ ਤੇ ਕਦਰ ਕਰਦੀ ਹਾਂ। ਫਿਰ ਮਰਦ, ਘੋੜਾ ਤੇ ਲੇਖਕ ਕਦੇ ਬੁੱਢੇ ਨਹੀਂ ਹੁੰਦੇ ਤੇ ਇਸ਼ਕ ਨਾ ਪੁੱਛੇ ਜਾਤ-ਕੁਜਾਤ। ਬੱਸ! ਮੈਨੂੰ ਤੁਹਾਡੇ ਨਾਲ ਉਹ ਹੋ ਗਿਆ, ਜਿਸ ਨਾਮੁਰਾਦ ਦਾ ਕੋਈ ਇਲਾਜ ਨਹੀਂ, ਦਿਨ 'ਚ ਬੇਚੈਨੀ ਹੋਰ ਕੰਮਕਾਜ ਨਹੀਂ, ਅੱਛਾ ਬਾਏ ਬਾਏ ਉਸ ਫੋਨ ਰੱਖਦਿਆਂ ਕਿਹਾ।''

ਅਸਾਂ ਸਾਰੀ ਰਾਤ, ਛੱਤ ਦੇ ਬਾਲੇ ਗਿਣਦਿਆਂ, ਉਸਲ ਵੱਟ-ਲੈਂਦਿਆਂ ਤੇ ਇਹ ਸੋਚਾਂ-ਸੋਚਦਿਆਂ ਅੱਖਾਂ ਵਿੱਚ ਕੱਟੀ ਕਿ ਪਹਿਲਾਂ ਵੀ ਪਾਠਕਾਂ ਤੇ ਸ਼ੁੱਭਚਿੰਤਕਾਂ ਦੇ ਖਤ ਤੇ ਫੋਨ ਆਉਂਦੇ ਸਨ। ਅੱਜ ਤੱਕ ਕਿਸੇ ਨੇ ਫਰੈਂਡਸ਼ਿਪ ਬਾਰੇ ਗੱਲ ਨਹੀਂ ਕੀਤੀ। ਫਿਰ ਇੱਕੋ ਜ਼ਿਲ੍ਹੇ ਤੋਂ ਫਰੈਂਡਸ਼ਿਪ ਬਾਰੇ ਦੋ ਫੋਨ, ਫਿਰ ਮੈਂ ਜਿਨ੍ਹਾਂ ਦੋਸਤਾਂ-ਮਿੱਤਰਾਂ ਤੋਂ ਆਪਾ ਕੁਰਬਾਨ ਕਰਦਿਆਂ, ਸਾਰੀ ਜ਼ਿੰਦਗੀ ਉਨ੍ਹਾਂ ਦੇ ਲੇਖੇ ਲਾ ਦਿੱਤੀ, ਹੁਣ ਤਾਂ ਉਹ ਵੀ ਟਾਅ-ਟਾਅ, ਬਾਏ ਬਾਏ ਕਰ ਗਏ ਹਨ। ਕਿਤੇ ਦਾਲ 'ਚ ਕੁਝ ਕਾਲਾਂ ਤਾਂ ਨਹੀਂ, ਅਸਾਂ ਨੂੰ ਸਾਰੀ ਦਾਲ ਹੀ ਕਾਲੀ ਜਾਪੀ, ਫਿਰ ਹੁਣ...। ਸ਼ਾਇਦ ਇਹ ਪੱਛਮੀ ਕਲਚਰ ਦਾ ਪ੍ਰਭਾਵ ਹੈ, ਜਿਸ ਕਾਰਨ ਨਾ ਹੁਣ ਕਿਸੇ ਨੂੰ ਆਪਣੀ ਇੱਜ਼ਤ ਤੇ ਨਾ ਮਾਂ-ਬਾਪ ਦੀ ਇੱਜ਼ਤ ਦਾ ਖਿਆਲ ਹੈ। ਮੋਦੀ ਜੀ ਫਰਮਾਉਂਦੇ ਸਨ ਕਿ ਅੱਛੇ ਦਿਨ ਆਉਣ ਵਾਲੇ ਹਨ, ਪਰ ਮੈਂ ਇਹ ਸੋਚਦਾ ਹਾਂ ਕਿ ਇਥੇ ਇਹ ਸਭ ਅੱਛਾ ਨਹੀਂ।

ਜਦ ਅਸਾਂ ਸਵੇਰੇ ਫੋਨ 'ਤੇ ਮਿਸ ਕਾਲਾਂ ਦੇਖੀਆਂ ਤਾਂ ਸਾਡੇ ਸਵਾਸ ਦਸਵੇਂ ਦੁਆਰ ਜਾ ਟਕਰਾਏ। ਰੱਬ ਖੈਰ ਕਰੇ! ਮਣੀ ਮੋਗੇ ਵਾਲੀ ਨੇ ਮਿਰਜ਼ੇ ਵਾਲੀ ਵੀ ਪੁਗਾ ਦਿੱਤੀ। ਅਸੀਂ ਸੋਚਿਆ, ਅਜਿਹੀਆਂ ਮੁਟਿਆਰਾਂ ਭੋਲੇ-ਭਾਲੇ ਨੌਜਵਾਨਾਂ ਨੂੰ ਆਪਣੇ ਆਰਟ-ਕਲਾਂ 'ਤੇ ਚਿਕਨੀਆਂ-ਚਿਕਨੀਆਂ ਗੱਲਾਂ ਕਰ ਵਰਗਲਾ ਕੇ ਗੁੰਮਰਾਹ ਕਰ ਬਲੈਕਮੇਲ ਕਰਦੀਆਂ ਹਨ। ਰਾਮ ਬਚਾਏ ਮਣੀ ਮੋਗੇ ਵਾਲੀ ਤੋਂ, ਜਿਸ ਨੇ ਮੈਥੋਂ ਇਹ ਵੀ ਨਹੀਂ ਪੁੱਛਿਆ, ਤੁਸੀਂ ਕੌਣ ਹੋ ਤੇ ਕੀ ਕਰਦੇ ਹੋ? ਤੇ ਆਪਣੇ ਪ੍ਰੇਮ-ਬਾਣਾਂ ਰਾਹੀਂ ਆਪਣੇ ਪ੍ਰੇਮ-ਜਾਲ 'ਚ ਫਸਾਉਣ ਦੇ ਬੜੇ ਯਤਨ ਤੇ ਹੀਲੇ ਕੀਤੇ। ਸੱਚ ਜਾਣੋ, ਮੈਂ ਤਾਂ ਬਚ ਗਿਆ, ਭਾਵੇਂ ਟੀ ਵੀ ਐਂਕਰ ਅੰਮ੍ਰਿਤਾ ਰਾਏ ਦੇ ਪ੍ਰੇਮ ਬਾਣਾਂ ਤੋਂ ਦਿਗਵਿਜੇ ਸਿੰਘ ਨਹੀਂ ਬਚ ਸਕੇ। ਤੇ...।

# ਇੱਕ ਯੋਧੇ ਆਈ ਏ ਐੱਸ ਦੀ ਪ੍ਰੇਰਨਾ ਭਰੀ ਜ਼ਿੰਦਗੀ

-ਵਿਨੀਤ ਨਾਰਾਇਣ

ਬ੍ਰਜ ਪਰਿਕਰਮਾ ਦੇ ਵਿਕਾਸ ਲਈ ਸਲਾਹ ਦੇਣ ਦੇ ਸਿਲਸਿਲੇ ਵਿੱਚ ਹਰਿਆਣਾ ਦੇ ਪਲਵਲ ਜ਼ਿਲ੍ਹੇ ਦੇ ਡੀ ਸੀ (ਡਿਪਟੀ ਕਮਿਸ਼ਨਰ) ਮਨੀਰਾਮ ਸ਼ਰਮਾ ਨਾਲ ਹੋਈ ਮੁਲਾਕਾਤ ਜ਼ਿੰਦਗੀ ਭਰ ਯਾਦ ਰਹੇਗੀ। ਆਪਣੇ ਚਾਰ ਦਹਾਕਿਆਂ ਦੇ ਜਨਤਕ ਜੀਵਨ ਵਿੱਚ ਲੱਖਾਂ ਲੋਕਾਂ ਨਾਲ ਵਿਸ਼ਵ ਭਰ ਵਿੱਚ ਜਾਣ-ਪਛਾਣ ਹੋਈ, ਪਰ ਮਨੀਰਾਮ ਸ਼ਰਮਾ ਵਰਗਾ ਯੋਧਾ ਇੱਕ ਵੀ ਨਹੀਂ ਮਿਲਿਆ। ਉਹ ਪੱਛੜੇ ਪਿੰਡ ਦੇ ਅਤਿਅੰਤ ਗਰੀਬ, ਅਨਪੜ੍ਹ, ਮਜ਼ਦੂਰ ਮਾਤਾ-ਪਿਤਾ ਦੀ ਗੂੰਗੀ-ਬੋਲ਼ੀ ਸੰਤਾਨ ਹੈ, ਫਿਰ ਵੀ ਪੜ੍ਹਾਈ ਵਿੱਚ ਲਗਾਤਾਰ 10 ਸਰਵ ਸ੍ਰੇਸ਼ਟ ਵਿਦਿਆਰਥੀਆਂ ਵਿੱਚ ਆਉਣ ਵਾਲੇ ਮਨੀਰਾਮ ਨੇ ਤਿੰਨ ਵਾਰ ਆਈ ਏ ਐੱਸ ਦੀ ਪ੍ਰੀਖਿਆ ਪੂਰੀ ਪਾਸ ਕੀਤੀ। ਇਸ ਦੇ ਬਾਵਜੂਦ ਭਾਰਤ ਸਰਕਾਰ ਉਸ ਦੇ ਦਿਵਿਆਂਗ ਹੋਣ ਦਾ ਹਵਾਲਾ ਦੇ ਕੇ ਉਸ ਨੂੰ ਨੌਕਰੀ ਉੱਤੇ ਲੈਣ ਲਈ ਤਿਆਰ ਨਹੀਂ ਸੀ। ਭਲਾ ਹੋਵੇ ਟਾਈਮਜ਼ ਆਫ ਇੰਡੀਆ ਦੀ ਪੱਤਰਕਾਰ ਰਮਾ ਨਾਗਰਾਜਨ ਦਾ, ਜਿਸ ਨੇ ਜਨੂੰਨ ਦੀ ਹੱਦ ਤੱਕ ਜਾ ਕੇ ਮਨੀਰਾਮ ਦੇ ਹੱਕ ਲਈ ਇੱਕ ਲੰਬੀ ਲੜਾਈ ਲੜੀ। ਇੰਡੀਆ ਗੇਟ 'ਤੇ ਹਜ਼ਾਰਾਂ ਲੋਕਾਂ ਨਾਲ 'ਕੈਂਡਲ ਮਾਰਚ' ਕੀਤੇ। ਰਮਾ ਦਾ ਕਹਿਣਾ ਸੀ ਕਿ 'ਗੂੰਗਾ-ਬੋਲ਼ੀ' ਮਨੀਰਾਮ ਨਹੀਂ, 'ਗੂੰਗੀ-ਬੋਲ਼ੀ' ਸਰਕਾਰ ਹੈ। ਆਖਿਰ ਸੰਘਰਸ਼ ਸਫਲ ਹੋਇਆ ਤੇ ਮਨੀਰਾਮ ਸ਼ਰਮਾ ਨੂੰ ਮਣੀਪੁਰ ਕਾਡਰ ਅਲਾਟ ਹੋਇਆ। ਮੈਂ ਜਦੋਂ ਰਮਾ ਨਾਗਰਾਜਨ ਨੂੰ ਇਸ ਸਮਰਪਿਤ ਪੱਤਰਕਾਰਿਤਾ ਲਈ ਵਧਾਈ ਦਿੱਤੀ ਤਾਂ ਉਸ ਦਾ ਕਹਿਣਾ ਸੀ ਕਿ ਮੈਂ ਕੁਝ ਨਹੀਂ ਕੀਤਾ, ਸਭ ਕੁਝ ਮਨੀਰਾਮ ਦੀ ਹਿੰਮਤ, ਮਜ਼ਬੂਤ ਇਰਾਦੇ ਤੇ ਪ੍ਰਬਲ ਇੱਛਾ ਸ਼ਕਤੀ ਕਾਰਨ ਹੋਇਆ। ਅਸਲ ਵਿੱਚ ਮਨੀਰਾਮ ਦੇ ਸੰਘਰਸ਼ ਦੀ ਕਹਾਣੀ ਜਿੱਥੇ ਇੱਕ ਪਾਸੇ ਪੱਥਰ ਦਿਲ ਇਨਸਾਨ ਨੂੰ ਪਿਘਲਾ ਦਿੰਦੀ ਹੈ, ਉਥੇ ਇਸ ਦੇਸ਼ ਦੇ ਹਰ ਸੰਘਰਸ਼ਸ਼ੀਲ ਵਿਅਕਤੀ ਨੂੰ ਜੀਵਨ 'ਚ ਅੱਗੇ ਵਧਣ ਦੀ ਪ੍ਰੇਰਨਾ ਦਿੰਦੀ ਹੈ।

ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਪਿੰਡ ਬੰਦਨਗੜ੍ਹੀ ਵਿੱਚ 1975 ਵਿੱਚ ਜਿੱਥੇ ਮਨੀਰਾਮ ਦਾ ਜਨਮ ਹੋਇਆ, ਉਥੇ ਕੋਈ ਸਕੂਲ ਨਹੀਂ ਸੀ। ਸਿਰਫ ਪਿੰਡ ਦੇ ਮੰਦਰ ਵਿੱਚ ਕੁਝ ਹਿੰਦੀ ਧਰਮ ਗ੍ਰੰਥ ਰੱਖੇ ਸਨ। ਇਸ ਤਰ੍ਹਾਂ ਰਾਮਚਰਿਤ ਮਾਨਸ ਤੇ ਸ਼੍ਰੀਮਦ ਭਗਵਦ ਨੂੰ ਮਨੀਰਾਮ ਨੇ ਦਰਜਨਾਂ ਵਾਰ ਪੜ੍ਹਿਆ। ਇਹ ਵੀ ਇਸ ਗੂੰਗੇ-ਬੋਲ਼ੇ ਬੱਚੇ ਨੂੰ ਪਿਤਾ ਦੀ ਕੁੱਟ ਤੋਂ ਬਚ ਕੇ ਕਰਨਾ ਪੈਂਦਾ ਸੀ, ਜੋ ਉਸ ਨੂੰ ਭੇਡਾਂ ਚਰਾਉਣ ਲਈ ਕਹਿੰਦਾ ਸੀ। ਬਦਕਿਸਮਤੀ ਨਾਲ ਬੋਲ਼ਾਪਣ ਉਸ ਦੇ ਪਰਵਾਰ 'ਚ ਹੈ। ਉਸ ਦੀ ਮਾਂ, ਦਾਦੀ ਤੇ ਦੋਵੇਂ ਭੈਣਾਂ ਵੀ ਬੋਲ਼ੀਆਂ ਸਨ। ਮਨੀਰਾਮ ਨੂੰ ਤਪਦੀ ਰੇਤ 'ਤੇ ਨੰਗੇ ਪੈਰ ਪੰਜ ਕਿਲੋਮੀਟਰ ਚੱਲ ਕੇ ਸਕੂਲ ਜਾਣਾ ਪੈਂਦਾ ਸੀ। ਉਸ ਦੇ ਮਨ ਵਿੱਚ ਇੱਕੋ ਲਗਨ ਸੀ ਕਿ ਬਿਨਾਂ ਪੜ੍ਹੇ-ਲਿਖੇ ਉਹ ਆਪਣੇ ਪਰਵਾਰ ਨੂੰ ਗਰੀਬੀ ਤੋਂ ਉਭਾਰ ਨਹੀਂ ਸਕੇਗਾ। ਉਸ ਨੇ ਇੰਨੀ ਮਿਹਨਤ ਕੀਤੀ ਕਿ ਬੋਰਡ ਦੀ ਪ੍ਰੀਖਿਆ ਵਿੱਚ ਤਰਤੀਬਵਾਰ ਪੰਜਵੇਂ ਤੇ ਸੱਤਵੇਂ ਸਥਾਨ 'ਤੇ ਆਇਆ। ਮਾਤਾ-ਪਿਤਾ ਲਈ ਪਟਵਾਰੀ ਜਾਂ ਸਕੂਲ ਦਾ ਅਧਿਆਪਕ ਬਣਨਾ ਕਿਸੇ ਕੁਲੈਕਟਰ ਬਣਨ ਤੋਂ ਘੱਟ ਨਹੀਂ, ਜੋ ਹੁਣ ਬਣ ਸਕਦਾ ਸੀ, ਪਰ ਉਸ ਨੇ ਅੱਗੇ ਜਾਣਾ ਸੀ। ਉਸ ਦੇ ਪ੍ਰਿੰਸੀਪਲ ਨੇ ਉਸ ਦੇ ਪਿਤਾ ਨੂੰ ਰਾਜ਼ੀ ਕਰ ਲਿਆ ਕਿ ਮਨੀਰਾਮ ਨੂੰ ਅਲਵਰ ਦੇ ਇੱਕ ਕਾਲਜ ਵਿੱਚ ਭੇਜ ਦਿੱਤਾ ਜਾਏ। ਓਥੇ ਟਿਊਸ਼ਨ ਪੜ੍ਹਾ ਕੇ ਮਨੀਰਾਮ ਨੇ ਪੜ੍ਹਾਈ ਕੀਤੀ ਤੇ ਸੂਬੇ ਦੀ ਕਲਰਕ ਪ੍ਰੀਖਿਆ ਵਿੱਚ ਸਫਲ ਹੋ ਗਿਆ, ਪਰ ਉਹ ਅੱਗੇ ਵਧਣਾ ਚਾਹੁੰਦਾ ਸੀ। ਉਸ ਨੂੰ ਪੀ ਐੱਚ ਡੀ ਕਰਨ ਦਾ ਵਜ਼ੀਫਾ ਮਿਲ ਗਿਆ। ਪੀ ਐੱਚ ਡੀ ਤਾਂ ਕੀਤੀ, ਪਰ ਮਨ ਵਿੱਚ ਲਗਨ ਸੀ ਕਿ ਆਈ ਏ ਐੱਸ ਵਿੱਚ ਜਾਣਾ ਹੈ। ਸਭ ਨੇ ਉਸ ਨੂੰ ਨਿਰਉਤਸ਼ਾਹਤ ਕੀਤਾ ਕਿ ਬੋਲ਼ੇ ਲੋਕਾਂ ਲਈ ਇਸ ਨੌਕਰੀ 'ਚ ਕੋਈ ਸੰਭਾਵਨਾ ਨਹੀਂ ਹੈ, ਪਰ ਉਸ ਨੇ ਫਿਰ ਵੀ ਹਿੰਮਤ ਨਹੀਂ ਹਾਰੀ ਅਤੇ ਅੱਗੇ ਪੜ੍ਹਨ ਲੱਗਾ ਰਿਹਾ। 2005 ਵਿੱਚ ਪਬਲਿਕ ਸਰਵਿਸ ਕਮਿਸ਼ਨ ਦੀ ਸਿਵਲ ਸੇਵਾ ਪ੍ਰੀਖਿਆ ਪਾਸ ਕਰ ਲਈ, ਪਰ ਭਾਰਤ ਸਰਕਾਰ ਨੇ ਉਸ ਨੂੰ ਬੋਲ਼ੇਪਣ ਕਾਰਨ ਨੌਕਰੀ ਦੇਣ ਤੋਂ ਇਨਕਾਰ ਕਰ ਦਿੱਤਾ। ਮਨੀਰਾਮ ਨੇ ਹਿੰਮਤ ਨਹੀਂ ਹਾਰੀ ਤੇ 2006 ਵਿੱਚ ਫਿਰ ਇਹ ਪ੍ਰੀਖਿਆ ਪਾਸ ਕੀਤੀ। ਇਸ ਵਾਰ ਉਸ ਨੂੰ ਪੋਸਟ ਐਂਡ ਟੈਲੀਗ੍ਰਾਫ ਅਕਾਊਂਟਸ ਦੀ ਨੌਕਰੀ ਦਿੱਤੀ ਗਈ, ਜੋ ਉਸ ਨੇ ਲੈ ਲਈ। ਉਦੋਂ ਉਸ ਨੂੰ ਪਹਿਲੀ ਵਾਰ ਇੱਕ ਵੱਡੇ ਡਾਕਟਰ ਨੇ ਦੱਸਿਆ ਕਿ ਆਧੁਨਿਕ ਤਕਨੀਕ ਦੇ ਆਪ੍ਰੇਸ਼ਨ ਨਾਲ ਉਸ ਦਾ ਬੋਲ਼ਾਪਣ ਦੂਰ ਹੋ ਸਕਦਾ ਹੈ, ਪਰ ਇਸ ਦੀ ਲਾਗਤ 7.5 ਲੱਖ ਰੁਪਏ ਆਏਗੀ। ਮਨੀਰਾਮ ਦੇ ਖੇਤਰ ਦੇ ਪਾਰਲੀਮੈਂਟ ਮੈਂਬਰ ਨੇ ਵੱਖ-ਵੱਖ ਸੰਗਠਨਾਂ ਤੋਂ 5.5 ਲੱਖ ਰੁਪਏ ਇਕੱਠੇ ਕੀਤੇ, ਬਾਕੀ ਕਰਜ਼ਾ ਲਿਆ। ਆਪ੍ਰੇਸ਼ਨ ਸਫਲ ਹੋਇਆ, ਇਸ ਤਰ੍ਹਾਂ 25 ਸਾਲ ਬਾਅਦ ਮਨੀਰਾਮ ਸ਼ਰਮਾ ਸੁਣ ਸਕਦਾ ਸੀ, ਪਰ ਇੰਨੇ ਸਾਲ ਬੋਲ਼ੇ ਰਹਿਣ ਪਿੱਛੋਂ ਉਸ ਦੀ ਬੋਲੀ ਸਪੱਸ਼ਟ ਨਹੀਂ ਸੀ। ਜਦੋਂ ਕੁਝ ਸੁਣਿਆ ਨਹੀਂ ਸੀ ਤਾਂ ਬੋਲਦਾ ਕਿਵੇ। 'ਸਪੀਚ ਥੈਰੇਪੀ' ਲਈ ਇੱਕ ਲੱਖ ਰੁਪਏ ਅਤੇ ਬਹੁਤ ਸਮਾਂ ਚਾਹੀਦਾ ਸੀ, ਪਰ ਉਸ ਨੇ ਲਾਲ ਬਹਾਦੁਰ ਸ਼ਾਸਤਰੀ ਅਕੈਡਮੀ ਵਿੱਚ ਟਰੇਨਿੰਗ ਲਈ ਜਾਣਾ ਸੀ। ਮਨੀਰਾਮ ਨੇ ਉਲਟ ਹਾਲਾਤ ਵਿੱਚ ਸਖਤ ਅਭਿਆਸ ਜਾਰੀ ਰੱਖਿਆ, ਨਤੀਜੇ ਵਜੋਂ ਹੁਣ ਉਹ ਬੋਲ ਅਤੇ ਸੁਣ ਸਕਦਾ ਸੀ। ਇੱਕ ਵਾਰ ਫਿਰ ਉਸੇ ਸਿਵਲ ਸੇਵਾ ਪ੍ਰੀਖਿਆ ਵਿੱਚ ਬੈਠਿਆ ਤੇ 2009 ਵਿੱਚ ਤੀਸਰੀ ਵਾਰ ਪਾਸ ਹੋਇਆ। ਇਸ ਵਾਰ ਉਹ ਮਣੀਪੁਰ ਵਿੱਚ ਉਪ ਜ਼ਿਲ੍ਹਾ ਅਧਿਕਾਰੀ ਬਣ ਗਿਆ। 2015 ਵਿੱਚ ਉਸ ਦਾ ਕੇਡਰ ਬਦਲ ਕੇ ਹਰਿਆਣਾ ਮਿਲ ਗਿਆ। ਉਦੋਂ ਤੋਂ ਉਹ ਮੁਸਤੈਦੀ ਨਾਲ ਆਪਣੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਉਸ ਦੇ ਦਿਲ ਵਿੱਚ ਗਰੀਬਾਂ ਤੇ ਦਿਵਿਆਂਗਾਂ ਲਈ ਸ਼ਰਧਾ ਹੈ, ਜਿਨ੍ਹਾਂ ਦੇ ਭਲੇ ਦੇ ਕੰਮਾਂ ਵਿੱਚ ਉਹ ਜੁਟਿਆ ਰਹਿੰਦਾ ਹੈ।

ਪਿਛਲੇ ਮਹੀਨੇ ਜਦੋਂ ਮੈਂ ਉਸ ਨੂੰ ਮਿਲਿਆ ਤਾਂ ਉਹ ਬਹੁਤ ਖੁਸ਼ ਹੋਇਆ ਤੇ ਬੋਲਿਆ ਕਿ ਵਿਦਿਆਰਥੀ ਜੀਵਨ ਤੋਂ ਉਹ ਮੇਰੇ ਬਾਰੇ ਤੇ ਮੇਰੇ ਲੇਖਾਂ ਨੂੰ ਅਖਬਾਰਾਂ ਵਿੱਚ ਪੜ੍ਹਦਾ ਆ ਰਿਹਾ ਹੈ। ਜਿਸ ਬੱਚੇ ਦੇ ਮਾਤਾ-ਪਿਤਾ ਅਨਪੜ੍ਹ ਤੇ ਮਜ਼ਦੂਰ ਹੋਣ ਤੇ ਪਿੰਡ ਵਿੱਚ ਅਖਬਾਰ ਵੀ ਨਾ ਆਉਂਦਾ ਹੋਵੇ, ਉਸ ਨੇ ਇਹ ਲੇਖ ਕਿਵੇਂ ਪੜ੍ਹੇ ਹੋਣਗੇ। ਮਨੀਰਾਮ ਦੱਸਦਾ ਹੈ ਕਿ ਉਹ ਦੂਸਰੇ ਪਿੰਡ ਦੇ ਸਕੂਲ ਤੋਂ ਆਉਂਦਾ-ਜਾਂਦਾ ਰਸਤੇ ਵਿੱਚ ਚਾਟ-ਪਕੌੜੇ ਦੇ ਠੇਲ੍ਹਿਆਂ ਕੋਲ ਜੋ ਅਖਬਾਰ ਦੇ ਜੂਠੇ ਲਿਫਾਫੇ ਪਏ ਹੁੰਦੇ ਸਨ, ਉਨ੍ਹਾਂ ਨੂੰ ਰੋਜ਼ ਇਕੱਠੇ ਕਰ ਕੇ ਘਰ ਲੈ ਆਉਂਦਾ, ਫਿਰ ਪਾਣੀ ਨਾਲ ਉਨ੍ਹਾਂ ਦਾ ਜੋੜ ਖੋਲ੍ਹ ਕੇ ਉਨ੍ਹਾਂ 'ਚ ਲੁਕੀਆਂ ਦੁਨੀਆ ਭਰ ਦੀਆਂ ਖਬਰਾਂ ਪੜ੍ਹਦਾ ਸੀ, ਇਸ ਨਾਲ ਉਸ ਦਾ ਸਾਧਾਰਨ ਗਿਆਨ ਵਧਦਾ ਗਿਆ ਤੇ ਉਸ ਨੂੰ ਸਿਵਲ ਸੇਵਾ ਪ੍ਰੀਖਿਆ ਵਿੱਚ ਸਾਧਾਰਨ ਗਿਆਨ ਵਿੱਚ ਕਾਫੀ ਚੰਗੇ ਅੰਕ ਹਾਸਲ ਹੋਏ।

ਕਿਉਂ ਹੈ ਨਾ ਕਿੰਨਾ ਪ੍ਰੇਰਨਾ ਭਰਿਆ ਮਨੀਰਾਮ ਸ਼ਰਮਾ ਦਾ ਜੀਵਨ-ਸੰਘਰਸ਼!

## ਕੈਂਸਰ ਤੋਂ ਪੀੜਤ ਮਾਂ ਦਾ ਦੁੱਖ ਨਾ ਜਰ ਸਕੀ ਧੀ ਨੇ ਫਾਹਾ ਲਿਆ

ਜਲੰਧਰ, 21 ਅਗਸਤ (ਪੋਸਟ ਬਿਊਰੋ)- ਵੱਡਾ ਸਈਪੁਰ ਵਿੱਚ 17 ਸਾਲਾ ਲੜਕੀ ਨੇ ਕੱਲ੍ਹ ਸਵੇਰੇ ਫਾਹਾ ਲੈ ਕੇ ਜਾਨ ਦੇ ਦਿੱਤੀ। ਪੁਲਸ ਦਾ ਕਹਿਣਾ ਹੈ ਕਿ ਲੜਕੀ ਦੀ ਮਾਂ ਕੈਂਸਰ ਦੀ ਮਰੀਜ਼ ਸੀ, ਜਿਸ ਕਾਰਨ ਲੜਕੀ ਮਾਂ ਦਾ ਦੁੱਖ ਨਹੀਂ ਦੇਖ ਸਕੀ ਤੇ ਉਸ ਨੇ ਖੁਦਕੁਸ਼ੀ ਕਰ ਲਈ। ਇਹ ਪਰਵਾਰ ਲੇਬਰ ਦਾ ਕੰਮ ਕਰ ਕੇ ਗੁਜ਼ਾਰਾ ਕਰਦਾ ਹੈ। ਮ੍ਰਿਤਕਾ ਦੀ ਪਛਾਣ ਰਾਣੀ ਪੁੱਤਰੀ ਰਾਜੂ ਪਾਸਵਾਨ ਵਾਸੀ ਵੱਡਾ ਸਈਪੁਰ ਵਜੋਂ ਹੋਈ ਹੈ।

ਚੌਕੀ ਫੋਕਲ ਪੁਆਇੰਟ ਦੇ ਇੰਚਾਰਜ ਸਰਬਜੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਰਾਣੀ ਦੀ ਮਾਂ, ਪਿਤਾ ਅਤੇ ਭਰਾ ਤਿੰਨੇ ਆਪਣੇ ਕੰਮ ਉਤੇ ਚਲੇ ਗਏ ਸੀ। ਰੋਜ਼ ਮਾਂ ਦੀ ਦੇਖ ਰੇਖ ਅਤੇ ਘਰ ਦੇ ਕੰਮ ਕਰਨ ਲਈ ਉਨ੍ਹਾਂ ਦੀ ਵੱਡੀ ਬੇਟੀ ਸੁਨੀਤਾ ਪੇਕੇ ਆ ਜਾਂਦੀ ਸੀ। ਕੱਲ੍ਹ ਸਵੇਰੇ ਕਰੀਬ 9.30 ਵਜੇ ਸੁਨੀਤਾ ਪੇਕੇ ਘਰ ਆਈ ਤਾਂ ਦੇਖਿਆ ਕਿ ਅੰਦਰੋਂ ਕੁੰਡੀ ਲੱਗੀ ਹੋਈ ਸੀ। ਕਈ ਵਾਰ ਦਰਵਾਜ਼ਾ ਖੜਕਾਉਣ ਪਿੱਛੋਂ ਜਦੋਂ ਕੁੰਡੀ ਨਾ ਖੁੱਲ੍ਹੀ ਤਾਂ ਆਲੇ-ਦੁਆਲੇ ਦੇ ਲੋਕਾਂ ਨੂੰ ਸੱਦ ਕੇ ਦਰਵਾਜ਼ਾ ਤੋੜਿਆ। ਕਮਰੇ ਵਿੱਚ ਦੇਖਿਆ ਤਾਂ ਰਾਣੀ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਸੁਨੀਤਾ ਨੇ ਆਪਣੇ ਪਰਿਵਾਰ ਵਾਲਿਆਂ ਨੂੰ ਫੋਨ ਕਰ ਕੇ ਸੂਚਨਾ ਦਿੱਤੀ, ਜਿਸ ਪਿੱਛੋਂ ਰਾਣੀ ਦੇ ਹੋਰ ਪਰਵਾਰਕ ਮੈਂਬਰ ਵੀ ਮੌਕੇ 'ਤੇ ਪਹੁੰਚ ਗਏ। ਚੌਕੀ ਫੋਕਲ ਪੁਆਇੰਟ ਦੀ ਪੁਲਸ ਵੀ ਜਾਂਚ ਲਈ ਮੌਕੇ 'ਤੇ ਪਹੁੰਚ ਗਈ ਸੀ।

## ਭਤੀਜੀ ਨੂੰ ਏਅਰਪੋਰਟ ਛੱਡ ਕੇ ਮੁੜਦੇ ਸਮੇਂ ਕਾਰ ਟਰੱਕ ਨਾਲ ਵੱਜੀ, ਤਿੰਨਾਂ ਦੀ ਮੌਤ

ਨਵਾਂ ਸ਼ਹਿਰ, 21 ਅਗਸਤ (ਪੋਸਟ ਬਿਊਰੋ)- ਭਤੀਜੀ ਨੂੰ ਦਿੱਲੀ ਏਅਰਪੋਰਟ ਛੱਡ ਕੇ ਵਾਪਸ ਮੁੜਦੇ ਨਵਾਂ ਸ਼ਹਿਰ ਦੇ ਪਿੰਡ ਅਟਾਰੀ ਦੇ ਮਨਜੀਤ ਕੁਮਾਰ ਪੁੱਤਰ ਲਾਜਪਤ ਦੀ ਕਾਰ ਕਰਨਾਲ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਵਿੱਚ ਦੋ ਜਣਿਆਂ ਨੇ ਮੌਕੇ 'ਤੇ ਦਮ ਤੋੜ ਦਿੱਤਾ, ਜਦ ਕਿ ਤੀਸਰੇ ਦੀ ਹਸਪਤਾਲ ਵਿੱਚ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਨਵਾਂ ਸ਼ਹਿਰ ਦੇ ਪਿੰਡ ਅਟਾਰੀ ਦੇ ਮਨਜੀਤ ਕੁਮਾਰ ਆਪਣੇ ਸਾਲੇ ਬਲਦੇਵ ਸਿੰਘ ਅਤੇ ਗੱਡੀ ਦਾ ਚਾਲਕ ਹਰਜੋਤ ਸਿੰਘ ਦੇ ਨਾਲ ਆਪਣੀ ਭਤੀਜੀ ਨੂੰ ਦਿੱਲੀ ਏਅਰਪੋਰਟ 'ਤੇ ਛੱਡ ਕੇ ਆ ਰਹੇ ਸਨ। ਕਰਨਾਲ ਨੇੜੇ ਬਲੜੀ ਬਾਈਪਾਸ 'ਤੇ ਅਚਾਨਕ ਡਰਾਈਵਰ ਗੱਡੀ ਤੋਂ ਕੰਟਰੋਲ ਗੁਆ ਬੈਠਾ ਤੇ ਕਾਰ ਦੂਸਰੇ ਪਾਸੇ ਸੜਕ 'ਤੇ ਦਿੱਲੀ ਵੱਲੋਂ ਆ ਰਹੇ ਟਰੱਕ ਨਾਲ ਜਾ ਵੱਜੀ।

### ਬਰਗਾੜੀ ਬੇਅਦਬੀ ਕਾਂਡ:

## ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਬਾਰੇ ਪੰਜਾਬ ਸਰਕਾਰ ਵੱਲੋਂ ਰਿਵਿਊ ਪਟੀਸ਼ਨ ਦਾਇਰ

ਮੋਹਾਲੀ, 21 ਅਗਸਤ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਤ ਬਰਗਾੜੀ ਕੇਸਾ ਵਿੱਚ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇਣ ਲਈ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਦੇ ਨਿਰਦੇਸ਼ਾਂ ਉਤੇ ਪੰਜਾਬ ਸਰਕਾਰ ਨੇ ਕੱਲ੍ਹ ਮੋਹਾਲੀ ਵਿੱਚ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੂੰ ਰੀਵਿਊ ਪਟੀਸ਼ਨ ਪੇਸ਼ ਕਰ ਦਿੱਤੀ ਹੈ। ਇਸ 23 ਜੁਲਾਈ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਕਲੋਜ਼ਰ ਰਿਪੋਰਟ ਹਾਸਲ ਕਰਨ ਦੀ ਬੇਨਤੀ ਰੱਦ ਕਰ ਦਿੱਤੀ ਗਈ ਸੀ।



ਇਸ ਬਾਰੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਦੱਸਿਆ ਕਿ ਇਸ ਅਰਜ਼ੀ ਦੇ ਜਵਾਬ ਵਿੱਚ ਐਡੀਸ਼ਨਲ ਸੈਸ਼ਨ ਜੱਜ ਕਮ-ਜੱਜ ਸਪੈਸ਼ਲ ਕੋਰਟ ਸੀ ਬੀ ਆਈ ਵੱਲੋਂ ਸੀ ਬੀ ਆਈ ਨੂੰ ਨੋਟਿਸ ਜਾਰੀ ਕਰ ਕੇ ਇਸ ਮਾਮਲੇ ਵਿੱਚ 29 ਅਗਸਤ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਹਨ। ਵਰਨਣ ਯੋਗ ਹੈ ਕਿ ਸੀ ਬੀ ਆਈ ਦੇ ਸਪੈਸ਼ਲ ਜੁਡੀਸ਼ਲ ਜੱਜ ਨੇ 23 ਜੁਲਾਈ 2019 ਨੂੰ ਹੁਕਮ ਜਾਰੀ ਕਰ ਕੇ ਪੰਜਾਬ ਸਰਕਾਰ ਵੱਲੋਂ ਕਲੋਜ਼ਰ ਰਿਪੋਰਟ ਦੀ ਕਾਪੀ ਲੈਣ ਦੀ ਬੇਨਤੀ ਰੱਦ ਕਰ ਦਿੱਤੀ ਸੀ। ਅਤੁਲ ਨੰਦਾ ਨੇ ਕਿਹਾ ਕਿ ਪੰਜਾਬ ਦੀ ਦਲੀਲ ਹੈ ਕਿ ਸਪੈਸ਼ਲ ਜੁਡੀਸ਼ਲ ਜੱਜ ਵੱਲੋਂ ਮਨਮਾਨੇ ਅਤੇ ਅਨਿਆਂ ਪੂਰਨ ਢੰਗ ਨਾਲ ਕਲੋਜ਼ਰ ਰਿਪੋਰਟ ਦੀ ਕਾਪੀ ਦੇਣ ਤੋਂ ਨਾਂਹ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਵਿੱਚ ਇਹ ਗੱਲ ਕਹੀ ਗਈ ਹੈ ਕਿ ਕਲੋਜ਼ਰ ਰਿਪੋਰਟ ਦੀ ਕਾਪੀ ਨਾ ਰਾਜ ਸਰਕਾਰ ਨੂੰ ਦਿੱਤੀ ਗਈ, ਨਾ ਪੁਲਸ ਨੂੰ ਜਾਣਕਾਰੀ ਦਿੱਤੀ ਗਈ ਕਿ ਸੀ ਬੀ ਆਈ ਨੇ ਅਦਾਲਤ ਵਿੱਚ ਇਸ ਮਾਮਲੇ ਨੂੰ ਬੰਦ ਕਰਨ ਦੀ ਅਪੀਲ ਕਿਸ ਕਾਰਨ ਕੀਤੀ ਹੈ।

## ਅਮਰਿੰਦਰ ਸਿੰਘ ਵੱਲੋਂ ਸਰਬੱਤ ਸਿਹਤ ਬੀਮਾ ਸਕੀਮ ਦਾ ਆਗਾਜ਼

ਮੋਹਾਲੀ, 21 ਅਗਸਤ (ਪੋਸਟ ਬਿਊਰੋ)- ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਉਨ੍ਹਾਂ ਦੀ 75ਵੀਂ ਜਨਮ ਵਰ੍ਹੇਗੰਢ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਪੰਜਾਬ ਸਰਕਾਰ ਦੀ ਮਹੱਤਵ ਪੂਰਨ ਸਿਹਤ ਬੀਮਾ ਸਕੀਮ ਸਰਬੱਤ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤਾ, ਜਿਸ ਨਾਲ ਇਸ ਰਾਜ ਦੇ 46 ਲੱਖ ਪਰਵਾਰਾਂ ਨੂੰ ਲਾਭ ਪੁੱਜੇਗਾ। ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਇਸ ਸਕੀਮ ਹੇਠ 20.43 ਲੱਖ ਸਮਾਰਟ ਕਾਰਡ ਰਾਸ਼ਨ ਹੋਲਡਰਜ਼, 2.8 ਲੱਖ ਛੋਟੇ ਕਿਸਾਨ, 2.38 ਲੱਖ ਕੰਸਟ੍ਰਕਸ਼ਨ ਵਰਕਰਜ਼ ਜਿਹੜੇ ਸਟੇਟ ਕੰਸਟ੍ਰਕਸ਼ਨ ਵੈਲਫੇਅਰ ਬੋਰਡ ਕੋਲ ਰਜਿਸਟਰਡ ਹੋਣਗੇ, ਨੂੰ ਸਿੱਧਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਜਿੱਥੇ ਪੰਜਾਬ ਦੇ 46 ਹਜ਼ਾਰ ਛੋਟੇ ਵਪਾਰੀਆਂ ਨੂੰ ਫਾਇਦਾ ਹੋਵੇਗਾ, ਉਥੇ ਇਸ ਯੋਜਨਾ ਦੇ ਤਹਿਤ 4500 ਪੱਤਰਕਾਰਾਂ ਨੂੰ ਵੀ ਲਾਭ ਮਿਲ ਸਕੇਗਾ। ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਕਵਰ ਕਰਨ ਵਾਲਾ ਪੰਜਾਬ ਇਸ ਦੇਸ਼ ਦਾ ਪਹਿਲਾ ਰਾਜ ਬਣ ਗਿਆ ਹੈ। ਪੰਜਾਬ ਸਰਕਾਰ ਵੱਲੋਂ ਕੱਲ੍ਹ ਸ਼ੁਰੂ ਕੀਤੀ




ਸਕੀਮ ਵਿੱਚ ਹੋਰ ਨਵੇਂ ਸ਼ਾਮਲ ਕੀਤੇ 31 ਲੱਖ ਲਾਭ ਪਾਤਰੀਆਂ ਦੇ ਪ੍ਰੀਮੀਅਰ ਦਾ ਸਾਰਾ ਖਰਚਾ ਪੰਜਾਬ ਸਰਕਾਰ ਚੁੱਕੇਗੀ।

ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਰਾਜੀਵ ਗਾਂਧੀ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਾਂਹ-ਵਧੂ ਸੋਚ ਸਦਕਾ ਪੰਜਾਬ ਵਿੱਚ ਪੈਪਸੀਕੋ ਦੇ ਰੂਪ ਵਿੱਚ ਪਹਿਲਾ ਬਹੁ-ਕੌਮੀ ਪ੍ਰੋਜੈਕਟ ਆਇਆ ਸੀ। ਉਨ੍ਹਾਂ ਨੇ ਕਿਹਾ ਕਿ ਮੈਂ ਉਸ ਵੇਲੇ ਪੰਜਾਬ ਦਾ ਖੇਤੀ ਮੰਤਰੀ ਸੀ, ਜਦੋਂ ਮੈਂ ਇਸ ਪਲਾਂਟ ਨੂੰ ਸਥਾਪਤ ਕਰਨ ਦੀ ਯੋਜਨਾ ਪ੍ਰਧਾਨ ਮੰਤਰੀ ਦਫਤਰ ਕੋਲ ਲੈ ਕੇ ਗਿਆ, ਜਿਹੜੀ ਪੰਜਾਬੇ ਵਿੱਚ ਫਸਲੀ ਵਿਭਿੰਨਤਾ ਲਾਗੂ ਕਰਨ ਦੀ ਦਿਸ਼ਾ ਵਿੱਚ ਵੱਡਾ ਕਦਮ ਸੀ। ਮੈਨੂੰ ਅੱਜ ਵੀ ਯਾਦ ਹੈ ਕਿ ਕਿਵੇਂ ਮੈਨੂੰ ਅੱਠਵੇਂ ਦਿਨ ਇਹ ਸੰਦੇਸ਼ ਮਿਲਿਆ ਕਿ ਪ੍ਰਧਾਨ ਮਤਰੀ ਨੇ ਪ੍ਰੋਜੈਕਟ ਮਨਜ਼ੂਰ ਕਰ ਲਿਆ ਹੈ ਅਤੇ ਉਹ ਮੈਨੂੰ ਮਿਲਣਾ ਚਾਹੁੰਦੇ ਹਨ।

ਨਵੀਂ ਸ਼ੁਰੂ ਕੀਤੀ ਸਰਬੱਤ ਸਿਹਤ ਬੀਮਾ ਸਕੀਮ ਰਾਹੀਂ ਲਾਭਪਾਤਰੀ 200 ਸਰਕਾਰੀ ਹਸਪਤਾਲਾਂ ਸਮੇਤ 450 ਤੋਂ ਵੱਧ ਸੂਚੀਬੱਧ ਹਸਪਤਾਲਾਂ ਵਿੱਚੋਂ ਆਪਣਾ ਇਲਾਜ ਕਰਵਾ ਸਕਣਗੇ। ਇਸ ਸਕੀਮ ਹੇਠ ਵਿਸ਼ੇਸ਼ ਤੌਰ ਉੱਤੇ 1396 ਟ੍ਰੀਟਮੈਂਟ ਪੈਕੇਜ ਡਿਜ਼ਾਈਨ ਕੀਤੇ ਗਏ ਹਨ। ਇਸ ਵਿੱਚ ਆਪਰੇਸ਼ਨਾਂ ਦੇ ਪੈਕੇਜ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਤੋਂ ਪਹਿਲਾਂ ਦੇ ਤਿੰਨ ਦਿਨ ਤੇ ਬਾਅਦ ਦੇ 15 ਦਿਨ ਵੀ ਸ਼ਾਮਲ ਕੀਤੇ ਜਾਣਗੇ। ਇਸ ਤੋਂ ਪਹਿਲਾਂ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਇਹ ਇਤਿਹਾਸਕ ਫੈਸਲਾ ਲੈਣ ਲਈ ਮੁੱਖ ਮੰਤਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕਦਮ ਸੂਬੇ ਦੇ ਸਿਹਤ ਖੇਤਰ ਵਿੱਚ ਨਵੀਂ ਕ੍ਰਾਂਤੀ ਲਿਆਵੇਗਾ। ਉਨ੍ਹਾਂ ਦੱਸਿਆ ਕਿ ਮਰੀਜ਼ ਕੋਲ ਈ-ਕਾਰਡ ਨਾ ਹੋਣ ਦੀ ਸੂਰਤ ਵਿੱਚ ਉਹ ਕਿਸੇ ਸੂਚੀਬੱਧ ਹਸਪਤਾਲ ਵਿੱਚ ਜਾ ਕੇ ਅਰੋਗਿਆ ਮਿੱਤਰ ਨੂੰ ਮਿਲ ਸਕਦਾ ਹੈ, ਜਿੱਥੇ ਉਸ ਦਾ ਮੌਕੇ ਉੱਤੇ ਈ-ਕਾਰਡ ਬਣਾ ਕੇ ਨਗਦੀ ਰਹਿਤ ਅਦਾਇਗੀ ਦੀ ਸਹੂਲਤ ਮਿਲੇਗੀ।

## ਗਵਰਨਰ ਨੇ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਅਤੇ ਦੋ ਮੈਂਬਰਾਂ ਨੂੰ ਸਹੁੰ ਚੁਕਾਈ



*ਮੈਂਬਰਾਂ ਨੂੰ ਸਹੁੰ ਚੁਕਾਉਣ ਤੋਂ ਬਾਅਦ ਵੀਪੀ ਸਿੰਘ ਬਦਨੌਰ ਤੇ ਕੈ ਅਮਰਿੰਦਰ ਸਿੰਘ।*

ਚੰਡੀਗੜ੍ਹ, 21 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਨੇ ਕੱਲ੍ਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ ਪੀ ਐਸ ਸੀ) ਦੇ ਨਵੇਂ ਨਿਯੁਕਤ ਕੀਤੇ ਗਏ ਚੇਅਰਮੈਨ ਅਤੇ ਦੋ ਮੈਂਬਰਾਂ ਨੂੰ ਅਹੁਦੇ ਦਾ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ ਹੈ।

ਲੈਫਟੀਨੈਂਟ ਜਨਰਲ (ਰਿਟਾਇਰਡ) ਸੁਰਿੰਦਰ ਸਿੰਘ ਨੇ ਪੀ ਪੀ ਐਸ ਸੀ ਦੇ ਚੇਅਰਮੈਨ ਵਜੋਂ ਸਹੁੰ ਚੁੱਕੂ ਅਤੇ ਮੁਹਾਲੀ ਦੇ ਐਡੀਸ਼ਨਲ ਜ਼ਿਲਾ ਤੇ ਸੈਸ਼ਨ ਜੱਜ ਸ਼ਵਿੰਦਰ ਸਿੰਘ ਮਾਨ ਨੇ ਅਧਿਕਾਰਤ ਮੈਂਬਰ ਅਤੇ ਲੇਖਿਕਾ ਅਤੇ ਕਾਲਮ ਨਵੀਸ ਹਰਮੋਹਨ ਕੌਰ ਸੰਧੂ (ਬੱਬੂ ਤੀਰ) ਨੇ ਗੈਰ ਅਧਿਕਾਰਤ ਮੈਂਬਰ ਵਜੋਂ ਸਹੁੰ ਚੁੱਕੀ ਹੈ। ਪੰਜਾਬ ਰਾਜ ਭਵਨ ਵਿਖੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਚਲਾਈ। ਲੈਫਟੀਨੈਂਟ ਜਨਰਲ ਸੁਰਿੰਦਰ ਸਿੰਘ ਭਾਰਤੀ ਫੌਜ ਦੀ ਪੱਛਮੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ ਇਨ ਚੀਫ ਵਜੋਂ ਰਿਟਾ-ਇਰ ਹੋਏ ਹਨ। ਮੁਹਾਲੀ ਦੇ ਵਧੀਕ ਜ਼ਿਲਾ ਅਤੇ ਸੈਸ਼ਨ ਜੱਜ ਸ਼ਵਿੰਦਰ ਸਿੰਘ ਮਾਨ ਨੇ ਪੰਜਾਬ ਦੀ ਸੀ ਬੀ ਆਈ ਅਦਾਲਤ ਦੇ ਵਿਸ਼ੇਸ਼ ਜੱਜ ਅਤੇ ਇੰਡਸਟਰੀਅਲ ਟ੍ਰਿਬਿਊਨਲ ਕਮ ਲੇਬਰ ਕੋਰਟ ਚੰਡੀਗੜ੍ਹ ਦੇ ਪ੍ਰੀਜ਼ਾਈਡਿੰਗ ਅਫਸਰ ਦੌ ਸੇਵਾ ਨਿਭਾਈ ਹੋਈ ਹੈ। ਬੱਬੂ ਤੀਰ ਮਰਹੂਮ ਲੇਖਕ ਤੇ ਚਾਚਾ ਚੰਡੀਗੜ੍ਹੀਆ ਵਜੋਂ ਜਾਣੇ ਜਾਂਦੇ ਸਵਰਗੀ ਡਾ. ਗੁਰਨਾਮ ਸਿੰਘ ਤੀਰ ਦੀ ਪੁੱਤਰੀ ਹੈ।

## ਢਾਈ ਲੱਖ ਦੀ ਸੁਪਾਰੀ ਨਾਲ ਔਰਤ ਉੱਤੇ ਹਮਲਾ ਕਰਵਾਇਆ ਗਿਆ ਸੀ

ਲੁਧਿਆਣਾ, 21 ਅਗਸਤ (ਪੋਸਟ ਬਿਊਰੋ)- ਇੱਕ ਔਰਤ ਉਪਰ ਇਕ ਸਾਲ ਪਹਿਲਾਂ ਹੋਏ ਜਾਨਲੇਵਾ ਹਮਲੇ ਦੇ ਕੇਸ ਵਿੱਚ ਇੱਕ ਬਦਮਾਸ਼ ਨੇ ਫੋਨ ਕਾਲ ਕਰਕੇ ਕਿਹਾ ਕਿ ਉਸ ਨੂੰ ਔਰਤ ਨੂੰ ਜਾਨੋਂ ਮਾਰਨ ਲਈ ਢਾਈ ਲੱਖ ਰੁਪਏ ਫਿਰੌਤੀ ਮਿਲੀ ਹੈ। ਉਸ ਬਦਮਾਸ਼ ਨੇ ਔਰਤ ਨੂੰ ਧਮਕੀ ਦਿੱਤੀ ਤੇ ਕਿਹਾ ਕਿ ਇਸ ਵਾਰ ਉਸ ਦਾ ਵਾਰ ਖਾਲੀ ਨਹੀਂ ਜਾਵੇਗਾ। ਇਸ ਬਾਰੇ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੇ ਆਸ਼ਾ ਪੁਰੀ ਬਿੰਦਰਾਵਨ ਰੋਡ ਸਿਵਲ ਲਾਈਨ ਦੇ ਵਿਪਿਨ ਕੁਮਾਰ ਦੇ ਬਿਆਨਾਂ ਉਤੇ ਅਣਪਛਾਤੇ ਬਦਮਾਸ਼ ਖਿਲਾਫ ਕੇਸ ਦਰਜ ਕਰਕੇ ਕੇਸ ਦੀ ਜਾਂਚ ਸ਼ੁਰੂ ਕੀਤੀ ਹੈ।

ਇਸ ਮਾਮਲੇ ਬਾਰੇ ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੂੰ ਕਾਰੋਬਾਰੀ ਵਿਪਨ ਕੁਮਾਰ ਨੇ ਦੱਸਿਆ ਕਿ 10 ਸਤੰਬਰ 2018 ਨੂੰ ਸ਼ਾਮ ਸਾਢੇ ਸੱਤ ਵਜੇ ਦੇ ਕਰੀਬ ਉਨ੍ਹਾਂ ਦੀ ਨੂੰਹ ਕਰੀਨਾ ਮਲਹੋਤਰਾ ਤੇ ਉਸ ਦਾ ਡੇਢ ਸਾਲਾ ਬੇਟਾ ਘਰ ਵਿੱਚ ਇਕੱਲੇ ਸਨ ਤਾਂ ਅਣਪਛਾਤਾ ਆਦਮੀ ਦਾਖਲ ਹੋਇਆ, ਜਿਸ ਨੇ ਬੁਰਕਾ ਪਾਇਆ ਹੋਇਆ ਸੀ। ਘਰ ਵਿੱਚ ਵੜਦੇ ਸਾਰ ਬਦਮਾਸ਼ ਨੇ ਕਰੀਨਾ ਮਲਹੋਤਰਾ ਉਪਰ ਹਮਲਾ ਕਰ ਦਿੱਤਾ। ਔਰਤ ਵੱਲੋਂ ਵਿਰੋਧ ਕਰਨ 'ਤੇ ਦੋਸ਼ੀ ਫਰਾਰ ਹੋ ਗਿਆ।



ਕਰੀਬ ਇੱਕ ਸਾਲ ਪਹਿਲਾਂ ਹੋਏ ਇਸ ਹਮਲੇ ਤੋਂ ਅਜੇ ਪੂਰਾ ਪਰਵਾਰ ਉਭਰਿਆ ਨਹੀਂ ਸੀ ਕਿ ਪੰਜ ਮਹੀਨੇ ਪਹਿਲਾਂ ਇਕ ਨੰਬਰ ਤੋਂ ਕਰੀਨਾ ਨੂੰ ਫੋਨ ਕਾਲ ਆਈ, ਜਿਸ ਵਿੱਚ ਕਰੀਨਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਅਣਪਛਾਤੇ ਬਦਮਾਸ਼ ਨੇ ਕਰੀਬ ਦੋ ਮਹੀਨੇ ਪਹਿਲਾਂ ਔਰਤ ਨੂੰ ਫਿਰ ਫੋਨ ਕਾਲ ਕੀਤੀ ਤੇ ਖੁਲਾਸਾ ਕੀਤਾ ਕਿ ਉਸ ਨੂੰ ਜਾਨੋ ਮਾਰ ਦੇਣ ਲਈ ਢਾਈ ਲੱਖ ਰੁਪਏ ਦੀ ਫਿਰੌਤੀ ਦਿੱਤੀ ਗਈ ਹੈ। ਬਦਮਾਸ਼ ਨੇ ਔਰਤ ਨੂੰ ਇਹ ਧਮਕੀ ਵੀ ਦਿੱਤੀ ਕਿ ਪਿਛਲੀ ਵਾਰ ਤਾਂ ਉਹ ਬਚ ਗਈ, ਪਰ ਇਸ ਵਾਰ ਖਾਲੀ ਨਹੀਂ ਜਾਵੇਗਾ। ਕੇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਕਾਰੋਬਾਰੀ ਵਿਪਨ ਕੁਮਾਰ ਨੇ ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ।

## ਹੈਰੋਇਨ ਸਮੇਤ ਇੱਕ ਅਖੌਤੀ ਪੱਤਰਕਾਰ ਸਣੇ ਤਿੰਨ ਕਾਬੂ

ਅੰਮ੍ਰਿਤਸਰ, 21 ਅਗਸਤ (ਪੋਸਟ ਬਿਊਰੋ)- ਅਜਨਾਲਾ ਥਾਣੇ ਦੀ ਪੁਲਸ ਨੇ ਕੰਡਿਆਲੀ ਤਾਰ ਰਸਤੇ ਪਾਕਿਸਤਾਨ ਤੋਂ ਹੈਰੋਇਨ ਮੰਗਾ ਕੇ ਧੰਦਾ ਕਰਨ ਵਾਲੇ ਪੱਤਰਕਾਰ ਸਿਮਰ ਸਮੇਤ ਤਿੰਨ ਜਣਿਆਂ ਨੂੰ ਕੱਲ੍ਹ ਗ੍ਰਿਫਤਾਰ ਕੀਤਾ ਅਤੇ ਦੋਸ਼ੀਆਂ ਤੋਂ ਇਕ ਕਿਲੋ ਹੈਰੋਇਨ, 23 ਲੱਖ ਨਗਦੀ, ਪਿਸਤੌਲ, 61 ਕਾਰਤੂਸ ਤੇ ਕਾਰ ਜ਼ਬਤ ਕੀਤੇ ਹਨ।

ਐਸ ਐਸ ਪੀ ਦਿਹਾਤੀ ਵਿਕਰਮਜੀਤ ਦੁੱਗਲ ਨੇ ਦੱਸਿਆ ਕਿ ਸ਼ੱਕ ਹੈ ਕਿ ਮੁਲਜ਼ਮਾਂ ਦੇ ਸੰਬੰਧ ਪਾਕਿਸਤਾਨ ਦੇ ਸਮੱਗਲਰਾਂ ਨਾਲ ਹੋ ਸਕਦੇ ਹਨ, ਪਰ ਕੇਸ ਦੀ ਪੜਤਾਲ ਚੱਲ ਰਹੀ ਹੈ। ਸੂਚਨਾ ਦੇ ਆਧਾਰ ਉਤੇ ਪੱਤਰਕਾਰ ਸਿਮਰਨਜੀਤ ਸਿੰਘ ਸਿਮਰ, ਫੱਤੇਵਾਲ ਦਾ ਸਰਬਜੀਤ ਸਾਬਾ ਤੇ ਗੁਰਾਲਾ ਦਾ ਸੁਰਜੀਤ ਮਸੀਹ ਨੂੰ ਫੜ੍ਹਿਆ ਗਿਆ ਸੀ।

## ਫਰਜ਼ੀ ਬੀਮਾ ਪਾਲਿਸੀ ਦੇ ਨਾਮ ਉੱਤੇ 49 ਲੱਖ ਠੱਗਣ ਵਾਲੇ ਤਿੰਨ ਜਣੇ ਕਾਬੂ

ਪਟਿਆਲਾ, 21 ਅਗਸਤ (ਪੋਸਟ ਬਿਊਰੋ)- ਆਮ ਲੋਕਾਂ ਨੂੰ ਫਰਜ਼ੀ ਬੀਮਾ ਪਾਲਿਸੀਆਂ ਦੇ ਨਾਮ 'ਤੇ ਪੈਸੇ ਦੁੱਗਣੇ ਕਰਨ ਦਾ ਲਾਲਚ ਦੇ ਕੇ ਠੱਗੀ ਕਰਨ ਵਾਲੇ ਗੈਂਗ ਦਾ ਪਰਦਾ ਫਾਸ਼ ਕਰਕੇ ਪਟਿਆਲਾ ਪੁਲਸ ਨੇ ਤਿੰਨ ਜਣਿਆਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਨੇ ਇਕੋ ਵਿਅਕਤੀ ਨਾਲ 49.25 ਲੱਖ ਰੁਪਏ ਦੀ ਠੱਗੀ ਮਾਰੀ ਹੋਈ ਸੀ।

ਪਟਿਆਲਾ ਦੇ ਐਸ ਪੀ (ਇਨਵੈਸਟੀਗੇਸ਼ਨ) ਹਰਮੀਤ ਸਿੰਘ ਹੁੰਦਲ ਨੇ ਕੱਲ੍ਹ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਠੱਗੀ ਦਾ ਸ਼ਿਕਾਰ ਹੋਇਆ ਲੱਖਾ ਸਿੰਘ ਧੂਰੀ ਨੇੜਲੇ ਪਿੰਡ ਬਨਭੌਰੀ ਦਾ ਵਾਸੀ ਹੈ। ਉਨ੍ਹਾਂ ਦੱਸਿਆ ਕਿ ਲੱਖਾ ਸਿੰਘ ਨਾਲ ਠੱਗੀ ਮਾਰਨ ਵਾਲੇ ਗੈਂਗ ਨੂੰ ਡੀ ਐਸ ਪੀ ਸਿਟੀ ਯੋਗੇਸ਼ ਕੁਮਾਰ ਦੀ ਨਿਗਰਾਨੀ ਹੇਠ ਥਾਣਾ ਡਵੀਜ਼ਨ ਨੰਬਰ ਦੋ ਦੇ ਇੰਚਾਰਜ ਗੁਰਦੀਪ ਸਿੰਘ, ਏ ਐਸ ਆਈ ਸ਼ੇਰ ਸਿੰਘ ਤੇ ਟੀਮ ਨੇ ਫੜਿਆ ਹੈ। ਦੋਸ਼ੀਆਂ ਵਿੱਚ ਗਗਨ ਸੱਚਦੇਵਾ ਵਾਸੀ ਹਰਿਆਣਾ ਅਤੇ ਅਮਿਤ ਕੁਮਾਰ ਵਾਸੀ ਰਾਜਸਥਾਨ ਅਤੇ



ਦਿਪੇਸ਼ ਗੋਇਲ ਵਾਸੀ ਚੰਡੀਗੜ੍ਹ ਸ਼ਾਮਲ ਹਨ। ਪਹਿਲੇ ਦੋ ਮੁਲਜ਼ਮਾਂ ਦਾ ਅੱਠ ਤੇ ਦਿਪੇਸ਼ ਦਾ ਪੰਜ ਦਿਨਾਂ ਦਾ ਰਿਮਾਂਡ ਮਿਲਿਆ ਹੈ।

ਐਸ ਐਸ ਪੀ ਹੁੰਦਲ ਨੇ ਦੱਸਿਆ ਕਿ ਠੱਗੀ ਲਈ ਮੁਲਜ਼ਮ ਪੁਰਾਣੇ ਬੀਮਾ ਏਜੰਟਾਂ ਤੋਂ ਜਾਣਕਾਰੀ ਲੈਣ ਮਗਰੋਂ ਲੋਕਾਂ ਨੂੰ ਫੋਨ ਕਰਕੇ ਝਾਂਸੇ ਵਿੱਚ ਫਸਾਉਂਦੇ ਅਤੇ ਪੈਸੇ ਆਨਲਾਈਨ ਆਪਣੇ ਖਾਤਿਆਂ ਵਿੱਚ ਟਰਾਂਸਫਰ ਕਰ ਲਏ ਜਾਂਦੇ ਸਨ। ਗਰੋਹ ਨੇ ਕਾਲ ਸੈਂਟਰ ਖੋਲ੍ਹ ਕੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਟਰੇਨਿੰਗ ਦੇ ਕੇ ਫਰਜ਼ੀ ਵਾੜੇ ਦੇ ਕੰਮ ਵਿੱਚ ਲਾਇਆ ਸੀ। ਠੱਗੀ ਦੇ ਕੁਝ ਪੈਸੇ ਦਾਨ ਦੇਣ ਲਈ ਟਰੱਸਟ ਬਣਾ ਕੇ ਬੱਚਿਆਂ ਦੀ ਫੀਸਾਂ-ਕਿਤਾਬਾਂ 'ਤੇ ਖਰਚ ਕੀਤਾ ਜਾਂਦਾ ਸੀ।

## ਰਿਸ਼ਵਤ ਮੰਗਣ ਲਈ ਏ ਐਸ ਆਈ ਉਤੇ ਕੇਸ ਦਰਜ

ਪਟਿਆਲਾ, 21 ਅਗਸਤ (ਪੋਸਟ ਬਿਊਰੋ)- ਪੁਲਸ ਕੇਸ ਵਿੱਚ ਫਸਾ ਕੇ ਰਿਸ਼ਵਤ ਲੈਣ ਦੇ ਕੇਸ ਦੀ ਪੀੜਤ ਧਿਰ ਵੱਲੋਂ ਬਣਾਈ ਵੀਡੀਓ ਨੂੰ ਆਧਾਰ ਬਣਾ ਕੇ ਵਿਜੀਲੈਂਸ ਬਿਊਰੋ ਨੇ ਏ ਐੱਸ ਆਈ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ, ਜਿਸ ਦੀ ਅਗਲੀ ਪੜਤਾਲ ਕੀਤੀ ਜਾ ਰਹੀ ਹੈ।

ਪਿੰਡ ਦੁਗਾਲ ਦੇ ਹਰਪਾਲ ਸਿੰਘ ਨੰਬਰਦਾਰ ਨੇ ਦੱਸਿਆ ਕਿ ਪਿਛਲੇ ਸਾਲ ਪੰਜ ਮਈ ਨੂੰ ਥਾਣਾ ਪਾਤੜਾਂ ਵਿੱਚ ਏ ਐੱਸ ਆਈ ਸਤਪਾਲ ਨੇ ਉਸ ਦੇ, ਉਸ ਦੇ ਪੁੱਤਰ ਬਿਕਰਮਜੀਤ ਸਿੰਘ, ਭਤੀਜੇ ਹਰਮਨਦੀਪ ਸਿੰਘ, ਤ੍ਰਿਲੋਚਨ ਸਿੰਘ ਤੇ ਸਿਕੰਦਰ ਸਿੰਘ ਦੇ ਖਿਲਾਫ ਇਰਾਦਾ ਕਤਲ ਵਰਗੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਸੀ। ਇਸ ਦੇ ਬਾਅਦ ਪੁਲਸ ਨੇ ਉਸ ਦੇ ਪੁੱਤਰ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਉਸ ਨੇ ਆਪਣੇ ਪੁੱਤਰ ਦੀ ਜ਼ਮਾਨਤ ਲਈ ਪਟਿਆਲਾ ਸੈਸ਼ਨ ਕੋਰਟ ਵਿੱਚ ਅਰਜ਼ੀ ਦਿੱਤੀ ਤਾਂ 30 ਮਈ 2018 ਨੂੰ ਸੁਣਵਾਈ ਦੌਰਾਨ ਹਰਪਾਲ ਸਿੰਘ ਅਤੇ ਉਸ ਦੀ ਭੈਣ ਬਲਜੀਤ ਕੌਰ ਨੂੰ ਏ ਐੱਸ ਆਈ ਸਤਪਾਲ ਮਿਲਿਆ ਅਤੇ ਉਸ ਨੇ ਜ਼ਮਾਨਤ ਕਰਾਉਣ ਅਤੇ ਬਾਕੀ ਪਰਵਾਰ ਨੂੰ ਗ੍ਰਿਫਤਾਰੀ ਤੋਂ ਬਚਾਉਣ ਲਈ 15000 ਰੁਪਏ ਰਿਸ਼ਵਤ ਮੰਗੀ। ਉਨ੍ਹਾਂ ਨੇ ਉਸ ਨੂੰ ਪੰਜ ਹਜ਼ਾਰ ਰੁਪਏ ਮੌਕੇ ਉੱਤੇ ਦੇ ਕੇ ਉਸ ਦੀ ਵੀਡੀਓ ਰਿਕਾਰਡਿੰਗ ਕਰ ਲਈ ਸੀ, ਜਿਸ ਕਾਰਨ ਉਹ ਫਸ ਗਿਆ ਹੈ।

ਇਸ ਦੌਰਾਨ ਮੋਗੇ ਵਿੱਚ ਵਿਜੀਲੈਂਸ ਬਿਊਰੋ ਨੇ ਥਾਣਾ ਬਧਨੀ ਕਲਾਂ ਦੇ ਏ ਐੱਸ ਆਈ ਜਗਸੀਰ ਸਿੰਘ ਨੂੰ ਅੱਠ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਏ ਐੱਸ ਆਈ ਨੇ ਇਹ ਰਾਸ਼ੀ ਇੱਕ ਕੇਸ ਖਤਮ ਕਰਨ ਵਾਸਤੇ ਲਈ ਸੀ। ਡੀ ਐੱਸ ਪੀ ਵਿਜੀਲੈਂਸ ਹਰਜਿੰਦਰ ਸਿੰਘ ਨੇ ਦੱਸਿਆ ਕਿ ਦਰਸ਼ਨ ਸਿੰਘ ਪੁੱਤਰ ਨਾਹਰ ਸਿੰਘ ਪਿੰਡ ਬੁਰਜ ਦੂੰਨਾ ਨੇ ਸੁਖਦੇਵ ਸਿੰਘ ਪੁੱਤਰ ਕਰਨੈਲ ਸਿੰਘ ਬੁਰਜ ਦੂੰਨਾ ਦੇ ਖਿਲਾਫ ਥਾਣਾ ਬੱਧਨੀਕਲਾਂ ਵਿੱਚ ਸ਼ਿਕਾਇਤ ਦਿੱਤੀ ਸੀ। ਇਸ ਦਾ ਨਿਪਟਾਰਾ ਸੁਖਦੇਵ ਸਿੰਘ ਦੇ ਹੱਕ ਵਿੱਚ ਕਰਨ ਦੇ ਬਦਲੇ ਏ ਐੱਸ ਆਈ ਜਗਸੀਰ ਸਿੰਘ ਨੇ 10 ਹਜ਼ਾਰ ਰੁਪਏ ਦੀ ਰਿਸ਼ਵਤ ਮੰਗੀ ਸੀ। ਬਾਅਦ ਵਿੱਚ ਸੌਦਾ ਅੱਠ ਹਜ਼ਾਰ ਰੁਪਏ ਵਿੱਚ ਤੈਅ ਹੋ ਗਿਆ ਸੀ।

## ਦਿੱਲੀ ਤੋਂ ਮੁੜਦੇ ਡਾਕਟਰ ਨੂੰ ਨੀਂਦ ਕਾਰਨ ਰੇਲਿੰਗ ਤੋੜ ਕੇ ਕਾਰ ਹੇਠਾਂ ਡਿੱਗੀ, ਇੱਕ ਜਣੇ ਦੀ ਮੌਤ

ਪਟਿਆਲਾ, 21 ਅਗਸਤ (ਪੋਸਟ ਬਿਊਰੋ)- ਤੂਰ ਪੱਤੀ ਪਿੰਡ ਭਵਾਨੀਗੜ੍ਹ ਦੇ ਡਾਕਟਰ ਸੁਤੰਤਰ ਸਿੰਘ ਆਪਣੇ ਬੇਟੇ ਨੂੰ ਕੈਨੇਡਾ ਦੀ ਫਲਾਈਟ ਚੜ੍ਹਾਉਣ ਲਈ ਸੋਮਵਾਰ ਦਿੱਲੀ ਏਅਰਪੋਰਟ ਗਏ ਸਨ। ਕੱਲ੍ਹ ਮੁੜਦੇ ਸਮੇਂ ਸਰਦਨ ਬਾਈਪਾਸ 'ਤੇ ਪਸਿਆਣਾ ਦੇ ਨੇੜੇ ਸਵਿਫਟ ਕਾਰ ਚਲਾ ਰਹੇ ਸੁਤੰਤਰ ਸਿੰਘ ਨੂੰ ਝਪਕੀ ਆ ਜਾਣ ਕਾਰਨ ਗੱਡੀ ਰੇਲਿੰਗ ਤੋੜ ਕ ਕਰੀਬ 200 ਫੁੱਟ ਦੂਰ ਰੁੱਖਾਂ ਨਾਲ ਟਕਰਾ ਕੇ ਖੇਤਾਂ ਵਿੱਚ ਜਾ ਡਿੱਗੀ। ਇਸ ਵਿੱਚ ਸਵਾਰ ਤਿੰਨ ਜਣੇ ਗੰਭੀਰ ਜ਼ਖਮੀ ਹੋ ਗਏ ਅਤੇ 21 ਸਾਲ ਦੇ ਰਵਿੰਦਰ ਸਿੰਘ ਦੀ ਮੌਤ ਹੋ ਗਈ। ਲੋਕਾਂ ਨੇ ਗੱਡੀ ਦੀਆਂ ਖਿੜਕੀਆਂ ਨੂੰ ਕੁਹਾੜੀ ਨਾਲ ਕੱਟ ਕੇ ਜ਼ਖਮੀ ਲੋਕਾਂ ਨੂੰ ਬਾਹਰ ਕੱਢ ਕੇ ਹਸਪਤਾਲ ਭੇਜਿਆ। ਇਸ ਵਿੱਚ ਦੋ ਨੂੰ ਪੀ ਜੀ ਆਈ ਰੈਫਰ ਕਰ ਦਿੱਤਾ ਗਿਆ ਹੈ ਅਤੇ ਇੱਕ ਦਾ ਇਲਾਜ ਰਾਜਿੰਦਰਾ ਹਸਪਤਾਲ ਵਿੱਚ ਜਾਰੀ ਹੈ।

ਪਟਿਆਲਾ-ਬਠਿੰਡਾ ਸਰਦਨ ਬਾਈਪਾਸ ਨੇੜੇ ਸਵਿਫਟ ਡਿਜ਼ਾਇਰ ਕਾਰ ਸਵੇਰੇ 6.30 ਵਜੇ ਓਵਰ ਸਪੀਡ ਨਾਲ ਆ ਰਹੀ ਸੀ ਕਿ ਇਕਦਮ ਰੇਲਿੰਗ ਤੋੜ ਕੇ ਖੇਤਾਂ ਵਿੱਚ ਜਾ ਡਿੱਗੀ ਅਤੇ ਦੋ ਰੁੱਖਾਂ ਨਾਲ ਟਕਰਾ ਕੇ ਉਲਟ ਗਈ। ਹਰਜੀਤ ਸਿੰਘ ਨੇ ਦੱਸਿਆ ਕਿ ਡਾਕਟਰ ਸੁਤੰਤਰ ਸਿੰਘ ਦੇ ਬੇਟੇ ਦੀ ਕੱਲ੍ਹ ਕੈਨੇਡਾ ਦੀ ਫਲਾਈਟ ਸੀ ਤੇ ਤਿੰਨ ਗੱਡੀਆਂ ਵਿੱਚ ਰਿਸ਼ਤੇਦਾਰ ਸੁਤੰਤਰ ਦੇ ਬੇਟੇ ਨੂੰ ਦਿੱਲੀ ਏਅਰਪੋਰਟ ਛੱਡਣ ਗਏ ਸਨ ਅਤੇ ਵਾਪਸ ਪਰਤ ਰਹੇ ਸਨ। ਸਵਿਫਟ ਡਿਜ਼ਾਇਰ ਕਾਰ ਵਿੱਚ ਸਵਾਰ ਰਵਿੰਦਰ ਸਿੰਘ, ਸੁਤੰਤਰ ਸਿੰਘ, ਰਘੁਵੀਰ ਸਿੰਘ ਜਗਜੀਤ ਸਿੰਘ ਪਿੰਡ ਨਹੀਂ ਪਹੁੰਚੇ ਤਾਂ ਕਰੀਬ 6.30 ਵਜੇ ਪਿੰਡ ਵਿੱਚ ਫੋਨ 'ਤੇ ਪਤਾ ਲੱਗਾ ਕਿ ਗੱਡੀ ਦਾ ਐਕਸੀਡੈਂਟ ਹੋ ਗਿਆ ਹੈ। ਇਸ ਵਿੱਚ ਸਵਾਰ 21 ਸਾਲ ਦੇ ਰਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਸੁਤੰਤਰ ਸਿੰਘ ਗੰਭੀਰ ਹੈ।

## ਦੋ ਬੱਸਾਂ ਵਿਚਾਲੇ ਫਸਣ ਨਾਲ ਬੱਸ ਕੰਡਕਟਰ ਦੀ ਮੌਤ

ਲੁਧਿਆਣਾ, 21 ਅਗਸਤ (ਪੋਸਟ ਬਿਊਰੋ)- ਪੀ ਆਰ ਟੀ ਸੀ ਬਸ ਅਤੇ ਨਿੱਜੀ ਬਸ ਕੰਪਨੀ ਦੀ ਬੱਸ ਦੀ ਕਰਾਸਿੰਗ ਸਮੇਂ ਕੱਲ੍ਹ ਪੀ ਆਰ ਟੀ ਸੀ ਬਸ ਦਾ ਕੰਡਕਟਰ ਦੋਵਾਂ ਬਸਾਂ ਵਿਚਾਲੇ ਕੁਚਲਿਆ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਕੰਡਕਟਰ ਦੀ ਪਛਾਣ ਮਨਪ੍ਰੀਤ ਸਿੰਘ (32) ਵਜੋਂ ਹੋਈ ਹੈ। ਉਹ ਪਾਤੜਾਂ ਨੇੜੇ ਸ਼ਤਰਾਣਾ ਦਾ ਰਹਿਣ ਵਾਲਾ ਹੈ। ਬਸ ਸਟੈਂਡ ਪੁਲਸ ਚੌਕੀ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ।

ਮ੍ਰਿਤਕ ਕੰਡਕਟਰ ਦੇ ਭਰਾ ਹਰਸਿਮਰਨ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਮਨਪ੍ਰੀਤ ਸਿੰਘ ਪੀ ਆਰ ਟੀ ਸੀ ਦੇ ਸੰਗਰੂਰ ਡਿਪੂ ਵਿੱਚ ਪਿਛਲੇ ਚਾਰ ਸਾਲ ਤੋਂ




ਕੰਟ੍ਰੈਕਟ 'ਤੇ ਕੰਡਕਟਰ ਲੱਗਾ ਹੋਇਆ ਹੈ। ਉਸ ਨੇ ਕੱਲ੍ਹ ਸਵੇਰੇ ਪਾਤੜਾ ਤੋਂ ਹੁਸ਼ਿਆਰਪੁਰ ਲਈ ਬਸ ਲੈ ਕੇ ਜਾਣਾ ਸੀ ਅਤੇ ਉਸ ਨੇ ਖੁਦ ਅੰਮ੍ਰਿਤਸਰ ਜਾਣਾ ਸੀ ਜਿਸ ਕਾਰਨ ਉਹ ਆਪਣੇ ਭਰਾ ਮਨਪ੍ਰੀਤ ਸਿੰਘ ਦੇ ਨਾਲ ਘਰੋਂ ਚੱਲ ਪਿਆ। ਪਾਤੜਾ ਤੋਂ ਉਹ ਆਪਣੇ ਕੰਡਕਟਰ ਭਰਾ ਦੇ ਨਾਲ ਫਗਵਾੜਾ ਤੱਕ ਜਾਣ ਦੇ ਲਈ ਉਸੇ ਬਸ ਵਿੱਚ ਬੈਠ ਗਿਆ। ਜਦ ਉਹ ਲੁਧਿਆਣਾ ਬਸ ਸਟੈਂਡ ਦੇ ਕਾਊਂਟਰ ਤੋਂ ਤੁਰਨ ਲੱਗੇ ਤਾਂ ਬਸ ਕਰਾਸਿੰਗ ਲਈ ਮਨਪ੍ਰੀਤ ਸਿੰਘ ਬਸ ਤੋਂ ਹੇਠਾਂ ਉਤਰ ਗਿਆ। ਜਦੋਂ ਉਹ ਨੇੜੇ ਖੜ੍ਹੀ ਨਿੱਜੀ ਕੰਪਨੀ ਦੀ ਬਸ ਕੋਲੋਂ ਪੀ ਆਰ ਟੀ ਸੀ ਬਸ ਦੀ ਕ੍ਰਾਸਿੰਗ ਕਰਾਉਣ ਲੱਗਾ ਤਾਂ ਬਸ ਡਰਾਈਵਰ ਨੇ ਸਪੀਡ ਵਧਾ ਦਿੱਤੀ। ਜਿਸ ਕਾਰਨ ਮਨਪ੍ਰੀਤ ਦੋਵਾਂ ਬਸਾਂ ਦੇ ਵਿੱਚ ਕੁਚਲਿਆ ਗਿਆ, ਜਿਸ ਦੀ ਮੌਕੇ 'ਤੇ ਮੌਤ ਹੋ ਗਈ। ਬਸ ਸਟੈਂਡ ਚੌਕੀ ਇੰਚਾਰਜ ਚੰਦ ਅਹੀਰ ਨੇ ਦੱਸਿਆ ਕਿ ਮ੍ਰਿਤਕ ਕੰਡਕਟਰ ਦੇ ਭਰਾ ਹਰਸਿਮਰਨ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ।

## ਘਰੇਲੂ ਲੜਾਈ ਕਾਰਨ ਬੰਦੇ ਨੇ ਦੋ ਬੱਚਿਆਂ ਸਣੇ ਜ਼ਹਿਰ ਖਾਧਾ

### * ਬੇਟੀ ਅਤੇ ਪਿਤਾ ਦੀ ਹਾਲਤ ਗੰਭੀਰ, ਬੇਟੇ ਦੀ ਮੌਤ

ਕੋਟਕਪੂਰਾ, 21 ਅਗਸਤ (ਪੋਸਟ ਬਿਊਰੋ)- ਕੱਲ੍ਹ ਰਾਤ ਸਥਾਨਕ ਹਰੀ ਨੌਂ ਰੋਡ 'ਤੇ ਘਰੇਲੂ ਲੜਾਈ ਦੇ ਕਾਰਨ ਇੱਕ ਵਿਅਕਤੀ ਵੱਲੋਂ ਆਪਣੇ ਦੋ ਬੱਚਿਆਂ ਸਮੇਤ ਜ਼ਹਿਰ ਖਾ ਲਏ ਜਾਣ ਦਾ ਪਤਾ ਲੱਗਾ ਹੈ। ਇਸ ਦੌਰਾਨ ਉਸ ਦੇ 11 ਸਾਲਾ ਬੇਟੇ ਦੀ ਮੌਤ ਹੋ ਗਈ ਅਤੇ ਉਸ ਦੀ ਖੁਦ ਦੀ ਅਤੇ ਅੱਠ ਸਾਲ ਦੀ ਬੇਟੀ ਦੀ ਹਾਲਤ ਗੰਭੀਰ ਬਣੀ ਹੋਈ ਹੈ ਅਤੇ ਉਹ ਇਲਾਜ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਖੇ ਭਰਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਹਰੀ ਨੌਂ ਰੋਡ ਦੇ ਵਾਸੀ ਚਰਨਜੀਤ ਸਿੰਘ ਦਾ ਆਪਣੀ ਪਤਨੀ ਜਸ਼ਨਪ੍ਰੀਤ ਕੌਰ ਨਾਲ ਝਗੜਾ ਚੱਲ ਰਿਹਾ ਸੀ। ਇਸ ਵਿਵਾਦ ਕਾਰਨ ਉਸ ਦੀ ਪਤਨੀ ਜ਼ਿਆਦਾ ਸਮਾਂ ਆਪਣੇ ਮਾਤਾ-ਪਿਤਾ ਦੇ ਘਰ ਰਹਿੰਦੀ ਸੀ ਅਤੇ ਚਰਨਜੀਤ ਸਿੰਘ ਆਪਣੇ ਦੋ ਬੱਚਿਆਂ ਦੀਪਕ ਸਿੰਘ (11) ਅਤੇ ਕੁਲਦੀਪ ਕੌਰ



(8) ਦੀ ਸੰਭਾਲ ਕਰਦਾ ਸੀ।

ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਪਰਵਾਰ ਦੇ ਲੋਕਾਂ ਨੇ ਤਿੰਨਾਂ ਨੂੰ ਹਸਪਤਾਲ ਪਹੁੰਚਾਇਆ, ਪਰ ਦੀਪਕ ਸਿੰਘ ਦੀ ਮੌਤ ਹੋ ਗਈ, ਜਦ ਕਿ ਦੂਸਰੇ ਦੋਂਹ ਨੂੰ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ। ਇਸ ਬਾਰੇ ਥਾਣਾ ਸਿਟੀ ਦੇ ਐੱਸ ਐੱਚ ਓ ਜਤਿੰਦਰ ਸਿੰਘ ਨੇ ਦੱਸਿਆ ਕਿ ਚਰਨਜੀਤ ਸਿੰਘ ਗੰਭੀਰ ਹਾਲਤ ਵਿੱਚ ਹੈ ਅਤੇ ਅਜੇ ਬਿਆਨ ਦੇਣ ਯੋਗ ਨਹੀਂ। ਉਨ੍ਹਾਂ ਦੱਸਿਆ ਕਿ ਉਸ ਦੀ ਪਤਨੀ ਨੂੰ ਸੱਦਿਆ ਗਿਆ ਹੈ ਅਤੇ ਪਰਵਾਰ ਦੇ ਕਿਸੇ ਮੈਂਬਰ ਵੱਲੋਂ ਬਿਆਨ ਦਿੱਤੇ ਜਾਣ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਜਾਂਚ ਅਧਿਕਾਰੀ ਏ ਐੱਸ ਆਈ ਗੁਰਦੀਪ ਸਿੰਘ ਨੇ ਦੱਸਿਆ ਕਿ ਚਰਨਜੀਤ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਹੈ, ਪਰ ਉਸ ਦੀ ਲੜਕੀ ਠੀਕ ਹੈ।



## ਪ੍ਰਧਾਨ ਮੰਤਰੀ ਮੋਦੀ ਤੇ ਟਰੰਪ ਦੇ ਗੱਲਬਾਤ ਕਰਨ ਤੋਂ ਓਵੈਸੀ ਭੜਕਿਆ



ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਕਸ਼ਮੀਰ ਮੁੱਦੇ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਲ ਨਰਿੰਦਰ ਮੋਦੀ ਵੱਲੋਂ ਕੀਤੀਆਂ ਗੱਲਾਂ ਉੱਤੇ ਹੈਦਰਾਬਾਦ ਦੇ ਐੱਮ ਪੀ ਅਸਦੁਦੀਨ ਓਵੈਸੀ ਨੇ ਸਵਾਲ ਚੁੱਕੇ ਹਨ।

ਓਵੈਸੀ ਦੀ ਇਹ ਪ੍ਰਤੀਕਿਰਿਆ ਕਸ਼ਮੀਰ ਬਾਰੇ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਫੋਨ ਉੱਤੇ ਗੱਲਬਾਤ ਤੋਂ ਬਾਅਦ ਆਈ ਹੈ। ਪਾਕਿਸਤਾਨ ਨਾਲ ਚੱਲ ਰਹੇ ਤਣਾਅ ਦੇ ਦੌਰਾਨ ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕਰੀਬ 30 ਮਿੰਟ ਫੋਨ ਉੱਤੇ ਗੱਲਬਾਤ ਹੋਈ ਸੀ। ਪ੍ਰਧਾਨ ਮੰਤਰੀ ਮੋਦੀ ਅਤੇ ਟਰੰਪ ਦੀ ਗੱਲਬਾਤ ਉੱਤੇ ਹੈਰਾਨੀ ਜ਼ਾਹਿਰ ਕਰਦੇ ਹੋਏ ਅਸਦੁਦੀਨ ਓਵੈਸੀ ਨੇ ਕਿਹਾ ਕਿ ਏਦਾਂ ਦੀ ਗੱਲ ਕਰਨ ਅਤੇ ਦੁਵੱਲੇ ਮੁੱਦੇ ਉੱਤੇ ਚਰਚਾ ਕਰਨ ਉੱਤੇ ਉਨ੍ਹਾਂ ਨੂੰ ਹੈਰਾਨੀ ਹੋਈ ਹੈ। ਉਨ੍ਹਾਂ ਕਿਹਾ ਕਿ ਮੋਦੀ ਦੇ ਇਸ ਕਦਮ ਨਾਲ ਟਰੰਪ ਨੇ ਜਿਵੇਂ ਪਹਿਲਾ ਕਸ਼ਮੀਰ ਬਾਰੇ ਵਿਚੋਲਗੀ ਦਾ ਦਾਅਵਾ ਕੀਤਾ ਸੀ, ਉਸ ਦੀ ਪੁਸ਼ਟੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਦੁਵੱਲਾ ਮੁੱਦਾ ਹੈ, ਇਸ ਉੱਤੇ ਤੀਜੇ ਪੱਖ ਨੂੰ ਦਖ਼ਲ ਦੇਣ ਦੀ ਇਜਾਜ਼ਤ ਨਹੀਂ। ਓਵੈਸੀ ਨੇ ਪੁੱਛਿਆ ਕਿ ਕੀ ਟਰੰਪ ਦੁਨੀਆ ਦੇ ਥਾਣੇਦਾਰ ਹਨ ਜਾਂ ਚੌਧਰੀ। ਉਨ੍ਹਾਂ ਕਿਹਾ ਕਿ ਅਸੀਂ ਸ਼ੁਰੂ ਤੋਂ ਕਹਿੰਦੇ ਰਹੇ ਹਾਂ ਕਿ ਕਸ਼ਮੀਰ ਦੁਵੱਲਾ ਮੁੱਦਾ ਹੈ, ਭਾਰਤ ਦਾ ਇਸ ਉੱਤੇ ਬਹੁਤ ਪੱਕਾ ਰੁੱਖ ਹੈ, ਫਿਰ ਪ੍ਰਧਾਨ ਮੰਤਰੀ ਮੋਦੀ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਗੱਲਬਾਤ ਕਰਨ ਅਤੇ ਇਸ ਦੀ ਸ਼ਿਕਾਇਤ ਕਰਨ ਦੀ ਕੀ ਲੋੜ ਸੀ।

ਵਰਨਣ ਯੋਗ ਹੈ ਕਿ ਪਾਕਿਸਤਾਨ ਨਾਲ ਕਸ਼ਮੀਰ ਬਾਰੇ ਜਾਰੀ ਤਣਾਅ ਦੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਫੋਨ ਉੱਤੇ ਗੱਲ ਕੀਤੀ ਸੀ। ਦੋਵਾਂ ਵਿਚਕਾਰ ਲਗਭਗ 30 ਮਿੰਟ ਤੱਕ ਗੱਲ ਹੋਈ। ਇਸ ਦੌਰਾਨ ਦੁਵੱਲੇ ਸਬੰਧਾਂ ਅਤੇ ਆਪਸੀ ਸਹਿਯੋਗ ਬਾਰੇ ਵੀ ਚਰਚਾ ਹੋਈ ਸੀ।

# ਐਨ ਆਈ ਏ ਦੇ ਤਿੰਨ ਅਫਸਰਾਂ ਦਾ ਰਿਸ਼ਵਤ ਮੰਗਣ ਦੇ ਦੋਸ਼ ਹੇਠ ਹੋਇਆ ਤਬਾਦਲਾ

* ਮੁੰਬਈ ਹਮਲੇ ਵਿੱਚ ਹਾਫਿਜ਼ ਦੀ ਜਾਂਚ ਵਿੱਚ ਰਿਸ਼ਵਤ ਮੰਗਣ ਦਾ ਦੋਸ਼

ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਅੱਤਵਾਦੀ ਸਰਗਨਾ ਹਾਫਿਜ਼ ਸਈਦ ਦੇ ਵਿਰੁੱਧ ਮੁੰਬਈ ਹਮਲਾ ਕੇਸ ਦੀ ਸਾਜ਼ਿਸ਼ ਦੀ ਜਾਂਚ ਕਰਨ ਲਈ ਬਣਾਈ ਐਨ ਆਈ ਏ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਦੇ ਅਧਿਕਾਰੀ ਖੁਦ ਹਾਫਿਜ਼ ਸਈਦ ਦੇ ਖਿਲਾਫ ਅੱਤਵਾਦੀ ਫੰਡਿੰਗ ਦੀ ਜਾਂਚ ਵਿੱਚ ਰਿਸ਼ਵਤ ਲੈਣ ਦੇ ਦੋਸ਼ਾਂ 'ਚ ਘਿਰ ਗਏ ਹਨ।

ਵਰਨਣ ਯੋਗ ਹੈ ਕਿ ਲਸ਼ਕਰ-ਏ-ਤਾਇਬਾ ਅਤੇ ਜਮਾਤ-ਉਦ-ਦਾਅਵਾ ਉੱਤੇ ਪਾਬੰਦੀ ਲਾਏ ਜਾਣ ਪਿੱਛੋਂ ਹਾਫਿਜ਼ ਸਈਦ ਇੱਕ ਨਵੇਂ ਸੰਗਠਨ ਫਲਾਹ-ਏ-ਇਨਸਾਨੀਅਤ ਫਾਊਂਡੇਸ਼ਨ (ਐਫ ਆਈ ਐਫ) ਦੀ ਆੜ ਵਿੱਚ ਭਾਰਤ ਵਿੱਚ ਅੱਤਵਾਦੀ ਨੈਟਵਰਕ ਖੜਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਦੋਸ਼ ਇਹ ਲਾਇਆ ਗਿਆ ਹੈ ਕਿ ਇਸੇ ਨੈਟਵਰਕ ਦੀ ਜਾਂਚ ਦੌਰਾਨ ਐਨ ਆਈ ਏ ਦੇ ਤਿੰਨ ਅਫਸਰਾਂ ਨੇ ਇਕ ਹਵਾਲਾ ਕਾਰੋਬਾਰੀ ਤੋਂ ਦੋ ਕਰੋੜ ਰੁਪਏ ਦੀ ਰਿਸ਼ਵਤ ਮੰਗੀ ਸੀ। ਇਨ੍ਹਾਂ ਤਿੰਨਾਂ ਅਧਿਕਾਰੀਆਂ ਦਾ ਤਬਾਦਲਾ ਐਨ ਆਈ ਏ ਤੋਂ ਬਾਹਰ ਕਰ ਦਿੱਤਾ ਗਿਆ ਅਤੇ ਦੋਸ਼ਾਂ ਦੀ ਸੱਚਾਈ ਦੀ ਜਾਂਚ ਕੀਤੀ ਜਾ ਰਹੀ ਹੈ। ਐਨ ਆਈ ਏ ਨੇ ਇਨ੍ਹਾਂ ਦੋਸ਼ਾਂ ਦੀ ਬਾਕਾਇਦਾ ਪੁਸ਼ਟੀ ਕਰ ਦਿੱਤੀ ਹੈ। ਉਸ ਮੁਤਾਬਕ ਦੋਸ਼ਾਂ ਦੀ ਜਾਂਚ ਦੀ ਜ਼ਿੰਮੇਵਾਰੀ ਐਨ ਆਈ ਏ ਦੇ ਇਕ ਡਿਪਟੀ ਡਾਇਰੈਕਟਰ ਜਨਰਲ (ਡੀ ਆਈ ਜੀ) ਪੱਧਰ ਦੇ ਅਧਿਕਾਰੀ ਨੂੰ ਸੌਂਪੀ ਗਈ ਹੈ। ਇਸ ਦੀ ਜਾਂਚ ਰਿਪੋਰਟ ਸਾਹਮਣੇ ਆਉਣ ਪਿੱਛੋਂ ਤਿੰਨਾਂ ਅਧਿਕਾਰੀਆਂ ਖਿਲਾਫ ਅਗਲੀ ਕਾਰਵਾਈ ਤੈਅ ਕੀਤੀ ਜਾਵੇਗੀ। ਐਨ ਆਈ ਏ ਦਾ ਕਹਿਣਾ ਹੈ ਕਿ ਜਾਂਚ ਨੂੰ ਪ੍ਰਭਾਵਿਤ ਕੀਤੇ ਜਾਣ ਦੇ ਸ਼ੱਕ ਕਾਰਨ ਇਨ੍ਹਾਂ ਤਿੰਨਾਂ ਅਧਿਕਾਰੀਆਂ ਦਾ ਤਬਾਦਲਾ ਜਾਂਚ ਏਜੰਸੀ ਦੇ ਬਾਹਰ ਕਰ ਦਿੱਤਾ ਗਿਆ ਹੈ। 2009 ਵਿੱਚ ਮੁੰਬਈ ਹਮਲੇ ਤੋਂ ਬਾਅਦ ਬਣੀ ਐਨ ਆਈ ਏ ਵਿੱਚ ਕਰੀਬ ਇਕ ਮਹੀਨਾ ਪਹਿਲਾਂ ਹੀ ਰਿਸ਼ਵਤਖੋਰੀ ਦਾ ਅਜਿਹਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ।



ਕਿਹਾ ਜਾ ਰਿਹਾ ਹੈ ਕਿ ਜਿਨ੍ਹਾਂ ਤਿੰਨ ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ, ਉਨ੍ਹਾਂ ਵਿੱਚ ਇਕ ਐਸ ਪੀ ਰੈਂਕ ਦਾ ਅਧਿਕਾਰੀ ਹੈ। ਉਹ ਇਸ ਤੋਂ ਪਹਿਲਾਂ ਸਾਲ 2007 ਦੇ ਸਮਝੌਤਾ ਐਕਸਪ੍ਰੈਸ ਧਮਾਕੇ ਦਾ ਜਾਂਚ ਅਧਿਕਾਰੀ ਰਹਿ ਚੁੱਕਾ ਹੈ ਅਤੇ ਦੋ ਹੋਰ ਜੂਨੀਅਰ ਅਫਸਰ ਖੁਫੀਆ ਵਿਭਾਗ ਅਤੇ ਐਨ ਆਈ ਏ ਦੀ ਆਪ੍ਰੇਸ਼ਨਸ ਵਿੰਗ ਦੇ ਹਨ। ਇਨ੍ਹਾਂ ਲੋਕਾਂ ਨੇ ਉਤਰੀ ਦਿੱਲੀ ਦੇ ਇਕ ਕਾਰੋਬਾਰੀ ਦੇ ਖਿਲਾਫ ਛਾਪੇਮਾਰੀ ਕੀਤੀ ਸੀ, ਪਰ ਉਸ ਤੋਂ ਅਹਿਮ ਗੱਲ ਇਹ ਹੈ ਕਿ ਐਨ ਆਈ ਏ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਜਾਂਚ ਦਾ ਕੋਈ ਤਜਰਬਾ ਨਹੀਂ ਹੈ। ਅਜਿਹੇ ਕੇਸਾਂ ਦੀ ਜਾਂਚ ਲਈ ਸੀ ਬੀ ਆਈ ਪ੍ਰਮੁੱਖ ਜਾਂਚ ਏਜੰਸੀ ਹੈ। ਕੁਝ ਅਧਿਕਾਰੀਆਂ ਦਾ ਮੰਨਣਾ ਹੈ ਕਿ ਦੋਸ਼ਾਂ ਦੀ ਅੰਦਰੂਨੀ ਜਾਂਚ ਦੀ ਥਾਂ ਕੇਸ ਸੀ ਬੀ ਆਈ ਨੂੰ ਸੌਂਪ ਦਿੱਤਾ ਜਾਣਾ ਚਾਹੀਦਾ ਹੈ। ਸੀ ਬੀ ਆਈ ਦੋਸ਼ਾਂ ਦੀ ਮੁੱਢਲੀ ਜਾਂਚ ਕਰਕੇ ਅਗਲੀ ਕਾਰਵਾਈ ਯਕੀਨੀ ਬਣਾ ਸਕਦੀ ਹੈ।

## ਫੇਸਬੁੱਕ ਦੀ ਪਟੀਸ਼ਨ ਉੱਤੇ ਸੁਪਰੀਮ ਕੋਰਟ ਸੁਣਵਾਈ ਕਰਨ ਲਈ ਤਿਆਰ

ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਕੱਲ੍ਹ ਫੇਸਬੁੱਕ ਦੀ ਪਟੀਸ਼ਨ ਉੱਤੇ ਸੁਣਵਾਈ ਰਾਜ਼ੀ ਹੋ ਗਈ ਹੈ। ਇਸ ਵਿੱਚ ਯੂਜ਼ਰਸ ਦੀ ਸੋਸ਼ਲ ਮੀਡੀਆ ਪ੍ਰੋਫਾਈਲ ਨੂੰ ਆਧਾਰ ਕਾਰਡ ਨਾਲ ਜੋੜਨ ਦੀ ਮੰਗ ਸਬੰਧੀ ਮਦਰਾਸ, ਬਾਂਬੇ ਅਤੇ ਮੱਧ ਪ੍ਰਦੇਸ਼ ਹਾਈ ਕੋਰਟਾਂ ਵਿੱਚ ਪੈਂਡਿੰਗ ਪਟੀਸ਼ਨਾਂ ਨੂੰ ਸੁਪਰੀਮ ਕੋਰਟ ਟਰਾਂਸਫਰ ਕਰਨ ਦੀ ਮੰਗ ਕੀਤੀ ਗਈ ਹੈ। ਇਸ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ, ਗੂਗਲ, ਟਵਿਟਰ, ਯੂ ਟਿਊਬ ਅਤੇ ਹੋਰਾਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ 13 ਸਤੰਬਰ ਤੱਕ ਜਵਾਬ ਤਲਬ ਕੀਤਾ ਹੈ।

ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਅਨਿਰੁੱਧ ਦੇ ਬੈਂਚ ਨੇ ਕਿਹਾ ਹੈ ਕਿ ਜਿਨ੍ਹਾਂ ਧਿਰਾਂ ਨੂੰ ਨੋਟਿਸ ਜਾਰੀ ਨਹੀਂ ਕੀਤੇ ਗਏ, ਉਨ੍ਹਾਂ ਨੂੰ ਨੋਟਿਸ ਈਮੇਲ ਰਾਹੀਂ ਭੇਜੇ ਜਾਣੇ ਚਾਹੀਦੇ ਹਨ। ਬੈਂਚ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਵਿੱਚ ਮਦਰਾਸ ਹਾਈ ਕੋਰਟ ਵਿੱਚ ਪੈਂਡਿੰਗ ਪਟੀਸ਼ਨਾਂ 'ਤੇ ਸੁਣਵਾਈ ਜਾਰੀ ਰਹੇਗੀ, ਪਰ ਕੋਈ ਆਖਰੀ ਹੁਕਮ ਪਾਸ ਨਹੀਂ ਕੀਤਾ ਜਾਵੇਗਾ। ਤਾਮਿਲ ਨਾਡੂ ਸਰਕਾਰ ਵੱਲੋਂ ਪੇਸ਼ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਦਾ ਕਹਿਣਾ ਸੀ ਕਿ ਮਦਰਾਸ ਹਾਈ ਕੋਰਟ ਇਨ੍ਹਾਂ ਕੇਸਾਂ ਵਿੱਚ 18 ਸੁਣਵਾਈ ਕਰ ਚੁੱਕਾ ਹੈ ਤੇ ਉਸ ਨੂੰ ਬਹਿਸ ਪੂਰੀ ਕਰਨ ਤੇ ਫੈਸਲਾ ਸੁਣਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਵਰਨਣ ਯੋਗ ਹੈ ਕਿ ਤਾਮਿਲ ਨਾਡੂ ਸਰਕਾਰ ਨੇ ਬੀਤੇ ਦਿਨੀਂ ਸੁਪਰੀਮ ਕੋਰਟ ਵਿੱਚ ਕਿਹਾ ਸੀ ਕਿ ਫਰਜ਼ੀ ਖ਼ਬਰਾਂ ਦੇ ਪ੍ਰਚਾਰ, ਮਾਣਹਾਨੀ, ਅਸ਼ਲੀਲ, ਦੇਸ਼ ਵਿਰੋਧੀ ਅਤੇ ਅੱਤਵਾਦ ਨਾਲ ਸਬੰਧਤ ਸਮੱਗਰੀ ਦੇ ਪ੍ਰਵਾਹ ਨੂੰ ਰੋਕਣ ਲਈ ਸੋਸ਼ਲ ਮੀਡੀਆ ਅਕਾਊਂਟ ਨੂੰ ਉਸ ਦੇ ਯੂਜ਼ਰਜ਼ ਦੇ ਆਧਾਰ ਕਾਰਡ ਦੇ ਨੰਬਰ ਨਾਲ ਜੋੜਨ ਦੀ ਲੋੜ ਹੈ।

ਫੇਸਬੁੱਕ ਤਾਮਿਲ ਨਾਡੂ ਸਰਕਾਰ ਦੇ ਇਸ ਸੁਝਾਅ ਦਾ ਇਸ ਆਧਾਰ 'ਤੇ ਵਿਰੋਧ ਕਰ ਰਿਹਾ ਹੈ ਕਿ 12 ਅੰਕਾਂ ਦਾ ਆਧਾਰ ਨੰਬਰ ਸਾਂਝਾ ਕਰਨ ਨਾਲ ਯੂਜ਼ਰਜ਼ ਦੀ ਰਾਜ਼ਦਾਰੀ ਨੀਤੀ ਦੀ ਉਲੰਘਣਾ ਹੋਵੇਗੀ। ਫੇਸਬੁੱਕ ਨੇ ਕਿਹਾ ਕਿ ਉਹ ਤੀਜੀ ਧਿਰ ਨਾਲ ਗਿਣਤੀ ਸਾਂਝੀ ਨਹੀਂ ਕਰ ਸਕਦਾ, ਕਿਉਂਕਿ ਫੌਰੀ ਮੈਸੇਜਿੰਗ ਐਪ ਵਟਸਐਪ ਦੇ ਸੰਦੇਸ਼ ਨੂੰ ਕੋਈ ਹੋਰ ਨਹੀਂ ਦੇਖ ਸਕਦਾ, ਇਥੋਂ ਤੱਕ ਕਿ ਉਨ੍ਹਾਂ ਦੀ ਵੀ ਨਹੀਂ ਹੈ।

## ਭਾਰਤ ਦੇ ਈ-ਟੂਰਿਸਟ ਵੀਜ਼ੇ ਲਈ ਮੌਸਮ ਦੇ ਹਿਸਾਬ ਨਾਲ ਫੀਸ ਦੇਣੀ ਪਵੇਗੀ

ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਦੁਨੀਆ ਦੇ 160 ਦੇਸ਼ਾਂ ਦੇ ਟੂਰਿਸਟਾਂ ਲਈ ਭਾਰਤ ਵੱਲੋਂ ਫਲੈਕਸੀਬਲ ਈ-ਟੂਰਿਸਟ ਵੀਜ਼ਾ ਵਿਵਸਥਾ ਲਾਗੂ ਕੀਤੀ ਜਾ ਰਹੀ ਹੈ। ਇਹ ਵਿਵਸਥਾ ਟੂਰਿਸਟਾਂ ਦੀ ਆਮਦ ਗਿਣਤੀ 'ਤੇ ਆਧਾਰਿਤ ਹੋਵੇਗੀ। ਇਸ ਹੇਠ ਟੂਰਿਸਟਾਂ ਤੋਂ ਜੁਲਾਈ ਤੋਂ ਮਾਰਚ ਦੇ ਵਿਚਾਲੇ ਰੁਝੇਵੇਂ ਵਾਲੇ ਮਹੀਨਿਆਂ ਵਿੱਚ ਜ਼ਿਆਦਾ ਅਤੇ ਅਪ੍ਰੈਲ ਤੋਂ ਜੂਨ ਦੇ ਵਿਚਕਾਰ ਦੇ ਖਾਲੀ ਮਹੀਨਿਆਂ ਲਈ ਘੱਟ ਵੀਜ਼ਾ ਫੀਸ ਲਈ ਜਾਵੇਗੀ।

ਪਤਾ ਲੱਗਾ ਹੈ ਕਿ 30 ਦਿਨਾਂ ਤੋਂ ਪੰਜ ਸਾਲ ਤੱਕ ਦੇ ਵੀਜ਼ੇ ਲਈ 10 ਤੋਂ 80 ਅਮਰੀਕੀ ਡਾਲਰ (ਕਰੀਬ 716 ਤੋਂ 5731 ਰੁਪਏ) ਤੱਕ ਫੀਸ ਲਈ ਜਾਵੇਗੀ। ਭਾਰਤ ਵੱਲੋਂ ਈ-ਵੀਜ਼ਾ ਦੀ ਸਹੂਲਤ ਦਿੱਤੇ ਜਾਣ ਵਾਲੇ 160 ਦੇਸ਼ਾਂ ਦੇ ਲੋਕਾਂ ਨੂੰ ਖਾਲੀ ਮੌਸਮ 30 ਦਿਨਾਂ ਲਈ 10 ਡਾਲਰ (ਕਰੀਬ 716 ਰੁਪਏ) ਅਤੇ ਇੰਨੇ ਸਮੇਂ ਲਈ ਰੁਝੇਵੇਂ ਵਾਲੇ ਮੌਸਮ ਵਿੱਚ 25 ਡਾਲਰ (ਕਰੀਬ 1791 ਰੁਪਏ) ਦੇਣੇ ਹੋਣਗੇ। ਇਸ ਤਰ੍ਹਾਂ ਇਕ ਸਾਲਾ ਈ-ਵੀਜ਼ਾ ਲਈ 40 ਡਾਲਰ (ਕਰੀਬ 2865 ਰੁਪਏ) ਅਤੇ ਪੰਜ ਸਾਲ ਲਈ 80 ਡਾਲਰ (ਕਰੀਬ 5731 ਰੁਪਏ) ਦੇਣੇ ਹੋਣਗੇ। ਜਾਪਾਨ, ਸਿੰਗਾਪੁਰ ਅਤੇ ਸ੍ਰੀਲੰਕਾ ਦੇ ਟੂਰਿਸਟਾਂ ਨੂੰ ਇਕ ਅਤੇ ਪੰਜ ਸਾਲ ਦੇ ਈ-ਵੀਜ਼ੇ ਲਈ 25 ਡਾਲਰ ਦੇਣੇ ਪੈਣਗੇ। ਭਾਰਤ ਨੇ ਜਿਨ੍ਹਾਂ 160 ਦੇਸ਼ਾਂ ਦੇ ਲੋਕਾਂ ਨੂੰ ਈ-ਵੀਜ਼ਾ ਸਹੂਲਤ ਦਿੱਤੀ ਹੈ, ਉਨ੍ਹਾਂ ਵਿੱਚ ਅਮਰੀਕਾ, ਬ੍ਰਿਟੇਨ ਅਤੇ ਰੂਸ ਸ਼ਾਮਲ ਹਨ।

## ਛੋਟਾ ਰਾਜਨ ਨੂੰ ਇਰਾਦਾ ਕਤਲ ਕੇਸ ਵਿੱਚ ਅੱਠ ਸਾਲ ਦੀ ਜੇਲ੍ਹ



ਮੁੰਬਈ, 21 ਅਗਸਤ (ਪੋਸਟ ਬਿਊਰੋ)- ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਕੱਲ੍ਹ ਗੈਂਗਸਟਰ ਛੋਟਾ ਰਾਜਨ ਅਤੇ ਪੰਜ ਹੋਰਨਾਂ ਨੂੰ 2012 ਵਿੱਚ ਹੱਤਿਆ ਦੀ ਕੋਸ਼ਿਸ਼ ਤੇ ਫਿਰੌਤੀ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੰਦਿਆਂ ਅੱਠ-ਅੱਠ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਵਿਸ਼ੇਸ਼ ਅਦਾਲਤ ਦੇ ਜੱਜ ਏ ਟੀ ਵਾਨਖੇੜੇ ਨੇ ਛੋਟਾ ਰਾਜਨ ਸਮੇਤ ਛੇ ਲੋਕਾਂ ਨੂੰ ਮਹਾਰਾਸ਼ਟਰ ਦੇ ਮਹਾਰਾਸ਼ਟਰ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ (ਮਕੋਕਾ) ਕਾਨੂੰਨ ਦੀਆਂ ਧਾਰਾਵਾਂ ਦਾ ਦੋਸ਼ੀ ਕਰਾਰ ਦੇ ਕੇ ਅੱਠ-ਅੱਠ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਅਤੇ ਹਰ ਦੋਸ਼ੀ ਨੂੰ ਪੰਜ-ਪੰਜ ਲੱਖ ਰੁਪਏ ਜੁਰਮਾਨਾ ਕੀਤਾ ਹੈ।

ਵਰਨਣ ਯੋਗ ਹੈ ਕਿ ਇਨ੍ਹਾਂ ਸਾਰਿਆਂ ਦੇ ਖਿਲਾਫ ਮੁੰਬਈ ਦੇ ਇਕ ਹੋਟਲ ਕਾਰੋਬਾਰੀ ਬੀ ਆਰ ਸ਼ੈਟੀ ਨੇ ਅਕਤੂਬਰ 2012 ਵਿੱਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਉਤੇ ਉਸ ਸਮੇਂ ਗੋਲੀ ਚਲਾਈ ਗਈ ਸੀ, ਜਦੋਂ ਉਹ ਆਪਣੇ ਦੋਸਤ ਨੂੰ ਮੁੰਬਈ ਦੀ ਉਪ ਨਗਰੀ ਅੰਧੇਰੀ ਵਿੱਚ ਮਿਲਣ ਜਾ ਰਿਹਾ ਸੀ। ਅਕਤੂਬਰ 2015 'ਚ ਇੰਡੋਨੇਸ਼ੀਆ ਤੋਂ ਗ੍ਰਿਫਤਾਰ ਕੀਤਾ ਗਿਆ ਛੋਟਾ ਰਾਜਨ ਭਾਰਤ ਨੂੰ ਹਵਾਲਗੀ ਹੋਣ ਬਾਅਦ ਤੋਂ ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਹੈ। ਅਦਾਲਤ ਵੱਲੋਂ ਇਸ ਮਾਮਲੇ 'ਚ ਛੋਟਾ ਰਾਜਨ ਤੋਂ ਇਲਾਵਾ ਨਿਤਯਾਨੰਦ ਨਾਇਕ, ਸੇਲਵਿਨ ਡੇਨੀਅਲ, ਰੋਹਿਤ ਥਾਂਗੱਪਨ ਜੋਸਫ ਉਰਫ ਸਤੀਸ਼ ਕਾਲੀਆ, ਦਿਲੀਪ ਉਪਾਧਿਆਏ ਤੇ ਤਲਵਿੰਦਰ ਸਿੰਘ ਨੂੰ ਸਜ਼ਾ ਸੁਣਾਈ ਗਈ ਹੈ।

## ਰੇਟਿੰਗ ਏਜੰਸੀਆਂ ਲਈ ਸਖਤ ਨਿਯਮ, ਭੇਦੀ ਕਾਰੋਬਾਰ ਦੀ ਸੂਚਨਾ ਦੇਣ ਦਾ ਇੱਕ ਕਰੋੜ ਤੱਕ ਇਨਾਮ

ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਪੂੰਜੀ ਬਾਜ਼ਾਰ ਰੈਗੂਲੇਟਰ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਆਪਣੇ ਨਿਵੇਸ਼ਕਾਂ ਦੀ ਸੁਰੱਖਿਆ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਅਤੇ ਪੱਕੇ ਪ੍ਰਬੰਧ ਯਕੀਨੀ ਬਣਾਉਣ ਦੀ ਦਿਸ਼ਾ 'ਚ ਹੋਰ ਸਖਤ ਕਦਮ ਚੁੱਕਣ ਦੀ ਤਿਆਰੀ 'ਚ ਹੈ।



ਇਹ ਰੈਗੂਲੇਟਰ ਏਜੰਸੀ ਅਸਲ ਵਿੱਚ ਕ੍ਰੈਡਿਟ ਰੇਟਿੰਗ ਏਜੰਸੀਆਂ ਉਤੇ ਸਖਤ ਨਿਗਰਾਨੀ ਰੱਖਣ ਅਤੇ ਕੰਪਨੀਆਂ ਵਿੱਚ ਭੇਦੀਆ ਕਾਰੋਬਾਰ ਬਾਰੇ ਜਾਣਕਾਰੀ ਦੇਣ ਵਾਲਿਆਂ ਨੂੰ ਇੱਕ ਕਰੋੜ ਰੁਪਏ ਤੱਕ ਇਨਾਮ ਦੇਣ ਵਰਗੇ ਯਤਨਾ ਬਾਰੇ ਵਿਚਾਰ ਕਰ ਰਹੀ ਹੈ। ਸੇਬੀ ਅਸਲ ਵਿੱਚ ਨਗਰ ਨਿਗਮਾਂ ਵੱਲੋਂ ਫੰਡ ਸਰੋਤ ਜੁਟਾਉਣ ਲਈ ਜਾਰੀ ਕੀਤੇ ਜਾਣ ਦੇ 'ਮਨੀ ਬਾਂਡਜ਼' ਦੇ ਕੇਸ ਵਿੱਚ ਵੀ ਨਿਯਮਾਂ ਨੂੰ ਸਰਲ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਇਹ ਸਮਾਰਟ ਸ਼ਹਿਰਾਂ ਦੇ ਵਿਕਾਸ ਕੰਮਾਂ ਵਿੱਚ ਸ਼ਾਮਲ ਦੂਜੀਆਂ ਯੂਨਿਟਾਂ ਨੂੰ ਵੀ ਇਸ ਤਰ੍ਹਾਂ ਦੇ ਬਾਂਡ ਜਾਰੀ ਕਰਨ ਦੀ ਆਗਿਆ ਦੇਣ 'ਤੇ ਵਿਚਾਰ ਕਰ ਰਹੀ ਹੈ। ਨਗਰ ਨਿਗਮਾਂ ਵਾਂਗ ਕੰਮ ਕਰਨ ਵਾਲੇ ਦੂਜੇ ਅਦਾਰੇ ਵੀ 'ਮਿਉਂਸਪਲ ਬਾਂਡ' ਜਾਰੀ ਕਰ ਕੇ ਪੈਸਾ ਜੁਟਾ ਸਕਣਗੇ ਅਤੇ ਉਨ੍ਹਾਂ ਨੂੰ ਸ਼ੇਅਰ ਬਾਜ਼ਾਰਾਂ ਵਿੱਚ ਸੂਚੀਬੱਧ ਕੀਤਾ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਸੇਬੀ ਡਾਇਰੈਕਟਰਜ਼ ਬੋਰਡ ਦੀ ਬੈਠਕ ਵਿੱਚ ਸਾਰੇ ਮੁੱਦਿਆਂ 'ਤੇ ਗੱਲ ਹੋਵੇਗੀ ਤੇ ਫੈਸਲਾ ਲਿਆ ਜਾਵੇਗਾ। ਬੈਠਕ ਵਿੱਚ ਮਿਊਚੂਅਲ ਫੰਡ ਅਤੇ ਸਟਾਰਟ ਅਪ ਦੀ ਸੂਚੀਬੱਧਤਾ ਪਲੇਟਫਾਰਮ ਬਾਰੇ ਵੀ ਚਰਚਾ ਹੋ ਸਕਦੀ ਹੈ।

## ਗੂਗਲ ਉੱਤੇ ਭਿਖਾਰੀ ਲੱਭਣ ਉੱਤੇ ਪਾਕਿ ਪ੍ਰਧਾਨ ਮੰਤਰੀ ਇਮਰਾਨ ਦੀਆਂ ਤਸਵੀਰਾਂ ਆਉਂਦੀਆਂ ਨੇ

ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਭਾਰਤ ਵੱਲੋਂ ਕਸ਼ਮੀਰ 'ਚ ਧਾਰਾ 370 ਖਤਮ ਕਰਨ ਪਿੱਛੋਂ ਪਾਕਿਸਤਾਨ ਪੂਰੀ ਤਰ੍ਹਾਂ ਬੌਖਲਾਇਆ ਪਿਆ ਹੈ। ਯੂ ਐਨ ਸਕਿਓਰਟੀ ਕੌਂਸਲ 'ਚ ਪਾਕਿਸਤਾਨ ਦੇ ਅਸਫਲ ਹੋਣ ਪਿੱਛੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੀ ਬੇਇੱਜ਼ਤੀ ਗੂਗਲ ਵਿੱਚ ਵੀ ਹੋ ਰਹੀ ਹੈ।

ਗੂਗਲ ਸਰਚ ਇੰਜਣ 'ਤੇ ਭਿਖਾਰੀ ਖੋਜਣ 'ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਫੋਟੋ ਦਿਖਾਈ ਦੇ ਰਹੀਆਂ ਹਨ। ਇਹੋ ਜਿਹੀ ਇਕ ਤਸਵੀਰ 'ਚ ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਹੱਥ ਵਿੱਚ ਕਟੋਰਾ ਲਈ ਸੜਕ ਕਿਨਾਰੇ ਬੈਠੇ ਕਿਸੇ ਭਿਖਾਰੀ ਵਾਂਗ ਨਜ਼ਰ ਆ ਰਹੇ ਹਨ, ਪਰ ਇਹ ਤਸਵੀਰ 'ਐਡਿਟ' ਕੀਤੀ ਹੋਈ ਹੈ। ਇਮਰਾਨ ਖਾਨ ਨੂੰ ਭਿਖਾਰੀ ਵਾਂਗ ਦੇਖਣ ਲਈ ਗੂਗਲ ਸਰਚ 'ਚ ਜਾ ਕੇ ਅੰਗਰੇਜ਼ੀ ਜਾਂ ਹਿੰਦੀ 'ਚ ਭਿਖਾਰੀ ਟਾਈਪ ਕਰਨਾ ਹੋਵੇਗਾ। ਭਿਖਾਰੀ ਟਾਈਪ ਕਰਦੇ ਸਾਰ ਗੂਗਲ 'ਚ ਇਮਰਾਨ ਦੀਆਂ ਕਈ ਤਸਵੀਰਾਂ ਆ ਜਾਣਗੀਆਂ। ਸੋਸ਼ਲ ਮੀਡੀਆ ਤੋਂ ਵੀ ਭਿਖਾਰੀ ਵਜੋਂ ਇਮਰਾਨ ਖਾਨ ਦਾ ਖੂਬ ਮਜ਼ਾਕ ਉਡਾਇਆ ਜਾ ਰਿਹਾ ਹੈ।

# ਸ੍ਰੀਸੰਥ ਉੱਤੇ ਲੱਗੀ ਪਾਬੰਦੀ 2020 ਵਿੱਚ ਖਤਮ ਹੋਵੇਗੀ

ਮੁੰਬਈ, 21 ਅਗਸਤ (ਪੋਸਟ ਬਿਊਰੋ)- ਭਾਰਤੀ ਟੀਮ ਦੇ ਤੇਜ਼ ਗੇਂਦਬਾਜ਼ ਸ਼ਾਂਤਾਕੁਮਾਰਨ ਸ੍ਰੀਸੰਥ 'ਤੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਸਾਲ 2013 ਵਿੱਚ ਆਈ ਪੀ ਐਲ ਦੌਰਾਨ ਫਿਕਸਿੰਗ ਵਿੱਚ ਸ਼ਾਮਲ ਹੋਣ ਬਾਰੇ ਲਾਈਫ ਟਾਈਮ ਵਾਲੀ ਪਾਬੰਦੀ ਹਟਾਉਣ ਦਾ ਫੈਸਲਾ ਕੀਤਾ ਹੈ, ਪਰ ਉਸ ਉਤੇ ਇਹ ਪਾਬੰਦੀ ਅਗਸਤ 2020 ਵਿੱਚ ਖਤਮ ਹੋਵੇਗੀ।

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਦੇ ਲੋਕਪਾਲ ਡੀ ਕੇ ਜੈਨ ਨੇ ਕਿਹਾ ਕਿ ਸ੍ਰੀਸੰਥ ਪਿਛਲੇ ਛੇ ਸਾਲਾਂ ਤੋਂ ਪਾਬੰਦੀ ਝੱਲ ਰਿਹਾ ਹੈ ਤੇ ਅਗਸਤ 2020 ਵਿੱਚ ਉਸ 'ਤੇ ਲੱਗੀ ਇਹ ਪਾਬੰਦੀ ਖਤਮ ਹੋ ਜਾਵੇਗੀ। 36 ਸਾਲਾ ਸ੍ਰੀਸੰਥ ਉਤੇ ਆਈ ਪੀ ਐਲ 2013 ਵਿੱਚ ਰਾਜਸਥਾਨ ਰਾਇਲਜ਼ ਲਈ ਖੇਡਣ ਦੌਰਾਨ ਮੈਚ ਫਿਕਸਿੰਗ ਵਿੱਚ ਸ਼ਾਮਲ ਹੋਣ ਵਰਗੇ ਗੰਭੀਰ ਦੋਸ਼ ਲੱਗੇ ਸਨ, ਜਿਸ ਤੋਂ ਬਾਅਦ ਬੀ ਸੀ ਸੀ ਆਈ ਦੀ ਅਨੁਸ਼ਾਸਨੀ ਕਮੇਟੀ ਨੇ ਸ੍ਰੀਸੰਥ ਅਤੇ ਰਾਜਸਥਾਨ ਦੇ ਦੋ ਹੋਰ ਖਿਡਾਰੀਆਂ ਅਜੀਤ ਚੰਦੀਲਾ ਤੇ ਅੰਕਿਤ ਚਵਾਨ ਉਤੇ ਲਾਈਫ ਟਾਈਮ ਪਾਬੰਦੀ ਲਾਈ ਸੀ। ਸ੍ਰੀਸੰਥ ਨੇ ਬੀ ਸੀ ਸੀ ਆਈ ਦੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੋਈ ਸੀ, ਜਿਸ ਉੱਤੇ ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਕੇ ਐੱਮ ਜੋਸਫ ਦੇ ਬੈਂਚ ਨੇ ਇਸ ਸਾਲ 15 ਮਾਰਚ ਨੂੰ ਬੀ ਸੀ ਸੀ ਆਈ ਦੀ ਅਨੁਸ਼ਾਸਨੀ ਕਮੇਟੀ ਦੇ ਫੈਸਲੇ ਨੂੰ ਪਲਟ ਦਿੱਤਾ ਸੀ। ਇਸ ਬਾਰੇ ਸ੍ਰੀਸੰਥ ਦਾ ਕਹਿਣਾ ਹੈ, ਮੈਂ ਇਸ ਫੈਸਲੇ ਤੋਂ ਬਹੁਤ ਖੁਸ਼ ਹਾਂ। ਮੈਂ ਕੇਰਲ ਰਣਜੀ ਟੀਮ ਵਿੱਚ ਵਾਪਸੀ ਕਰ ਕੇ ਟੀਮ ਦੀ ਜਿੱਤ ਲਈ ਖੇਡਣਾ ਪਸੰਦ ਕਰਾਂਗਾ ਅਤੇ ਮੈਂ ਅਗਲੇ ਮਹੀਨੇ ਤੋਂ ਅਭਿਆਸ ਸ਼ੁਰੂ ਕਰ ਦੇਵਾਂਗਾ। ਕੇਰਲ ਦੇ ਨੌਜਵਾਨ ਖਿਡਾਰੀ ਚੰਗਾ ਪ੍ਰਦਰਸ਼ਨ ਕਰ ਰਹੇ ਹਨ ਤੇ ਇਹ ਇੱਕ ਪ੍ਰੇਰਨਾ ਹੈ।



## ਅਯੁੱਧਿਆ ਕੇਸ ਵਿਚ ਚੀਫ ਜਸਟਿਸ ਨੇ ਸੁਣਵਾਈ ਵੇਲੇ ਕਿਹਾ, ਧਰਮ ਗ੍ਰੰਥ ਨਾ ਸੁਣਾਉ, ਸਬੂਤ ਦਿਓ

ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਅਯੁੱਧਿਆ ਦੇ ਰਾਮ ਜਨਮ ਭੂਮੀ ਤੇ ਬਾਬਰ ਮਸਜਿਦ ਕੇਸ ਦੀ ਸੁਣਵਾਈ ਅੱਜ ਸੁਪਰੀਮ ਕੋਰਟ ਦੀ ਸੰਵਿਧਾਨ ਬੈਂਚ ਸਾਹਮਣੇ ਹੋਈ ਤਾਂ ਇਸ ਦੌਰਾਨ ਚੀਫ ਜਸਟਿਸ ਰੰਜਨ ਗੋਗੋਈ ਨੇ ਰਾਮ ਜਨਮ ਸਥਾਨ ਪੁਨਰ ਦੁਆਰ ਕਮੇਟੀ ਦੇ ਵਕੀਲ ਨੂੰ ਕਿਹਾ ਕਿ ਉਹ ਕੇਸ ਵਿੱਚ ਪੱਕੇ ਸਬੂਤ ਪੇਸ਼ ਕਰਨ ਤੇ ਸਿਰਫ ਪੁਰਾਣਾਂ ਤੇ ਹੋਰ ਧਰਮ ਗ੍ਰੰਥਾਂ ਦੀਆਂ ਕਹਾਣੀਆਂ ਨਾ ਸੁਣਾਉਣ। ਸੁਪਰੀਮ ਕੋਰਟ ਨੇ ਸਾਫ ਕਿਹਾ ਕਿ ਇਹ ਏਥੇ ਆਸਥਾ ਦਾ ਕੇਸ ਨਹੀਂ, ਵਿਵਾਦਿਤ ਜ਼ਮੀਨ ਨਾਲ ਜੁੜਿਆ ਮੁਕੱਦਮਾ ਹੈ। ਇਸ ਮਾਮਲੇ ਬਾਰੇ ਸੁਣਵਾਈ ਅਜੇ ਜਾਰੀ ਰਹੇਗੀ।

ਵਰਨਣ ਯੋਗ ਹੈ ਕਿ 6 ਅਗਸਤ ਤੋਂ ਸੁਪਰੀਮ ਕੋਰਟ ਅਯੁੱਧਿਆ ਕੇਸ ਦੀ ਰੋਜ਼ਾਨਾ ਸੁਣਵਾਈ ਕਰ ਰਹੀ ਹੈ। ਅੱਜ ਬੁੱਧਵਾਰ ਨੂੰ ਇਸ ਦਾ ਨੌਵਾਂ ਦਿਨ ਸੀ। ਇਸ ਮੌਕੇ ਜੱਜ ਸਾਹਿਬਾਨ ਨੇ ਕਿਹਾ ਕਿ ਉਹ ਆਸ ਨਾਲ ਲਗਾਤਾਰ ਉਹ ਦਲੀਲਾਂ ਸੁਣ ਰਹੇ ਹਨ, ਜਿਨ੍ਹਾਂ ਉੱਤੇ ਹਾਈ ਕੋਰਟ ਨੇ ਭਰੋਸਾ ਕੀਤਾ ਹੈ। ਇਸ ਦੇ ਸਪੱਸ਼ਟ ਸਬੂਤ ਦੱਸੋ। ਚੀਫ ਜਸਟਿਸ ਨੇ ਕਿਹਾ ਕਿ ਨਕਸ਼ੇ ਵਿੱਚ ਇਹ ਸਾਫ ਕਰੋ ਕਿ ਮੂਰਤੀਆਂ ਕਿਥੇ ਹਨ? ਕੋਰਟ ਨੇ ਕਿਹਾ ਕਿ ਹਿੰਦੂ ਗ੍ਰੰਥਾਂ ਵਿੱਚ ਵਿਸ਼ਵਾਸ ਦਾ ਆਧਾਰ ਵਿਵਾਦਿਤ ਨਹੀਂ ਹੈ, ਮੰਦਰ ਲਈ ਕਾਗਜ਼ੀ ਸਬੂਤ ਪੇਸ਼ ਕਰੋ।



ਇਸ ਤੋਂ ਪਹਿਲਾਂ ਰਾਮ ਜਨਮ ਸਥਾਨ ਪੁਨਰ ਦੁਆਰ ਕਮੇਟੀ ਦੇ ਵਕੀਲ ਪੀ ਐੱਨ ਮਿਸ਼ਰਾ ਨੇ ਸਕੰਦ ਪੁਰਾਣ ਦਾ ਜ਼ਿਕਰ ਕੀਤਾ ਸੀ ਕਿ ਲੋਕ ਸਰਯੂ ਨਦੀ ਵਿੱਚ ਨਹਾਉਣ ਪਿੱਛੋਂ ਜਨਮ ਸਥਾਨ ਦਾ ਦਰਸ਼ਨ ਕਰਦੇ ਸਨ। ਇਸ ਵਿੱਚ ਮੰਦਰ ਦਾ ਜ਼ਿਕਰ ਨਹੀਂ, ਪਰ ਜਨਮ ਸਥਾਨ ਦਾ ਦਰਸ਼ਨ ਕਰਦੇ ਸਨ। ਇਸ ਉੱਤੇ ਸੁਪਰੀਮ ਕੋਰਟ ਨੇ ਪੁੱਛਿਆ ਕਿ ਸਕੰਦ ਪੁਰਾਣ ਕਦੋਂ ਲਿਖਿਆ ਗਿਆ ਸੀ? ਰਾਮ ਜਨਮ ਸਥਾਨ ਪੁਨਰ ਦੁਆਰ ਕਮੇਟੀ ਦੇ ਵਕੀਲ ਪੀ ਐੱਨ ਮਿਸ਼ਰਾ ਨੇ ਕਿਹਾ ਕਿ ਬ੍ਰਿਟਿਸ਼ ਲੇਖਕ ਦੇ ਮੁਤਾਬਕ ਗੁਪਤ-ਵੰਸ਼ ਦੇ ਰਾਜ ਵੇਲੇ ਲਿਖਿਆ ਗਿਆ ਸੀ, ਇਹ ਵੀ ਕਿਹਾ ਜਾਂਦਾ ਹੈ ਕਿ ਚੌਥੀ ਜਾਂ ਪੰਜਵੀਂ ਸਦੀ ਵਿੱਚ ਲਿਖਿਆ ਗਿਆ। ਮਿਸ਼ਰਾ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਬਾਬਰ ਨੇ ਉਥੇ ਕਦੇ ਮਸਜਿਦ ਨਹੀਂ ਬਣਵਾਈ ਅਤੇ ਹਿੰਦੂ ਉਸ ਸਥਾਨ ਉੱਤੇ ਹਮੇਸ਼ਾ ਪੂਜਾ ਕਰਦੇ ਆਏ ਹਨ। ਅਸੀਂ ਇਸ ਨੂੰ ਜਨਮ ਭੂਮੀ ਕਹਿੰਦੇ ਹਾਂ।

## ਗਰੀਬ ਹੋਵੇ ਜਾਂ ਅਮੀਰ, ਸਭ ਨਾਲ ਇੱਜ਼ਤ ਨਾਲ ਪੇਸ਼ ਆਓ: ਬਾਂਬੇ ਹਾਈ ਕੋਰਟ

ਮੁੰਬਈ, 21 ਅਗਸਤ (ਪੋਸਟ ਬਿਊਰੋ)- ਹਰ ਨਾਗਰਿਕ, ਭਾਵੇਂ ਉਹ ਗਰੀਬ ਹੈ ਜਾਂ ਅਮੀਰ, ਸਰਕਾਰ ਇੱਜ਼ਤ ਨਾਲ ਪੇਸ਼ ਆਵੇ। ਬਾਂਬੇ ਹਾਈ ਕੋਰਟ ਨੇ ਕੱਲ੍ਹ ਮਹਾਰਾਸ਼ਟਰ ਸਰਕਾਰ ਦੀ ਖਿਚਾਈ ਕਰਦਿਆਂ ਇਹ ਗੱਲ ਕਹੀ ਹੈ।

ਕਰੀਬ 15000 ਪਰਵਾਰਾਂ ਨੂੰ ਮੁੰਬਈ ਦੇ ਕੈਮੀਕਲ ਪ੍ਰਦੂਸ਼ਣ ਤੋਂ ਪ੍ਰਭਾਵਿਤ ਮਾਹੁਲ ਇਲਾਕੇ ਵਿੱਚ ਰਹਿਣ ਲਈ ਮਜਬੂਰ ਕਰਨ ਉੱਤੇ ਹਾਈ ਕੋਰਟ ਨੇ ਸੂਬਾ ਸਰਕਾਰ ਦੀ ਖਿਚਾਈ ਕੀਤੀ ਹੈ। ਚੀਫ ਜਸਟਿਸ ਪ੍ਰਦੀਪ ਨੰਦਰਾਜੋਗ ਅਤੇ ਜਸਟਿਸ ਭਾਰਤੀ ਡੰਗਰੇ ਨੇ ਬਾਇਬਲ ਵਿੱਚੋਂ ਹਜ਼ਰਤ ਨੂਹ ਦੀ ਕਥਾ ਦਾ ਜ਼ਿਕਰ ਵੀ ਕੀਤਾ ਤੇ ਕਿਹਾ ਕਿ ਹੜ੍ਹ ਆਇਆ ਤਾਂ ਨੂਹ ਨੇ ਇਕ ਪਸ਼ੂ ਵੀ ਨਹੀਂ ਛੱਡਿਆ, ਬਲਕਿ ਸਭ ਨੂੰ ਆਪਣੀ ਬੇੜੀ ਉਤੇ ਸਵਾਰ ਕੀਤਾ। ਉਸੇ ਤਰ੍ਹਾਂ ਤੁਸੀਂ ਆਪਣੇ ਹਰ ਨਾਗਰਿਕ, ਭਾਵੇਂ ਉਹ ਗਰੀਬ ਹੋਵੇ ਜਾਂ ਅਮੀਰ, ਸਾਰਿਆਂ ਦਾ ਹਿੱਤਾਂ ਦਾ ਧਿਆਨ ਰੱਖੋ।

ਅਦਾਲਤ ਬ੍ਰਿਹਨ ਮੁੰਬਈ ਨਗਰ ਨਿਗਮ ਦੀ ਭੰਨ ਤੋੜ ਮੁਹਿੰਮ ਤੋਂ ਪ੍ਰਭਾਵਿਤ ਲੋਕਾਂ ਦੀ ਪਟੀਸ਼ਨ ਉਤੇ ਸੁਣਵਾਈ ਕਰ ਰਹੀ ਸੀ। ਪਟੀਸ਼ਨ ਕਰਤਾ ਨੇ ਕਿਹਾ ਕਿ ਨਗਰ ਨਿਗਮ ਨੇ ਉਨ੍ਹਾਂ ਦੀ ਰਿਹਾਇਸ਼ ਲਈ ਬਦਲਵੇਂ ਸਥਾਨ ਲੈਣ ਲਈ ਮੁਆਵਜ਼ਾ ਦੇਣ ਤੋਂ ਇਨਕਾਰ ਕੀਤਾ ਹੈ। ਕਰੀਬ 15000 ਪਰਵਾਰ ਜਾਂ 60,000 ਲੋਕ ਬੀ ਐਮ ਸੀ ਦੇ ਹਰ ਤਰ੍ਹਾਂ ਦੇ ਕਬਜ਼ੇ ਜਾਂ ਗੈਰ ਕਾਨੂੰਨੀ ਨਿਰਮਾਣ ਹਟਾਉਣ ਦੀ ਕਾਰਵਾਈ ਤੋਂ ਪ੍ਰਭਾਵਿਤ ਹੋਏ ਹਨ। ਬੀ ਐਮ ਸੀ ਨੇ ਸ਼ਹਿਰ 'ਚ ਟੈਂਸਾ ਜਲ ਪਾਈਪ ਲਾਈਨ ਕੋਲੋਂ ਅਜਿਹੇ ਟਿਕਾਣੇ ਹਟਾਉਣ ਦਾ ਕੰਮ ਕੀਤਾ ਹੈ। ਉਥੇ ਰਹਿਣ ਵਾਲਿਆਂ ਨੂੰ ਉਪ ਨਗਰੀ ਖੇਤਰ ਵਿੱਚ ਚੈਂਬੁਰ ਨੇੜੇ ਮਾਹੁਲ 'ਚ ਬਦਲਵੀ ਰਿਹਾਇਸ਼ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਖੇਤਰ ਤਿੰਨ ਰਿਫਾਇਨਰੀਆਂ ਤੇ ਇਕ ਕੈਮੀਕਲ ਕਾਰਖਾਨੇ ਨਾਲ ਘਿਰਿਆ ਹੈ। 2015 ਵਿੱਚ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਇਸ ਨੂੰ ਰਿਹਾਇਸ਼ ਦੇ ਅਯੋਗ ਕਰਾਰ ਦਿੱਤਾ ਸੀ। ਭਾਰਤੀ ਸਨਅਤ ਸੰਸਥਾਨ ਬਾਂਬੇ ਨੇ ਵੀ ਇਸ ਨੂੰ ਰਹਿਣ ਯੋਗ ਨਹੀਂ ਮੰਨਿਆ।



# ਗ੍ਰੀਨਲੈਂਡ ਟਾਪੂ ਵੇਚਣ ਤੋਂ ਇਨਕਾਰ ਉੱਤੇ ਟਰੰਪ ਨੇ ਡੈਨਮਾਰਕ ਦੀ ਯਾਤਰਾ ਰੱਦ ਕੀਤੀ

ਵਾਸ਼ਿੰਗਟਨ, 21 ਅਗਸਤ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਵੱਡੇ ਟਾਪੂ ਗ੍ਰੀਨਲੈਂਡ ਨੂੰ ਵੇਚਣ ਤੋਂ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੈਟੀ ਫ੍ਰੈਡਿਕਸਨ ਦੇ ਇਨਕਾਰ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਡੈਨਮਾਰਕ ਯਾਤਰਾ ਰੱਦ ਕਰ ਦਿੱਤੀ ਹੈ। ਟਰੰਪ 2-3 ਸਤੰਬਰ ਨੂੰ ਡੈਨਮਾਰਕ ਜਾਣਾ ਸੀ। ਇਸ ਦੌਰੇ ਉੱਤੇ ਟਰੰਪ ਦੀ ਫ੍ਰੈਡਿਕਸਨ ਦੇ ਨਾਲ ਡੈਨਮਾਰਕ ਦੇ ਖ਼ੁਦ ਮੁਖ਼ਤਿਆਰ ਖੇਤਰ ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਕਿਮ ਕੀਲਸਨ ਨਾਲ ਵੀ ਮੁਲਾਕਾਤ ਹੋਣੀ ਸੀ। ਡੈਨਮਾਰਕ ਦੇ ਨੇਤਾਵਾਂ ਨੇ ਟਰੰਪ ਦੇ ਇਸ ਵਿਹਾਰ ਉੱਤੇ ਹੈਰਾਨੀ ਪ੍ਰਗਟਾਈ ਹੈ। ਡੋਨਾਲਡ ਟਰੰਪ ਨੇ ਆਪਣਾ ਦੌਰਾ ਰੱਦ ਕਰਨ ਦੀ ਜਾਣਕਾਰੀ ਦਿੰਦੇ ਹੋਏ ਅੱਜ ਟਵੀਟ ਕੀਤਾ ਕਿ ਡੈਨਮਾਰਕ ਬਹੁਤ ਖ਼ਾਸ ਦੇਸ਼ ਹੈ ਅਤੇ ਓਥੋਂ ਦੇ ਲੋਕ ਵੀ ਅਦਭੁੱਤ ਹਨ। ਫ੍ਰੈਡਿਕਸਨ ਗ੍ਰੀਨਲੈਂਡ ਦੀ ਵਿਕਰੀ ਉੱਤੇ ਗੱਲ ਨਹੀਂ ਕਰਨਾ ਚਾਹੁੰਦੀ, ਇਸ ਲਈ ਮੈਂ ਆਪਣਾ ਦੌਰਾ ਮੁਲਤਵੀ ਕਰ ਰਿਹਾ ਹਾਂ, ਉਨ੍ਹਾ ਸਿੱਧਾ ਇਨਕਾਰ ਕਰ ਕੇ ਅਮਰੀਕਾ ਅਤੇ ਡੈਨਮਾਰਕ ਦੀ ਮਿਹਨਤ ਤੇ ਖ਼ਰਚ ਦੋਵੇਂ ਬਚਾਏ ਹਨ, ਮੈਂ ਉਨ੍ਹਾਂ ਨੂੰ ਧੰਨਵਾਦੀ ਹਾਂ ਤੇ ਭਵਿੱਖ ਵਿੱਚ ਮੁਲਾਕਾਤ ਦੀ ਆਸ ਕਰਦਾ ਹਾਂ। ਵਰਨਣ ਯੋਗ ਹੈ ਕਿ ਟਰੰਪ ਨੇ



ਪਿੱਛੇ ਜਿਹੇ ਗ੍ਰੀਨਲੈਂਡ ਖਰੀਦਣ ਦੀ ਇੱਛਾ ਫਿਰ ਪ੍ਰਗਟਾਈ ਸੀ, ਪਰ ਇਸਦੇ ਨਾਲ ਉਨ੍ਹਾਂ ਕਿਹਾ ਸੀ ਕਿ ਇਹ ਉਨ੍ਹਾਂ ਦੀ ਪਹਿਲੀ ਸੋਚ ਨਹੀਂ। ਫ੍ਰੈਡਿਕਸਨ ਨੇ ਟਰੰਪ ਦੀ ਇਸ ਇੱਛਾ ਨੂੰ ਬੇਤੁਕਾ ਦੱਸਿਆ ਸੀ। ਉਨ੍ਹਾਂ ਕਿਹਾ ਸੀ, 'ਗ੍ਰੀਨਲੈਂਡ ਵਿਕਾਊ ਨਹੀਂ। ਇਹ ਗ੍ਰੀਨਲੈਂਡ ਦੇ ਲੋਕਾਂ ਦਾ ਹੈ। ਮੈਨੂੰ ਆਸ ਹੈ ਕਿ ਟਰੰਪ ਇਸ ਦੀ ਖਰੀਦ ਬਾਰੇ ਗੰਭੀਰ ਨਹੀਂ।' ਇਸ ਮੁੱਦੇ ਉੱਤੇ ਟਰੰਪ ਵਲੋਂ ਦੌਰਾ ਰੱਦ ਕਰਨ ਉੱਤੇ ਨਾਟੋ (ਉੱਤਰ ਅਟਲਾਂਟਿਕ ਸੰਧੀ ਸੰਗਠਨ) ਦੇ ਸਹਿਯੋਗੀ ਡੈਨਮਾਰਕ ਦੇ ਨੇਤਾਵਾਂ ਨੇ ਹੈਰਾਨੀ ਅਤੇ ਮਾਯੂਸੀ ਪ੍ਰਗਟ ਕੀਤੀ ਹੈ। ਡੈਨਿਸ਼ ਸੋਸ਼ਲ ਲਿਬਰਲ ਪਾਰਟੀ ਦੇ ਨੇਤਾ ਮਾਰਟਿਨ ਓਸਟਰਗਾਰਡ ਨੇ ਕਿਹਾ, 'ਇਸ ਤੋਂ ਲੱਗਦਾ ਹੈ ਕਿ ਕਿਉਂ ਸਾਨੂੰ ਯੂਰਪੀ ਦੇਸ਼ਾਂ ਨੂੰ ਆਪਣਾ ਨਜ਼ਦੀਕੀ ਸਹਿਯੋਗੀ ਮੰਨਣਾ ਚਾਹੀਦਾ ਹੈ। ਇਹ ਆਦਮੀ (ਟਰੰਪ) ਕਮਾਲ ਹੈ।'

# ਸਿੱਖ ਦੀ ਪੱਗ ਵਿੱਚ ਬੰਬ ਬਾਰੇ ਮਹਿਲਾ ਸੁਰੱਖਿਆ ਅਧਿਕਾਰੀ ਵੱਲੋਂ ਨਸਲੀ ਮਜ਼ਾਕ

ਲੰਡਨ, 21 ਅਗਸਤ (ਪੋਸਟ ਬਿਊਰੋ)- ਆਸਟਰੀਆ ਦੀ ਰਾਜਧਾਨੀ ਵਿਆਨਾ ਦੇ ਹਵਾਈ ਅੱਡੇ 'ਤੇ ਇੱਕ ਸਿੱਖ ਮਨੁੱਖੀ ਅਧਿਕਾਰ ਵਰਕਰ ਦੇ ਵਿਰੁੱਧ ਰੂਪ ਨਾਲ ਨਸਲੀ ਟਿੱਪਣੀ ਕਰਨ ਦਾ ਮਾਮਲਾ ਪਤਾ ਲੱਗਾ ਹੈ।



ਮਿਲੀਆਂ ਖਬਰਾਂ ਮੁਤਾਬਕ ਦਵਾਈ ਅੱਡੇ 'ਤੇ ਇੱਕ ਮਹਿਲਾ ਸੁਰੱਖਿਆ ਅਧਿਕਾਰੀ ਨੇ ਰਵੀ ਸਿੰਘ ਨਾਂਅ ਦੇ ਭਾਰਤੀ ਸਿੱਖ ਨਾਗਰਿਕ ਦੀ ਪੱਗ ਵਿੱਚ ਬੰਬ ਹੋਣ ਬਾਰੇ ਮਜ਼ਾਕ ਕੀਤਾ ਹੈ। ਇੱਕ ਸਥਾਨਕ ਅਖਬਾਰ ਮੈਟਰੋ ਦੀ ਰਿਪੋਰਟ ਮੁਤਾਬਕ ਰਵੀ ਸਿੰਘ ਇਰਾਕ ਵਿੱਚ ਆਈ ਐਸ ਵੱਲੋਂ ਬੰਧਕ ਬਣਾਈਆਂ ਔਰਤਾਂ ਦੀ ਮਦਦ ਕਰਨ ਪਿੱਛੋਂ ਬ੍ਰਿਟੇਨ ਪਰਤ ਰਹੇ ਸਨ। ਉਨ੍ਹਾਂ ਵਿਆਨਾ ਵਿੱਚ ਜਹਾਜ਼ ਬਦਲਣਾ ਸੀ। ਵਿਆਨਾ ਹਵਾਈ ਅੱਡੇ 'ਤੇ ਰਵੀ ਸਿੰਘ ਨੇ ਸੁਰੱਖਿਆ ਮੁਲਾਜ਼ਮਾਂ ਨੂੰ ਆਪਣੀ ਪੱਗ ਦੀ ਮੈਟਲ ਡਿਟੈਕਟਰ ਨਾਲ ਤਲਾਸ਼ੀ ਲੈਣ ਦੀ ਆਗਿਆ ਦਿੱਤੀ। ਅਚਾਨਕ ਇੱਕ ਹੋਰ ਮਹਿਲਾ ਸੁਰੱਖਿਆ ਮੁਲਾਜ਼ਮ ਨੇ ਉਨ੍ਹਾਂ ਦੀ ਪੱਗ ਦੀ ਦੋਬਾਰਾ ਤਲਾਸ਼ੀ ਲੈਣ ਦੀ ਗੱਲ ਕਹੀ। ਰਵੀ ਸਿੰਘ ਨੇ ਪੁੱਛਿਆ ਕਿ ਇਸ ਦੀ ਕੀ ਲੋੜ ਹੈ? ਇਸ ਉਤੇ ਮਹਿਲਾ ਮੁਲਾਜ਼ਮ ਨੇ ਕਿਹਾ ਕਿ ਸਾਨੂੰ ਪੱਗ ਵਿੱਚ ਬੰਬ ਹੋਣ ਬਾਰੇ ਸੂਚਨਾ ਮਿਲੀ ਹੈ। ਨਾਲ ਉਹ ਮੁਸਕਰਾਉਣ ਲੱਗ ਪਈ। ਜਦੋਂ ਰਵੀ ਸਿੰਘ ਨੇ ਉਸ ਨੂੰ ਚੁਣੌਤੀ ਦਿੱਤੀ ਤਾਂ ਉਸ ਦਾ ਚਿਹਰਾ ਸ਼ਰਮਿੰਦਗੀ ਨਾਲ ਲਾਲ ਹੋ ਗਿਆ। ਰਵੀ ਸਿੰਘ ਨੇ ਉਸ ਨੂੰ ਮੁਆਫੀ ਮੰਗਣ ਲਈ ਕਿਹਾ, ਪਰ ਮਹਿਲਾ ਮੁਲਾਜ਼ਮ ਨੇ ਮੁਆਫੀ ਮੰਗਣ ਤੋਂ ਨਾਂਹ ਕਰ ਦਿੱਤੀ। ਰਵੀ ਸਿੰਘ ਨੇ ਕਿਹਾ ਕਿ ਜੇ ਕਿਤੇ ਮੈਂ ਬੰਬ ਰੱਖੇ ਹੋਣ ਦੀ ਗੱਲ ਕਹੀ ਹੁੰਦੀ ਤਾਂ ਮੈਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਣਾ ਸੀ, ਪਰ ਮਹਿਲਾ ਸੁਰੱਖਿਆ ਅਧਿਕਾਰੀ ਵਿਰੁੱਧ ਨਸਲੀ ਟਿੱਪਣੀ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਵਿਆਨਾ ਹਵਾਈ ਅੱਡੇ ਦੇ ਇੱਕ ਬੁਲਾਰੇ ਨੇ ਰਵੀ ਸਿੰਘ ਨੂੰ ਟਵਿੱਟਰ 'ਤੇ ਜਵਾਬ ਦਿੰਦਿਆਂ ਕਿਹਾ ਕਿ ਉਹ ਘਟਨਾ ਦੀ ਜਾਂਚ ਕਰ ਰਹੇ ਹਨ। ਬੁਲਾਰੇ ਨੇ ਘਟਨਾ ਲਈ ਰਵੀ ਸਿੰਘ ਤੋਂ ਮੁਆਫੀ ਮੰਗੀ ਅਤੇ ਕਿਹਾ ਕਿ ਜੋ ਕੁਝ ਵਾਪਰਿਆ ਹੈ, ਉਹ ਸਾਡੀਆਂ ਨੀਤੀਆਂ ਮੁਤਾਬਕ ਨਹੀਂ ਹੈ।

# ਇਰਾਕ ਤੇ ਸੀਰੀਆ ਵਿੱਚ ਆਈ ਐਸ ਮੁੜ ਸਿਰ ਚੁੱਕਣ ਲੱਗੈ


ਵਾਸ਼ਿੰਗਟਨ, 21 ਅਗਸਤ (ਪੋਸਟ ਬਿਊਰੋ)- ਅਮਰੀਕਾ ਹਮਾਇਤੀ ਫੌਜ ਨੇ ਕਰੀਬ ਪੰਜ ਮਹੀਨੇ ਪਹਿਲਾਂ ਅੱਤਵਾਦੀ ਜਥੇਬੰਦੀ ਆਈ ਐਸ ਨੂੰ ਸੀਰੀਆ 'ਚ ਉਸ ਦੇ ਆਖਰੀ ਟਿਕ-ਾਣੇ ਤੋਂ ਉਖਾੜ ਸੁੱਟਿਆ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਈ ਐਸ ਉਤੇ ਜਿੱਤ ਦਾ ਐਲਾਨ ਵੀ ਕਰ ਦਿੱਤਾ ਸੀ, ਪਰ ਇਹ ਜਮਾਤ ਇਰਾਕ ਤੇ ਸੀਰੀਆ 'ਚ ਫਿਰ ਆਪਣਾ ਸਿਰ ਚੁੱਕਣ ਲੱਗ ਪਈ ਹੈ। ਇਰਾਕ ਅਤੇ ਸੀਰੀਆ 'ਚ ਉਹ ਘਾਤ ਲਾ ਕੇ ਹਮਲੇ ਕਰਨ ਦੇ ਨਾਲ ਆਪਣੇ ਵਿੱਤੀ ਨੈਟਵਰਕ ਨੂੰ ਵੀ ਦੁਬਾਰਾ ਸਰਗਰਮ ਕਰ ਕੇ ਚਿੰਤਾ ਪੈਦਾ ਕਰਨ ਲੱਗ ਪਈ ਹੈ।



ਇਸ ਸੰਬੰਧ ਵਿੱਚ ਅਮਰੀਕਾ ਤੇ ਇਰਾਕ ਦੇ ਫੌਜੀ ਤੇ ਖੁਫੀਆ ਅਧਿਕਾਰੀਆਂ ਮੁਤਾਬਕ ਨਵੇਂ ਅੱਤਵਾਦੀ ਬਣਾਉਣ ਲਈ ਆਈ ਐਸ ਅੱਜ ਕੱਲ੍ਹ ਹਿਜਰਤਕਾਰੀਆਂ ਦੇ ਕੈਂਪ ਨੂੰ ਨਿਸ਼ਾਨਾ ਬਣਾ ਰਿਹਾ ਹੈ। ਖੁਫੀਆ ਅਧਿਕਾਰੀਆਂ ਦੇ ਮੁਤਾਬਕ ਆਈ ਐਸ ਸਿਰਫ ਸੀਰੀਆ ਅਤੇ ਇਰਾਕ ਹੀ ਨਹੀਂ, ਪੱਛਮੀ ਅਫਰੀਕਾ ਵਿੱਚ ਵੀ ਸਰਗਰਮ ਹੋ ਰਿਹਾ ਹੈ। ਅਮਰੀਕਾ ਨੇ ਸੀਰੀਆ ਵਿੱਚ ਤਾਇਨਾਤ ਆਪਣੇ ਸੈਨਿਕਾਂ ਦੀ ਗਿਣਤੀ ਅੱਧੀ ਕਰ ਦਿੱਤੀ ਹੈ। ਈਰਾਨ ਨਾਲ ਵਧਦੇ ਤਣਾਅ ਦਰਮਿਆਨ ਉਸ ਦਾ ਸਾਰਾ ਧਿਆਨ ਪੱਛਮੀ ਏਸ਼ੀਆ ਉਤੇ ਹੈ। ਅਜਿਹੇ 'ਚ ਆਈ ਐਸ ਦਾ ਮੁੜ ਮਜ਼ਬੂਤ ਹੋਣਾ ਅਮਰੀਕੀ ਹਿੱਤਾਂ ਲਈ ਖਤਰਾ ਬਣ ਸਕਦਾ ਹੈ। ਮਾਹਰਾਂ ਮੁਤਾਬਕ ਸੀਰੀਆ ਉਤੇ ਆਈ ਐਸ ਦਾ ਦੋਬਾਰਾ ਕਬਜ਼ਾ ਹੋਣ ਦੀ ਸ਼ੰਕਾ ਘੱਟ ਹੈ, ਪਰ ਉਸ ਨੇ ਸੀਰੀਆ ਅਤੇ ਇਰਾਕ 'ਚ ਬਚੇ ਹੋਏ ਆਪਣੇ ਅੱਤਵਾਦੀਆਂ ਨੂੰ ਇਕੱਠੇ ਕਰ ਲਿਆ ਹੈ। ਇਨ੍ਹਾਂ ਸਲੀਪਰ ਸੈਲ ਦੀ ਮਦਦ ਨਾਲ ਉਹ ਸੁਰੱਖਿਆ ਬਲਾਂ ਦੀ ਹੱਤਿਆ ਤੇ ਅਗਵਾ ਜਿਹੇ ਅਪਰਾਧ ਕਰ ਰਿਹਾ ਹੈ।

# ਐਪਸਟੀਨ ਨੇ ਖੁਦਕੁਸ਼ੀ ਤੋਂ ਪਹਿਲਾਂ ਬਣਾਈ ਸੀ ਵਸੀਅਤ

ਨਿਊਯਾਰਕ, 21 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਅਰਬਪਤੀ ਫਾਈਨਾਂਸਰ ਜੈਫਰੀ ਐਪਸਟੀਨ ਨੇ ਨਿਊਯਾਰਕ ਦੀ ਜੇਲ੍ਹ ਵਿੱਚ ਖੁਦਕੁਸ਼ੀ ਕਰਨ ਤੋਂ ਦੋ ਦਿਨ ਪਹਿਲਾਂ ਆਪਣੀ ਵਸੀਅਤ 'ਤੇ ਹਸਤਾਖਰ ਕੀਤੇ ਸਨ। ਅਦਾਲਤ 'ਚ ਜਮ੍ਹਾਂ ਕਰਵਾਏ ਗਏ ਨਵੇਂ ਦਸਤਾਵੇਜ਼ਾਂ 'ਚ ਇਹ ਜਾਣਕਾਰੀ ਸਾਹਮਣੇ ਆਈ ਹੈ।



ਇਨ੍ਹਾਂ ਦਸਤਾਵੇਜ਼ਾਂ ਮੁਤਾਬਕ ਐਪਸਟੀਨ ਦੇ ਕੋਲ 5.6 ਕਰੋੜ ਡਾਲਰ ਦੀ ਨਕਦੀ ਸਮੇਤ 57.7 ਕਰੋੜ ਡਾਲਰ ਦੀ ਜਾਇਦਾਦ ਸੀ। ਵਸੀਅਤ ਸਾਹਮਣੇ ਆਉਣ ਨਾਲ ਐਪਸਟੀਨ ਖਿਲਾਫ ਚੱਲਦੇ ਮੁਕੱਦਮਿਆਂ 'ਚ ਨਵਾਂ ਮੋੜ ਆ ਸਕਦਾ ਹੈ। ਨਾਬਾਲਿਗ ਕੁੜੀਆਂ ਦੇ ਜਿਨਸ਼ੀ ਸ਼ੋਸ਼ਣ ਲਈ ਐਪਸਟੀਨ ਖਿਲਾਫ ਕਈ ਮੁਕੱਦਮੇ ਚੱਲ ਰਹੇ ਸਨ। ਕਈ ਸੈਕਸ ਅਪਰਾਧਾਂ ਲਈ ਉਸ ਨੂੰ ਦੋਸ਼ੀ ਵੀ ਠਹਿਰਾਇਆ ਜਾ ਚੁੱਕਾ ਸੀ। ਮੌਤ ਤੋਂ ਬਾਅਦ ਉਸ 'ਤੇ ਚੱਲ ਰਹੇ ਅਪਰਾਧਿਕ ਮਾਮਲੇ ਜਾਰੀ ਨਹੀਂ ਰੱਖੇ ਜਾ ਸਕਦੇ। ਇਸੇ ਕਾਰਨ ਇਸਤਗਾਸਾ ਪੱਖ ਨੇ ਬੀਤੇ ਦਿਨੀਂ ਉਸ 'ਤੇ ਚੱਲ ਰਹੇ ਕੇਸ ਰੱਦ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਪੀੜਤਾਵਾਂ ਦੇ ਵਕੀਲ ਐਪਸਟੀਨ ਦੀ ਵਸੀਅਤ ਦਾ ਵਿਸ਼ਲੇਸ਼ਣ ਕਰ ਰਹੇ ਹਨ। ਉਹ ਉਸ ਦਾ ਜਾਇਦਾਦ 'ਚੋਂ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਕਰ ਰਹੇ ਹਨ। ਇਕ ਵਕੀਲ ਨੇ ਕਿਹਾ ਕਿ ਐਪਸਟੀਨ ਦੀ ਸਾਰੀ ਜਾਇਦਾਦ ਪੀੜਤਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹੀ ਨਿਆਂ ਮਿਲ ਸਕਦਾ ਹੈ।

# 'ਸੈਕਰੇਡ ਗੇਮਜ਼' ਨਾਲ ਯੂ ਏ ਈ ਵਿੱਚ ਰਹਿੰਦੇ ਇਕ ਭਾਰਤੀ ਦੀ ਰਾਤਾਂ ਦੀ ਨੀਂਦ ਹਰਾਮ

ਦੁਬਈ, 21 ਅਗਸਤ (ਪੋਸਟ ਬਿਊਰੋ)- ਨੇਟਫਲਿਕਸ ਉਤੇ ਵੈਬ ਸੀਰੀਜ਼ 'ਸੈਕਰੇਡ ਗੇਮਜ਼' ਦੇ ਦੂਸਰੇ ਐਡੀਸ਼ਨ ਦੌਰਾਨ ਸ਼ਾਰਜ਼ਾਹ ਵਿੱਚ ਇਕ ਭਾਰਤੀ ਦਾ ਮੋਬਾਈਲ ਨੰਬਰ ਦਿਖਾਏ ਜਾਣ ਨਾਲ ਉਸ ਦੀ ਰਾਤਾਂ ਦੀ ਨੀਂਦ ਉਡ ਗਈ ਹੈ, ਕਿਉਂਕਿ ਉਸ ਦੇ ਫੋਨ ਦੀ ਘੰਟੀ ਦੁਨੀਆ ਭਰ ਤੋਂ ਆ ਰਹੀ ਬੇਮਤਲਬੀ ਕਾਲ ਨਾਲ ਵੱਜਦੀ ਰਹਿੰਦੀ ਹੈ।




ਇਕ ਸਥਾਨਕ ਤੇਲ ਕੰਪਨੀ ਵਿੱਚ ਕੰਮ ਕਰਨ ਵਾਲੇ ਕੇਰਲ ਨਿਵਾਸੀ ਕੁੰਹ-ਅਬਦੁੱਲਾ (37) ਦਾ ਫੋਨ ਨੰਬਰ 15 ਅਗਸਤ ਨੂੰ ਦਿਖਾਏ ਗਏ ਨਵੇਂ ਐਡੀਸ਼ਨ ਦੇ ਪਹਿਲੇ ਐਪੀਸੋਡ ਵਿੱਚ ਕਾਲਪਨਿਕ ਗੈਂਗਸਟਰ ਸੁਲੇਮਾਨ ਈਸਾ ਦੇ ਨੰਬਰ ਦੇ ਰੂਪ ਵਿੱਚ 'ਫਲੈਸ਼' ਹੋ ਗਿਆ ਸੀ। ਕੁੰਹਾਅਬਦੁੱਲਾ ਨੇ ਕਿਹਾ ਕਿ ਭਾਰਤ, ਪਾਕਿਸਤਾਨ, ਨੇਪਾਲ, ਯੂ ਏ ਈ ਅਤੇ ਦੁਨੀਆ ਭਰ ਤੋਂ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਮੇਰੇ ਫੋਨ 'ਤੇ ਕਾਲ ਆ ਰਹੇ ਹਨ। ਮੈਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੇਰੇ ਫੋਨ ਦੀ ਘੰਟੀ ਸੁਣ ਕ ਮੈਂ ਪਰੇਸ਼ਾਨ ਹੋ ਜਾਂਦਾ ਹਾਂ। ਮੈਂ ਆਪਣਾ ਨੰਬਰ ਰੱਦ ਕਰਨਾ ਚਾਹੁੰਦਾ ਹਾਂ। ਉਸ ਨੇ ਕਿਹਾ ਕਿ ਮੈਂ ਕਦੇ ਨੇਟਪਿਲਕਸ 'ਤੇ ਵੈਬ ਸੀਰੀਜ਼ 'ਸੈਕਰੇਡ ਗੇਮਜ਼' ਦਾ ਨਾਮ ਨਹੀਂ ਸੁਣਿ-ਆ। ਮੈਂ ਸਵੇਰੇ ਅੱਠ ਤੋਂ ਸ਼ਾਮ ਸੱਤ ਵਜੇ ਤੱਕ ਕੰਮ ਕਰਦਾ ਹਾਂ। ਮੇਰੇ ਕੋਲ ਇਨ੍ਹਾਂ ਚੀਜ਼ਾਂ ਲਈ ਸਮਾਂ ਨਹੀਂ। ਨੇਟਫਲਿਕਸ ਨੇ ਕਿਹਾ ਕਿ ਪਰੇਸ਼ਾਨੀ ਲਈ ਅਸੀਂ ਮੁਆਫੀ ਮੰਗਦੇ ਹਾਂ। ਜਦੋਂ ਸਾਨੂੰ ਇਸ ਦਾ ਪਤਾ ਲੱਗਾ, ਅਸੀਂ ਸਕਰੀਨ ਤੋਂ ਫੋਨ ਨੰਬਰ ਹਟਾ ਦਿੱਤਾ।

# ਇਟਲੀ ਦੇ ਪ੍ਰਧਾਨ ਮੰਤਰੀ ਕੁਨਤੇ ਵੱਲੋਂ ਅਸਤੀਫਾ

ਮਿਲਾਨ, 21 ਅਗਸਤ (ਪੋਸਟ ਬਿਊਰੋ)- ਜਦੋਂ ਇਟਲੀ ਦੀ ਜੁਸੇਪੇ ਕੁਨਤੇ ਸਰਕਾਰ ਬਣੀ ਸੀ ਤਾਂ ਉਦੋਂ ਤੋਂ ਹੀ ਇਸ ਦੀ ਚਾਲ ਲੜਖੜਾ ਰਹੀ ਸੀ। ਇਸ ਸਰਕਾਰ ਬਣੀ ਨੂੰ ਇਕ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਸੀ, ਪਰ ਇਸ ਦੇ ਬਾਵਜੂਦ ਇਸ ਸਰਕਾਰ ਦਾ ਲੜਖੜਾਉਣਾ ਰੁਕ ਨਹੀਂ ਸਕਿਆ। ਇਟਲੀ ਵਾਸੀਆਂ ਨੂੰ ਪ੍ਰਧਾਨ ਮੰਤਰੀ ਜੁਸੇਪੇ ਕੁਨਤੇ ਤੋਂ ਦੇਸ਼ ਦੇ ਭਵਿੱਖ ਨੂੰ ਸੰਵਾਰਨ ਲਈ ਆਸਾਂ ਸਨ, ਪਰ ਇਹ ਓਦੋਂ ਟੁੱਟ ਗਈਆਂ ਜਦੋਂ ਪ੍ਰਧਾਨ ਮੰਤਰੀ ਕੁਨਤੇ ਨੇ ਆਪਣੇ ਜਨਮ ਦਿਨ ਵਾਲੇ ਦਿਨ ਗ੍ਰਹਿ ਮੰਤਰੀ ਮਾਤੇਓ ਸਲਵੀਨੀ



ਦੀਆਂ ਗਲਤ ਨੀਤੀਆਂ ਕਾਰਨ ਅੱਕ ਕੇ ਅਸਤੀਫਾ ਦੇ ਦਿੱਤਾ।

ਪ੍ਰਧਾਨ ਮੰਤਰੀ ਜੁਸੇਪੇ ਕੁਨਤੇ ਨੇ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਮਾਤੇਓ ਸਲਵੀਨੀ ਦੀਆਂ ਮਾੜੀਆਂ ਨੀਤੀਆਂ ਤੋਂ ਨਾਖੁਸ਼ ਹੋ ਕੇ ਉਨ੍ਹਾਂ ਨੂੰ ਇਹ ਕਦਮ ਚੁੱਕਣਾ ਪਿਆ ਹੈ। ਇਟਲੀ ਉਪਰ ਆਏ ਇਸ ਰਾਜਸੀ ਸੰਕਟ ਨਾਲ ਜਿਥੇ ਲੋਕਾਂ ਦੇ ਚਿਹਰੇ ਮੁਰਝਾ ਗਏ ਹਨ, ਉਥੇ ਪ੍ਰਵਾਸੀਆਂ ਨੂੰ ਵੀ ਇਸ ਦੇ ਸ਼ੰਕੇ ਹਨ ਕਿ ਜੇ ਦੇਸ਼ ਦੀ ਵਾਗਡੋਰ ਗ੍ਰਹਿ ਮੰਤਰੀ ਮਾਤੇਓ ਸਲਵੀਨੀ ਨੇ ਸੰਭਾਲੀ ਤਾਂ ਕੀ ਬਣੇਗਾ, ਕਿਉਂਕਿ ਮਾਤੇਓ ਸਲਵੀਨੀ ਇਟਲੀ ਵਿੱਚ ਪ੍ਰਵਾਸੀਆਂ ਦੇ ਵਿਰੋਧ 'ਚ ਰਹੇ ਹਨ। ਰਾਸ਼ਟਰਪਤੀ ਸਰਜੀਓ ਮੈਤਾਰੈਲਾ ਇਸ ਸੰਕਟ ਸਮੇਂ ਕੀ ਫੈਸਲਾ ਲੈਂਦੇ ਹਨ ਇਹ ਤਾਂ ਸਮਾਂ ਹੀ ਦੱਸੇਗਾ।

# ਨੀਲ ਕੈਂਪਬੇਲ ਨੇ 280 ਕਿਲੋਮੀਟਰ ਨਾਲ ਸਾਈਕਲ ਚਲਾ ਕੇ ਨਵਾਂ ਰਿਕਾਰਡ ਬਣਾਇਆ

ਲੰਡਨ, 21 ਅਗਸਤ (ਪੋਸਟ ਬਿਊਰੋ)- ਇੰਗਲੈਂਡ ਦੇ 45 ਸਾਲਾ ਸਾਈਕਲਿਸਟ ਨੀਲ ਕੈਂਪਬੇਲ ਨੇ 280 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਸਾਈਕਲ ਚਲਾ ਕੇ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ। ਇਸ ਦੇ ਨਾਲ ਉਨ੍ਹਾਂ ਨੇ ਡਚ ਸਾਈਕਲਿਸਟ ਦਾ 24 ਸਾਲ ਪੁਰ-ਾਣਾ ਰਿਕਾਰਡ ਤੋੜ ਦਿੱਤਾ ਹੈ।



ਇਹ ਰਿਕਾਰਡ ਬਣਾਉਣ ਲਈ ਕੈਂਪਬੇਲ ਨੂੰ ਰਨਵੇ ਉੱਤੇ ਪੋਰਸ਼ੇ ਕਾਰ ਦੇ ਨਾਲ ਰਿਲੀਜ਼ ਕੀਤਾ ਗਿਆ। ਇਹ ਰੇਸ ਨਾਰਥ ਯਾਰਕਸ਼ਾਇਰ ਦੇ ਐਲਵਿੰਗਟਨ ਏਅਰਫੀਲਡ ਤੱਕ ਚੱਲੀ। ਇਸ ਦੌਰਾਨ ਉਨ੍ਹਾਂ ਨੇ ਪੋਰਸ਼ੇ ਦੀ ਬਰਾਬਰੀ ਵੀ ਕੀਤੀ। ਕੈਂਪਬੇਲ ਨੇ ਜਿਸ ਸਾਈਕਲ ਨਾਲ ਇਹ ਰਿਕਾਰਡ ਬਣਾਇਆ, ਉਸ ਨੂੰ ਖਾਸ ਤੌਰ 'ਤੇ ਤੇਜ ਰਫਤਾਰ ਨਾਲ ਚਲਾਉਣ ਦੇ ਲਈ ਤਿਆਰ ਕੀਤਾ ਗਿਆ ਹੈ। ਉਸ ਦੀ ਕੀਮਤ 15 ਹਜ਼ਾਰ ਪੌਂਡ ਹੈ। ਵਰਲਡ ਰਿਕਾਰਡ ਬਣਾਉਣ 'ਤੇ ਨੀਲ ਕੈਂਪਬੇਲ ਨੇ ਕਿਹਾ ਕਿ ਉਹ ਰਾਹਤ ਮਹਿਸੂਸ ਕਰਦੇ ਹਨ। ਉਨ੍ਹਾਂ ਦੀ ਟੀਮ ਨੇ ਹੈਰਾਨੀ ਜਨਕ ਰੂਪ ਤੋਂ ਬੇਹੱਦ ਹੀ ਸ਼ਾਨਦਾਰ ਕੰਮ ਕੀਤਾ। ਰਿਪੋਰਟ ਮੁਤਾਬਕ 1995 ਵਿੱਚ ਨੀਦਰਲੈਂਡ ਦੇ ਸਾਈਕਲਿਸਟ ਨੇ 268.76 ਕਿਲੋਮੀਟਰ ਦੀ ਰਫਤਾਰ ਨਾਲ ਸਾਈਕਲ ਚਲਾਈ ਸੀ। ਜੋ ਹੁਣ ਤੱਕ ਦਾ ਰਿਕਾਰਡ ਸੀ।


FIRST CHOICE FINANCIAL LIMITED

TRUCK LOANS

ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424



Honesty, Reliability, Commitment

SELL FOR MORE BUY FOR LESS

- 1 yr Home Warranty
- We Help to get mortgage
- Free valuation & Lowest Commission
- Special for First Time Home Buyer

OPEN HOUSE UNTIL SOLD

HIGHER STANDARDS FIVE STAR CERTIFIED TEAM



HIRA RANDHWA
Broker
416.319.0551

Silvercity
B. 905.913.8500



BHUPENDRA DHILLON
Sales Representative
647-896-1877

Hirarandhawa@yahoo.ca

HiraRandhawa.com

Dhillonbhupendra@hotmail.com

For SUPER-VISA INSURANCE, TRAVEL INSURANCE RESP

Call: 416-319-0551



MICHELIN HANKOOK Continental ROADLUX BFGoodrich AEOLUS COMPASAL Chevron Delo

Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT BRAND NEW MACHINES 2018

Brake & Drum - On Special Sale! Made in U.S

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ Spring Sale

1715 Sismet Rd, Mississauga | Call Ranjit: 416.624.8351 | Tel: 905.625.0055

# ਮਲੇਸ਼ੀਆ ਤੋਂ ਡਿਪੋਰਟ ਕੁਲਬੀਰ ਕੌਰ ਦਾ ਬੱਚਾ ਛੁਡਵਾਉਣ ਲਈ ਭਰਾ ਹਾਈ ਕੋਰਟ ਪੁੱਜਾ




ਚੰਡੀਗੜ੍ਹ, 21 ਅਗਸਤ (ਪੋਸਟ ਬਿਊਰੋ)- ਰਿਫਰੈਂਡਮ-2020 ਦੇ ਨਾਂਅ 'ਤੇ ਵਿਦੇਸ਼ ਬੈਠੇ ਪੰਜਾਬ ਦੇ ਨੌਜਵਾਨਾਂ ਨੂੰ ਸੋਸ਼ਲ ਸਾਈਟ ਰਾਹੀਂ ਉਕਸਾਉਣ ਦੇ ਦੋਸ਼ ਵਿੱਚ ਫਸੀ ਕੁਲਬੀਰ ਕੌਰ ਨਾਂਅ ਦੀ ਔਰਤ ਦੇ ਭਰਾ ਜਗਸੀਰ ਸਿੰਘ ਨੇ ਉਸ ਦੇ ਅੱਠ ਸਾਲਾ ਬੇਟੇ ਦਿਲਜੋਤ ਸਿੰਘ ਦੀ ਰਿਹਾਈ ਜਾਂ ਸੰਭਾਲ ਲਈ ਹਾਈ ਕੋਰਟ ਨੂੰ ਪਹੁੰਚ ਕੀਤੀ ਹੈ।

ਜਸਟਿਸ ਇੰਦਰਜੀਤ ਸਿੰਘ ਦੀ ਸਿੰਗਲ ਬੈਂਚ ਨੇ ਪੰਜਾਬ ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨ ਦੇ ਨੋਟਿਸ ਨਾਲ ਮਾਮਲਾ 27 ਅਗਸਤ ਉੱਤੇ ਪਾ ਦਿੱਤਾ ਹੈ। ਪਟੀਸ਼ਨ ਵਿੱਚ ਵਾਰੰਟ ਅਫਸਰ ਲਾਉਣ ਦੀ ਮੰਗ ਵੀ ਕੀਤੀ ਗਈ ਸੀ, ਪਰ ਵਾਰੰਟ ਅਫਸਰ ਨਹੀਂ ਲਾਇਆ ਗਿਆ। ਪਟੀਸ਼ਨ ਵਿੱਚ ਹਾਈ ਕੋਰਟ ਦਾ ਧਿਆਨ ਦਿਵਾਇਆ ਗਿਆ ਹੈ ਕਿ ਕੁਲਬੀਰ ਕੌਰ ਨੂੰ ਮਲੇਸ਼ੀਆ ਤੋਂ ਡੀਪੋਰਟ ਕੀਤੇ ਜਾਣ ਪਿੱਛੋਂ ਥਾਣਾ ਰੰਗੜ ਨੰਗਲ (ਗੁਰਦਾਸਪੁਰ) ਦੀ ਪੁਲਸ ਨੇ 15 ਅਗਸਤ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਤਾਂ ਉਸ ਨਾਲ ਉਸ ਦਾ ਬੇਟਾ ਦਿਲਜੋਤ ਸਿੰਘ ਵੀ ਸੀ। ਕੁਲਬੀਰ ਕੌਰ ਪੁਲਸ ਦੀ ਹਿਰਾਸਤ ਵਿੱਚ ਹੈ ਤੇ ਉਸ ਦੇ ਕਹਿਣ ਦੇ ਬਾਵਜੂਦ ਦਿਲਜੋਤ ਸਿੰਘ ਨੂੰ ਉਸ ਦੇ ਮਾਮਾ ਜਗਸੀਰ ਸਿੰਘ ਦੇ ਹਵਾਲੇ ਕਰਨ ਦੀ ਥਾਂ ਗੁਰਦਾਸਪੁਰ ਸੈਂਟਰਲ ਜੇਲ੍ਹ ਸਾਹਮਣੇ ਚਿਲਡਰਨ ਹੋਮ ਵਿੱਚ ਰੱਖਿਆ ਗਿਆ ਹੈ, ਜਦੋਂ ਕਿ ਉਸ ਦਾ ਕਿਸੇ ਕੇਸ ਵਿੱਚ ਨਾਂਅ ਨਹੀਂ ਹੈ। ਉਸ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦਾ ਦੋਸ਼ ਲਾਉਂਦਿਆਂ ਉਸ ਨੂੰ ਪੇਸ਼ ਕਰਨ ਜਾਂ ਉਸ ਦੀ ਭਾਲ ਕਰਨ ਲਈ ਵਾਰੰਟ ਅਫਸਰ ਲਾਏ ਜਾਣ ਦੀ ਮੰਗ ਹਾਈ ਕੋਰਟ ਤੋਂ ਕੀਤੀ ਗਈ ਤਾਂ ਕੋਰਟ ਨੇ ਸਰਕਾਰ ਨੂੰ ਇਸ ਬਾਰੇ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਹੈ।

# ਅਸਤੀਫਿਆਂ ਬਾਰੇ ਵਿਧਾਇਕ ਸੰਦੋਆ ਤੇ ਬਲਦੇਵ ਸਿੰਘ ਸਪੀਕਰ ਦੇ ਪੇਸ਼ ਨਹੀਂ ਹੋਏ

ਚੰਡੀਗੜ੍ਹ, 21 ਅਗਸਤ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ 20 ਮੈਂਬਰਾ ਦੀ ਵਿਰੋਧੀ ਧਿਰ ਆਮ ਆਦਮੀ ਪਾਰਟੀ ਦੇ ਦਾਖਾ ਹਲਕੇ ਤੋਂ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਦੇ ਅਸਤੀਫੇ ਨੂੰ ਪ੍ਰਵਾਨ ਕਰਨ ਤੇ ਸੀਟ ਖਾਲੀ ਹੋਣ ਦੇ ਐਲਾਨ ਪਿੱਛੋਂ ਚਾਰ ਹੋਰ ਵਿਧਾਇਕਾਂ ਅਮਰਜੀਤ ਸਿੰਘ ਸੰਦੋਆ, ਮਾਸਟਰ ਬਲਦੇਵ ਸਿੰਘ, ਸੁਖਪਾਲ ਸਿੰਘ ਖਹਿਰਾ ਅਤੇ ਨਾਜਰ ਸਿੰਘ ਮਾਨਸ਼ਾਹੀਆ ਦੇ ਅਸਤੀਫਿਆਂ ਦਾ ਮਾਮਲਾ ਕਈ ਮਹੀਨੇ ਅੱਗੇ ਪੈ ਗਿਆ ਹੈ। ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਕੱਲ੍ਹ ਸਪੀਕਰ ਸਾਹਮਣੇ ਮਿਥੀ ਤਰੀਕ ਉਤੇ ਪੇਸ਼ ਨਹੀਂ ਹੋਏ ਅਤੇ ਚਿੱਠੀ ਲਿਖ ਕੇ ਅਗਲੀ ਤਰੀਕ ਮੰਗੀ ਹੈ। ਉਨ੍ਹਾਂ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੇ ਬਾਪੂ ਜੀ ਬੀਮਾਰ ਹਨ। ਵਰਨਣ ਯੋਗ ਹੈ ਕਿ ਰੋਪੜ ਦੇ ਵਕੀਲ ਦਿਨੇਸ਼ ਚੱਢਾ ਨੇ ਅਮਰਜੀਤ ਸਿੰਘ ਸੰਦੋਆ ਦੇ ਵਿਰੁੱਧ ਪਟੀਸ਼ਨ ਪਾਈ ਹੋਈ ਹੈ ਅਤੇ ਵਿਧਾਇਕ ਨੇ ਆਪਣਾ ਜਵਾਬ ਜਾਂ ਸਪੱਸ਼ਟੀਕਰਨ ਦੇਣਾ ਹੈ। ਇਸੇ ਤਰ੍ਹਾਂ ਜੈਤੋ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੇ ਵੀ ਪਿੱਠ ਦਰਦ ਦਾ ਕਾਰਨ ਦੱਸ ਕੇ ਤਰੀਕ ਮੰਗੀ ਹੈ। ਉਨ੍ਹਾਂ ਨੇ ਵੀ ਆਪਣੇ ਅਸਤੀਫੇ ਦੀ ਤਾਈਦ ਕਰਨੀ ਸੀ। ਵਿਧਾਨ ਸਭਾ ਸਪੀਕਰ ਨੇ ਇਸ ਬਾਰੇ ਕਿਹਾ ਕਿ ਉਹ ਅਗਲੀ ਤਰੀਕ ਰੋਪੜ ਜ਼ਿਲ੍ਹੇ ਦੇ ਹੜ੍ਹ ਮਾਰੇ ਪਿੰਡਾਂ ਦੇ ਦੌਰੇ ਤੋਂ ਬਾਅਦ ਦੇਣਗੇ।

ਮਾਨਸਾ ਦੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੀ ਅਦਾਲਤ ਵਿੱਚ ਆਪਣੀ ਤਰੀਕ ਪੇਸ਼ੀ ਦਾ ਕਾਰਨ ਦੱਸ ਕੇ 30 ਜੁਲਾਈ ਨੂੰ ਪੇਸ਼ ਨਹੀਂ ਹੋਏ ਸਨ ਅਤੇ ਸੁਖਪਾਲ ਸਿੰਘ ਖਹਿਰਾ ਵੀ ਬਿਮਾਰੀ ਦਾ ਇਲਾਜ ਕਰਾਉਣ ਲਈ ਵਿਦੇਸ਼ ਚਲੇ ਗਏ ਸਨ। ਖਹਿਰਾ ਅਤੇ ਮਾਨਸ਼ਾਹੀਆ ਨੂੰ ਵੀ ਆਪਣੇ ਅਸਤੀਫਿਆਂ ਦੀ ਪੁਸ਼ਟੀ ਸਤੰਬਰ ਮਹੀਨੇ ਦੇ ਅਖੀਰ ਵਿੱਚ ਤਰੀਕ ਮਿਲ ਸਕਦੀ ਹੈ। ਵਿਧਾਨ ਸਭਾ ਸਕੱਤਰੇਤ ਦੇ ਸੂਤਰਾਂ ਅਨੁਸਾਰ ਇਨ੍ਹਾਂ ਚਾਰ ਵਿਧਾਇਕਾਂ ਦੇ ਅਸਤੀਫਿਆਂ ਜਾਂ ਅਯੋਗ ਕਰਾਰ ਦੇਣ ਬਾਰੇ ਨਿਯਮਾਂ, ਕਾਨੂੰਨਾਂ ਦੀ ਪਰਖ ਪਿੱਛੋਂ ਹੀ ਸਪੀਕਰ ਕੋਈ ਫੈਸਲਾ ਲੈਣਗੇ। ਫਿਲਹਾਲ ਫਗਵਾੜਾ, ਜਲਾਲਾਬਾਦ ਅਤੇ ਦਾਖਾ ਵਿਧਾਨ ਸਭਾ ਸੀਟ ਉੱਤੇ ਜ਼ਿਮਨੀ ਚੋਣਾਂ ਅਕਤੂਬਰ ਜਾਂ ਨਵੰਬਰ ਮਹੀਨੇ ਹੋਣਗੀਆਂ। ਭੁਲੱਥ, ਮਾਨਸਾ, ਰੋਪੜ ਤੇ ਜੈਤੋਂ, ਰਿਜ਼ਰਵ 'ਤੇ ਜ਼ਿਮਨੀ ਚੋਣ ਅਗਲੇ ਸਾਲ ਹੋਣ ਦੀ ਸੰਭਾਵਨਾ ਵਧ ਗਈ ਹੈ।

# ਮਹਿਲਾ ਨੇ ਸਾਥੀ ਕਰਮਚਾਰੀ ਤੋਂ ਤੰਗ ਹੋ ਕੇ ਜ਼ਹਿਰ ਨਿਗਲਿਆ



ਹੁਸ਼ਿਆਰਪੁਰ, 21 ਅਗਸਤ (ਪੋਸਟ ਬਿਊਰੋ)- ਜ਼ਿਲ੍ਹਾ ਕਚਹਿਰੀ ਹੁਸ਼ਿਆਰਪੁਰ ਵਿੱਚ ਤੈਨਾਤ ਮਹਿਲਾ ਮੁਲਾਜ਼ਮ ਪੂਨਮ ਪੁੱਤਰੀ ਵਤਨ ਸਿੰਘ ਵਾਸੀ ਨਿਊ ਬਾਰਾਦਰੀ ਜਲੰਧਰ ਨੇ ਸਾਥੀ ਮੁਲਾਜ਼ਮ ਵੱਲੋਂ ਤੰਗ ਕਰਨ ਤੋਂ ਦੁਖੀ ਹੋ ਕੇ ਜ਼ਹਿਰੀਲੀ ਚੀਜ਼ ਨਿਗਲ ਲਈ ਅਤੇ ਪ੍ਰਾਈਵੇਟ ਹਸਪਤਾਲ ਵਿੱਚ ਦਮ ਤੋੜ ਦਿੱਤਾ। ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨ ਉਤੇ ਦੋਸ਼ੀ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਵਤਨ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਬੇਟੀ ਪੂਨਮ ਕਰੀਬ ਪੰਜ ਸਾਲ ਤੋਂ ਹੁਸ਼ਿਆਰਪੁਰ ਕਚਹਿਰੀ ਵਿੱਚ ਕੱਚੇ ਤੌਰ ਉਤੇ ਕੰਮ ਕਰ ਰਹੀ ਸੀ। ਪੂਨਮ ਪਹਿਲਾਂ ਸਟੈਨੋ ਸੀ ਅਤੇ ਕਰੀਬ ਦੋ ਸਾਲ ਪਹਿਲਾਂ ਜ਼ਿਲ੍ਹੇ ਵਿੱਚ ਸੈਸ਼ਨ ਕੋਰਟ ਦੇ ਰਿਕਾਰਡ ਰੂਮ ਵਿੱਚ ਖਾਲੀ ਪੋਸਟਾਂ 'ਤੇ ਕਰਮਚਾਰੀ ਭਰਤੀ ਕਰਨ ਦੇ ਹੁਕਮ ਜਾਰੀ ਹੋਏ ਸਨ। ਪੂਨਮ ਨੂੰ ਕੋਰਟ ਵਿੱਚ ਨਾਜਰ ਵਜੋਂ ਤੈਨਾਤ ਰੋਹਿਤ ਸਹਿਗਲ ਪੁੱਤਰ ਨਰਿੰਦਰ ਸਹਿਗਲ ਵਾਸੀ ਪ੍ਰੀਤ ਨਗਰ ਨੇ ਕਿਹਾ ਕਿ ਉਹ ਉਸ ਨੂੰ ਰਿਕਾਰਡ ਰੂਮ ਵਿੱਚ ਬਿਡਿੰਗ ਕਲਰਕ ਰਖਵਾ ਦੇਵੇਗਾ। ਵਤਨ ਸਿੰਘ ਨੇ ਦੱਸਿਆ ਕਿ ਰੋਹਿਤ ਨੇ ਪਹਿਲਾਂ ਉਸ ਦੀ ਬੇਟੀ ਨੂੰ ਝੂਠੇ ਪਿਆਰ ਵਿੱਚ ਫਸਾਇਆ ਅਤੇ ਫਿਰ ਉਹ ਉਸ ਨਾਲ ਵਿਆਹ ਕਰਨ ਲਈ ਮਜਬੂਰ ਕਰ ਰਿਹਾ ਸੀ। ਪੂਨਮ ਨੂੰ ਇਸ ਦਾ ਪਤਾ ਲੱਗ ਚੁੱਕਾ ਸੀ ਕਿ ਰੋਹਿਤ ਪਹਿਲਾਂ ਤੋਂ ਵਿਆਹਿਆ ਹੈ, ਇਸ ਲਈ ਪਿੱਛੇ ਹਟ ਗਈ। ਰੋਹਿਤ ਵੱਲੋਂ ਤੰਗ ਕੀਤੇ ਜਾਣ ਅਤੇ ਵਿਆਹ ਦਾ ਦਬਾਅ ਬਣਾਏ ਜਾਣ ਕਾਰਨ ਉਹ ਪਰੇਸ਼ਾਨ ਸੀ ਤੇ ਉਸ ਨੇ ਕੁਝ ਦਿਨ ਪਹਿਲਾਂ ਆਪਣੀ ਭਰਜਾਈ ਤੇ ਮਾਂ ਨੂੰ ਸਾਰੀ ਗੱਲ ਦੱਸੀ ਸੀ। ਉਨ੍ਹਾਂ ਨੇ ਦੱਸਿਆ ਕਿ ਸੋਮਵਾਰ ਰੋਹਿਤ ਨੇ ਫੋਨ ਕਰ ਕੇ ਕਿਹਾ ਕਿ ਪੂਨਮ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ ਹੈ ਅਤੇ ਉਸ ਨੂੰ ਪ੍ਰਾਈਵੇਟ ਹਸਪਤਾਲ ਦਾਖਲ ਕਰਾਇਆ ਹੈ। ਕੱਲ੍ਹ ਪੂਨਮ ਦੀ ਮੌਤ ਹੋ ਗਈ। ਇਸ ਦੇ ਬਾਅਦ ਤੋਂ ਰੋਹਿਤ ਸਹਿਗਲ ਫਰਾਰ ਹੈ।

# ਸਕੂਲ ਦੇ ਨੇੜੇ ਮੁੰਡੇ-ਕੁੜੀ ਦੀਆਂ ਸਿਰ ਕੱਟੀਆਂ ਲਾਸ਼ਾਂ ਮਿਲੀਆਂ, ਆਨਰ ਕਿਲਿੰਗ ਦਾ ਸ਼ੱਕ



ਅੰਮ੍ਰਿਤਸਰ, 21 ਅਗਸਤ (ਪੋਸਟ ਬਿਊਰੋ)- ਜੀ ਟੀ ਰੋਡ 'ਤੇ ਖਾਲਸਾ ਪਬਲਿਕ ਸਕੂਲ ਦੇ ਨੇੜੇ ਕੱਲ੍ਹ ਦੇਰ ਰਾਤ ਸਿਰ ਕੱਟੀਆਂ ਮੁੰਡੇ-ਕੁੜੀ ਦੀਆਂ ਦੋ ਲਾਸ਼ਾਂ ਮਿਲੀਆਂ। ਦੋਵਾਂ ਦੀ ਉਮਰ 28 ਤੋਂ 30 ਸਾਲ ਵਿਚਾਲੇ ਲੱਗਦੀ ਸੀ।

ਰਾਹਗੀਰਾਂ ਨੇ ਸੂਚਨਾ ਦਿੱਤੀ ਤਾਂ ਪੁਲਸ ਨੇ ਇਲਾਕੇ ਦੇ ਸੀ ਸੀ ਟੀ ਵੀ ਫੁਟੇਜ ਦੇਖੀਆਂ, ਪ੍ਰੰਤੂ ਘਟਨਾ ਬਾਰੇ ਕੁਝ ਪਤਾ ਨਹੀਂ ਲੱਗਾ। ਹਾਲੇ ਦੋਵਾਂ ਲਾਸ਼ਾਂ ਦੀ ਪਛਾਣ ਨਹੀਂ ਹੋ ਸਕੀ। ਕਰੀਬ 15 ਫੁੱਟ ਦੂਰੀ ਉਤੇ ਪੁਲਸ ਨੂੰ ਇੱਕ ਸਕੂਟੀ ਮਿਲੀ ਹੈ, ਪ੍ਰੰਤੂ ਉਸ ਵਿੱਚ ਕੋਈ ਦਸਤਾਵੇਜ਼ ਨਹੀਂ ਮਿਲਿਆ। ਪੁਲਸ ਨੂੰ ਆਨਰ ਕਿਲਿੰਗ ਦਾ ਮਾਮਲਾ ਲੱਗਦਾ ਹੈ। ਥਾਣਾ ਇੰਚਾਰਜ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਕਾਤਲਾਂ ਨੇ ਦੋਵਾਂ ਦੀ ਹੱਤਿਆ ਤੋਂ ਪਹਿਲਾਂ ਉਨ੍ਹਾਂ ਦੇ ਸਾਰੇ ਦਸਤਾਵੇਜ਼ ਵੀ ਕੱਢ ਲਏ ਤਾਂ ਕਿ ਉਨ੍ਹਾਂ ਦੀ ਪਛਾਣ ਨਾ ਹੋ ਸਕੇ। ਇੰਨਾ ਹੀ ਨਹੀਂ ਕਰੀਬ 15 ਫੁੱਟ ਦੀ ਦੂਰੀ 'ਤੇ ਮਿਲੀ ਸਕੂਟੀ 'ਚੋਂ ਵੀ ਸਾਰੇ ਦਸਤਾਵੇਜ਼ ਗਾਇਬ ਹਨ। ਸਕੂਟੀ ਅਤੇ ਦੋਵੇਂ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਸ਼ੱਕ ਹੈ ਕਿ ਦੋਵਾਂ ਦੇ ਪ੍ਰੇਮ ਸੰਬੰਧਾਂ ਕਾਰਨ ਹੱਤਿਆ ਕੀਤੀ ਗਈ ਹੈ ਅਤੇ ਸ਼ੱਕ ਹੈ ਕਿ ਦੋਵਾਂ ਨੂੰ ਕਿਸੇ ਆਸਪਾਸ ਦੇ ਜ਼ਿਲ੍ਹੇ ਤੋਂ ਇਥੇ ਲਿਆ ਕੇ ਹੱਤਿਆ ਕੀਤੀ ਗਈ ਅਤੇ ਲਾਸ਼ਾਂ ਏਥੇ ਸੁੱਟ ਦਿੱਤੀਆਂ ਗਈਆਂ। ਪੁਲਸ ਨੂੰ ਲੜਕੇ ਦੀ ਲਾਸ਼ ਦੀ ਜੇਬ ਵਿੱਚੋਂ ਇੱਕ ਫੋਟੋ ਮਿਲੀ ਹੈ, ਪ੍ਰੰਤੂ ਇਹ ਫੋਟੋ ਕਿਸ ਦੀ ਹੈ, ਇਹ ਪਛਾਣ ਨਹੀਂ ਹੋ ਸਕੀ। ਫੋਟੋ ਕਾਫੀ ਪੁਰਾਣੀ ਤੇ ਖਰਾਬ ਹੋਣ ਦੇ ਕਾਰਨ ਲਾਸ਼ ਦੀ ਪਛਾਣ ਕਰਨਾ ਮੁਸ਼ਕਲ ਹੈ। ਦੋਵੇਂ ਲਾਸ਼ਾਂ ਕਰੀਬ 10-10 ਫੁੱਟ ਦੀ ਦੂਰੀ 'ਤੇ ਮਿਲੀਆਂ। ਉਨ੍ਹਾਂ ਦੇ ਸਿਰ ਵੀ ਦੋਵਾਂ ਦੀਆਂ ਲਾਸ਼ਾਂ ਤੋਂ ਕੁਝ ਦੂਰੀ 'ਤੇ ਪਏ ਸਨ। ਪੁਲਸ ਨੂੰ ਸ਼ੱਕ ਹੈ ਕਿ ਦੋਵਾਂ ਨੂੰ ਕਾਤਲਾਂ ਨੇ ਦੌੜਾ-ਦੌੜਾ ਕੇ ਮਾਰਿਆ ਹੈ। ਦੋਵਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ।

# ਸੁਸ਼ੀਲ ਕੁਮਾਰ ਨੂੰ ਵਿਸ਼ਵ ਚੈਂਪੀਅਨਸ਼ਿਪ ਦਾ ਟਿਕਟ ਮਿਲ ਗਿਆ

ਨਵੀਂ ਦਿੱਲੀ, 21 ਅਗਸਤ (ਪੋਸਟ ਬਿਊਰੋ)- ਦੋ ਵਾਰ ਦੇ ਉਲੰਪਿਕ ਤਗਮਾ ਜੇਤੂ ਸੁਸ਼ੀਲ ਕੁਮਾਰ ਨੇ ਤਣਾਅ ਵਿਚਕਾਰ ਕੱਲ੍ਹ ਹੋਏ 74 ਕਿਲੋ ਵਰਗ ਦੇ ਟਰਾਇਲ ਵਿੱਚ ਜਤਿੰਦਰ ਕੁਮਾਰ ਨੂੰ 4-2 ਨਾਲ ਹਰਾ ਕੇ ਵਿਸ਼ਵ ਚੈਂਪੀਅਨਸ਼ਿਪ ਲਈ ਭਾਰਤੀ ਟੀਮ ਵਿੱਚ ਜਗ੍ਹਾ ਬਣਾਈ ਹੈ। ਦੋਵਾਂ ਪਹਿਲਵਾਨਾਂ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਫਾਈਨਲ ਵਿੱਚ ਇਕ ਦੂਜੇ ਉੱਤੇ ਹਾਵੀ ਹੋਣ ਦੀ ਕੋਸ਼ਿਸ਼ ਕੀਤੀ।

ਇਹ ਮੁਕਾਬਲਾ ਦੇਖਣ ਲਈ ਸਟੇਡੀਅਮ ਵਿੱਚ ਲਗਭਗ 1500 ਦਰਸ਼ਕ ਮੌਜੂਦ ਸਨ। ਸੁਸ਼ੀਲ ਨੇ ਪਹਿਲੇ ਰਾਊਂਡ ਵਿੱਚ 4-0 ਦੀ ਬੜ੍ਹਤ ਬਣਾਈ ਅਤੇ ਦੂਸਰੇ ਰਾਊਂਡ ਵਿੱਚ ਜਤਿੰਦਰ ਦੀ ਅੱਖ ਉਤੇ ਸੱਟ ਲੱਗ ਗਈ। ਲਗਭਗ ਇਕ ਸਾਲ ਬਾਅਦ ਮੈਟ ਉੱਤੇ ਪਰਤੇ ਸੁਸ਼ੀਲ ਨੇ ਤੁਰੰਤ ਇਸ ਲਈ ਮੁਆਫੀ ਮੰਗੀ। ਇਸ ਤੋਂ ਬਾਅਦ ਸੁਸ਼ੀਲ ਦੇ ਇਕ ਹੋਰ ਜ਼ੋਰਦਾਰ ਹਮਲੇ ਕਾਰਨ ਜਤਿੰਦਰ ਦੀ ਬਾਂਹ ਉਤੇ ਸੱਟ ਲੱਗ ਗਈ। ਇਸ ਦੇ ਬਾਵਜੂਦ ਜਤਿੰਦਰ ਨੇ ਹਾਰ ਨਹੀਂ ਮੰਨੀ। ਫਿਰ ਸੁਸ਼ੀਲ ਨੂੰ ਦੋ ਵਾਰ ਮੈਡੀਕਲ ਬ੍ਰੇਕ ਲੈਣੀ ਪਈ। ਜਤਿੰਦਰ ਨੇ ਦੋ ਪੁਸ਼ਆਊਟ ਨੰਬਰ ਲੈ ਕੇ ਹਾਰ ਦਾ ਅੰਤਰ ਘੱਟ ਕੀਤਾ। ਜਤਿੰਦਰ ਦੇ ਕੋਚ ਨੇ ਸੁਸ਼ੀਲ 'ਤੇ ਇਮਾਨਦਾਰੀ ਨਾਲ ਮੁਕਾਬਲਾ ਨਾ ਲੜਨ ਦਾ ਦੋਸ਼ ਲਾਇਆ। ਉਸ ਨੇ ਕਿਹਾ ਕਿ ਰੈਫਰੀ ਵੀ ਉਸ ਦੇ ਨਾਲ ਸੀ। ਸੁਸ਼ੀਲ ਨੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਮੈਂ ਜਾਣਬੁੱਝ ਕੇ ਇਸ ਤਰ੍ਹਾਂ ਨਹੀਂ ਕੀਤਾ। ਭਾਰਤੀ ਕੁਸ਼ਤੀ ਮਹਾਸੰਘ ਦੇ ਮੁਖੀ ਬ੍ਰਜਭੂਸ਼ਣ ਸ਼ਰਨ ਸਿੰਘ ਨੇ ਵੀ ਸੁਸ਼ੀਲ ਦਾ ਸਮਰਥਨ ਕੀਤਾ।

# ਦੁਨੀਆ ਦੇ ਸਭ ਤੋਂ ਖਤਰਨਾਕ ਜੀਵ ਹਨ ਮੱਛਰ

ਰੋਮ, 21 ਅਗਸਤ (ਪੋਸਟ ਬਿਊਰੋ)- ਦੁਨੀਆ ਦਾ ਸਭ ਤੋਂ ਖਤਰਨਾਕ ਜੀਵ ਮੱਛਰ ਹੈ, ਕਿਉਂਕਿ ਪੂਰੀ ਦੁਨੀਆ ਵਿੱਚ ਸਭ ਤੋਂ ਛੋਟਾ ਜੀਵ ਹੁੰਦੇ ਹੋਏ ਵੀ ਮੱਛਰ ਸੱਤ ਸਾਲਾਂ ਵਿੱਚ 4,35,000 ਲੋਕਾਂ ਦੀ ਮੌਤ ਦਾ ਕਾਰਨ ਬਣੇ, ਜਦ ਕਿ ਇਸ ਦੇ ਮੁਕਾਬਲੇ ਵਿੱਚ ਜ਼ਹਿਰੀਲੇ ਸੱਪ 50,000 ਤੇ ਕੁੱਤੇ 25,000 ਲੋਕਾਂ ਦੀ ਜਾਨ ਲੈਣ ਦਾ ਕਾਰਨ ਬਣੇ।

20 ਅਗਸਤ 1897 ਨੂੰ ਮਲੇਰੀਆ ਦੀ ਬਿਮਾਰੀ ਨੂੰ ਫੈਲਾਉਣ ਵਾਲੇ ਮਾਦਾ ਮੱਛਰ ਪਲਾਜ਼ ਮੋਡੀਅਮ ਪਰਜੀਵੀ ਦਾ ਪਤਾ ਲਾਉਣ ਵਾਲੇ ਵਿਗਿਆਨੀ ਸਰ ਡੋਨਾਲਡੋ ਰੋਸ ਨੂੰ ਕਾਫੀ ਮਿਹਨਤ ਦੇ ਬਾਅਦ ਮਲੇਰੀਆ ਵਰਗੀ ਬਿਮਾਰੀ ਦਾ ਹੱਲ ਮਿਲਿਆ ਸੀ। ਇਸ ਲਈ ਦੁਨੀਆ ਦੀਆਂ ਸਾਰੀਆਂ ਮਲੇਰੀਆ ਰੋਗ ਸੰਸਥਾਵਾਂ ਅਤੇ ਐਨ ਜੀ ਓਜ਼ ਵੱਲੋਂ 20 ਅਗਸਤ ਨੂੰ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ 2017 ਵਿੱਚ 87 ਦੇਸ਼ਾਂ ਵਿੱਚ ਮਲੇਰੀਆ ਦੇ 21,90,00,000 ਕੇਸ ਸਾਹਮਣੇ ਆਏ, ਜਦ ਕਿ 4,35,000 ਲੋਕਾਂ ਦੀ ਮੌਤ ਹੋ ਗਈ।




Marriage

Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ।
ਸੰਪਰਕ ਕਰੋ: 416-358-9294 I 204-510-1423

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟ੍ਹਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 I +91-98142-02918 (Whatsapp)

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 I 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ੍ਰ, ਉਮਰ 36 ਸਾਲ, 5'-7", Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ।
ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

## ਲੜਕੇ ਦੀ ਲੋੜ

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3", ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**ਫੋਨਾਂ ਦੇ ਸਸਤੇ ਪਲਾਨ** ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਅਜੇ ਬਹੁਤ ਅੱਗੇ ਜਾਣਾ ਹੈ : ਕੀਰਤੀ ਕੁਲਹਾਰੀ



ਆਪਣੇ ਨੌਂ ਸਾਲ ਦੇ ਕਰੀਅਰ ਵਿੱਚ ਕੀਰਤੀ ਕੁਲਹਾਰੀ ਸਾਲਾਨਾ ਇੱਕ-ਦੋ ਫਿਲਮਾਂ ਦਿੰਦੀ ਆਈ ਹੈ। ਇਸ ਸਾਲ ਹਾਲੇ ਤੱਕ ਉਸ ਦੀਆਂ ਤਿੰਨ ਫਿਲਮਾਂ ਤੇ ਇੱਕ ਵੈੱਬ ਸੀਰੀਜ਼ ਰਿਲੀਜ਼ ਹੋ ਗਈਆਂ ਹਨ। ਅੱਗੇ ਵੀ ਉਸ ਦੇ ਕੁਝ ਵੈੱਬ ਸ਼ੋਅ ਆਉਣ ਵਾਲੇ ਹਨ। ਇਮਰਾਨ ਹਾਸ਼ਮੀ ਨਾਲ ਨੈੱਟਫਲਿਕਸ ਦੀ ਸੀਰੀਜ਼ 'ਬਾਰਡ ਆਫ ਬਲੱਡ' ਵਿੱਚ ਦਿਖਾਈ ਦੇਵੇਗੀ। ਪੇਸ਼ ਹਨ ਕੀਰਤੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਦੱਸਿਆ ਜਾਂਦਾ ਹੈ ਕਿ ਤੁਸੀਂ ਫਿਲਮਾਂ ਲਈ ਕਾਫੀ ਸਿਲੈਕਟਿਵ ਰਹਿੰਦੇ ਹੋ?

-ਹਾਂ, ਕਿਉਂਕਿ ਮੈ ਕਿਸੇ ਫਿਲਮ ਨੂੰ ਕਾਫੀ ਸੋਚਣ ਤੋਂ ਬਾਅਦ ਹਾਂ ਬੋਲਦੀ ਹਾਂ ਅਤੇ ਮੇਰੇ ਨਾਲ ਅਜਿਹਾ ਸ਼ੁਰੂ ਤੋਂ ਹੋ ਰਿਹਾ ਹੈ। ਸਫਲਤਾ ਮਿਲਣ ਤੋਂ ਬਾਅਦ ਵੀ ਮੈਂ ਹਮੇਸ਼ਾ ਕਾਫੀ ਸੋਚ ਸਮਝ ਕੇ ਫਿਲਮਾਂ ਚੁਣਦੀ ਹਾਂ। ਮੈਂ ਇੰਝ ਨਹੀਂ ਮੰਨਦੀ ਕਿ ਮੇਰਾ ਸਮਾਂ ਚੱਲ ਰਿਹਾ ਹੈ, ਤਾਂ ਹਰ ਪ੍ਰੋਜੈਕਟ ਨੂੰ ਹਾਂ ਕਰ ਦਿੱਤੀ ਜਾਵੇ।

* ਹਾਲੀਵੁੱਡ ਫਿਲਮ 'ਦਿ ਗਰਲ ਆਨ ਦਿ ਟ੍ਰੇਨ' ਦੀ ਹਿੰਦੀ ਰੀਮੇਕ ਬਾਰੇ ਕੀ ਕਹੋਗੇ?

- ਇਸ ਸਾਇਕੋਲਾਜੀਕਲ ਥ੍ਰਿਲਰ ਨੂੰ ਰਿਲਾਇੰਸ ਇੰਟਰਟੇਨਮੈਂਟ ਪ੍ਰੋਡਿਊਸ ਕਰੇਗਾ। ਫਿਲਮ ਦਾ ਨਾਂਅ ਅਜੇ ਤੈਅ ਨਹੀਂ ਕੀਤਾ ਗਿਆ। 'ਦਿ ਗਰਲ ਆਨ ਦਿ ਟ੍ਰੇਨ' ਦੀ ਕਹਾਣੀ ਪਾਉਲਾ ਹਾਕਿਨਸ ਲਿਖਤ ਇਸੇ ਨਾਂਅ ਦੇ ਨਾਵਲ ਦੀ ਕਹਾਣੀ ਤੇ 'ਤੇ ਆਧਾਰਤ ਹੈ।

* 'ਬਾਰਡ ਆਫ ਬਲੱਡ' ਦੇ ਇਲਾਵਾ ਹੋਰ ਕੀ ਕਰ ਰਹੇ ਹੋ?

- ਵੈੱਬ ਸ਼ੋਅ 'ਬਾਰਡ ਆਫ ਬਲੱਡ' 27 ਸਤੰਬਰ ਨੂੰ ਰਿਲੀਜ਼ ਹੋ ਰਹੀ ਹੈ। ਇਸ ਵਿੱਚ ਜੰਨਤ ਦੇ ਕਿਰਦਾਰ ਵਿੱਚ ਹਾਂ। ਇਸ ਵਿੱਚ ਦਰਸ਼ਕ ਮੈਨੂੰ ਇੱਕ ਨਵੇਂ ਰੂਪ ਵਿੱਚ ਦੇਖਣਗੇ।

* ਕਿਸੇ ਫਿਲਮ ਵਿੱਚ ਤੁਸੀਂ ਸਿੰਗਰ ਦੀ ਭੂਮਿਕਾ ਵੀ ਨਿਭਾ ਰਹੇ ਹੋ?

- ਹਾਂ, ਪਰ ਇਸ ਫਿਲਮ ਦਾ ਟਾਈਟਲ ਅਜੇ ਤੈਅ ਨਹੀਂ ਕੀਤਾ ਗਿਆ। ਮੈਂ ਇਸ ਵਿੱਚ ਬੈਂਡ ਦੀ ਮੁੱਖ ਗਾਇਕਾ ਸਾਸਾ ਦਾ ਕਿਰਦਾਰ ਨਿਭਾਉਣ ਵਾਲੀ ਹਾਂ। ਮੈਨੂੰ ਇਸ ਕਿਰਦਾਰ ਬਾਰੇ ਸਭ ਤੋਂ ਚੰਗੀ ਗੱਲ ਇਹ ਲੱਗੀ ਕਿ ਉਹ ਅਸਲ ਵਿੱਚ ਆਜ਼ਾਦ ਹੈ ਤੇ ਇਹ ਉਹ ਆਜ਼ਾਦੀ ਹੈ, ਜੋ ਅਸੀਂ ਸਾਰੇ ਚਾਹੁੰਦੇ ਹਾਂ, ਪਰ ਬਹੁਤ ਘੱਟ ਲੋਕ ਇਸ ਨੂੰ ਲੱਭ ਸਕਦੇ ਹਨ। ਇਸ ਫਿਲਮ ਦਾ ਨਿਰਦੇਸ਼ਨ ਰੂੰਗਟਾ ਅਤੇ ਸੰਜੇ ਸ਼ੈਟੀ ਦੀ ਨਿਰਮਾਣ ਕੰਪਨੀ ਦੇ ਬੈਨਰ ਹੇਠ ਕੀਤਾ ਜਾਵੇਗਾ।

* ਸਫਲਤਾ ਲਈ ਕਿਸ ਚੀਜ਼ ਦਾ ਹੋਣਾ ਜ਼ਰੂਰੀ ਮੰਨਦੇ ਹੋ?

- ਮੇਰਾ ਮੰਨਣਾ ਹੈ ਕਿ ਜੇ ਤੁਸੀਂ ਪ੍ਰਤਿਭਾਸ਼ਾਲੀ ਅਤੇ ਮਿਹਨਤੀ ਹੋ, ਤਾਂ ਤੁਸੀਂ ਹਮੇਸ਼ਾ ਸਫਲ ਹੋਵੋਗੇ। ਇਹ ਨਾ ਸਿਰਫ ਸਾਡੀ ਇੰਡਸਟਰੀ 'ਤੇ ਲਾਗੂ ਹੁੰਦਾ ਹੈ, ਸਗੋਂ ਇਹ ਹਰ ਜਗ੍ਹਾ ਹੈ। ਮੈਂ ਆਪਣੀ ਜ਼ਿੰਦਗੀ 'ਚ ਛੋਟੀਆਂ ਛੋਟੀਆਂ ਚੀਜ਼ਾਂ ਹਾਸਲ ਕਰਨ ਲਈ ਵਾਕਈ ਸਖਤ ਮਿਹਨਤ ਕੀਤੀ ਹੈ, ਪਰ ਅਜੇ ਲੰਬਾ ਸਫਰ ਤਹਿ ਕਰਨਾ ਅਤੇ ਬਹੁਤ ਅੱਗੇ ਜਾਣਾ ਹੈ। ਮੈਨੂੰ ਜਿਸ ਤਰ੍ਹਾਂ ਦੀਆਂ ਭੂਮਿਕਾਵਾਂ ਮਿਲ ਰਹੀਆਂ ਹਨ, ਉਸ ਤੋਂ ਮੈਂ ਸੰਤੁਸ਼ਟ ਹਾਂ। ਗੰਭੀਰ ਭੂਮਿਕਾਵਾਂ ਵਿੱਚ ਹੱਥ ਅਜ਼ਮਾ ਲੈਣ ਤੋਂ ਬਾਅਦ ਹਲਕੇ ਫੁਲਕੇ ਅੰਦਾਜ਼ ਵਾਲੀਆਂ ਫਿਲਮਾਂ ਕਰਨਾ ਚਾਹੁੰਦੀ ਹਾਂ।

* ਇਸ ਸਾਲ ਤੁਸੀਂ ਕਈ ਪ੍ਰੋਜੈਕਟਾਂ ਵਿੱਚ ਦਿਸ ਰਹੇ ਹੋ?

- ਮੈਂ ਜਿੰਦਾਂ ਦਾ ਕੰਮ ਕਰਨਾ ਚਾਹੁੰਦੀ ਸੀ, ਉਸ ਤਰ੍ਹਾਂ ਦਾ ਕੰਮ ਆਉਣ ਲੱਗਾ ਹੈ। ਇਹ ਸਿੱਧੀ ਗੱਲ ਹੈ ਕਿ ਜਦ ਤੁਹਾਡੀ ਕੋਈ ਚੀਜ਼ ਸਕਸੈਸਫੁਲ ਹੁੰਦੀ ਹੈ, ਤਦ ਹੋਰ ਜ਼ਿਆਦਾ ਕੰਮ ਮਿਲਣ ਲੱਗਦਾ ਹੈ। ਮੈਨੂੰ 10 ਚੀਜ਼ਾਂ ਮਿਲ ਰਹੀਆਂ ਹਨ। ਮੈਨੂੰ ਥੋੜ੍ਹਾ ਆਰਾਮ ਨਾਲ ਜ਼ਿੰਦਗੀ ਜੀਉਣ ਅਤੇ ਕੰਮ ਕਰਨ ਦੀ ਆਦਤ ਹੈ ਅਤੇ ਉਵੇਂ ਹੀ ਕੰਮ ਕਰ ਰਹੀ ਹਾਂ।

# ਥ੍ਰਿਲਰ ਹੋਵੇਗੀ ਕ੍ਰਿਤੀ ਸਨਨ ਦੀ ਅਗਲੀ ਫਿਲਮ



ਪਿੱਛੇ ਜਿਹੇ ਰਿਲੀਜ਼ ਹੋਈ ਫਿਲਮ 'ਅਰਜੁਨ ਪਟਿਆਲਾ' ਵਿੱਚ ਦਿਖਾਈ ਦਿੱਤੀ ਅਭਿਨੇਤਰੀ ਕ੍ਰਿਤੀ ਸਨਨ ਆਪਣੇ ਕਰੀਅਰ ਵਿੱਚ ਪਹਿਲੀ ਵਾਰ ਥ੍ਰਿਲਰ ਫਿਲਮ ਕਰਨ ਵਾਲੀ ਹੈ। ਇਸ ਫਿਲਮ ਵਿੱਚ ਕ੍ਰਿਤੀ ਇੱਕ ਆਰ ਜੇ ਦਾ ਕਿਰਦਾਰ ਨਿਭਾਏਗੀ, ਜਿਸ ਦੀ ਕਹਾਣੀ ਮੈਡੀਕਲ ਸਕੈਮ 'ਤੇ ਆਧਾਰਤ ਹੋਵੇਗੀ। ਇਸ ਬਾਰੇ ਉਸ ਨੇ ਦੱਸਿਆ, 'ਇਹ ਮੇਰੀ ਹਿੰਦੀ ਵਿੱਚ ਪਹਿਲੀ ਥ੍ਰਿਲਰ ਫਿਲਮ ਹੋਵੇਗੀ ਤੇ ਮੈਂ ਇਸ ਦੇ ਲਈ ਕਾਫੀ ਉਤਸ਼ਾਹਤ ਹਾਂ। ਮੈਂ ਇਸ ਤੋਂ ਪਹਿਲਾਂ ਤੇਲਗੂ ਫਿਲਮ ਵਿੱਚ ਇੱਕ ਥ੍ਰਿਲਰ ਫਿਲਮ ਕੀਤੀ ਸੀ ਅਤੇ ਮੈਨੂੰ ਥ੍ਰਿਲਰ ਪਸੰਦ ਹੈ।'' ਇਸ ਪ੍ਰੋਜੈਕਟ ਬਾਰੇ ਕ੍ਰਿਤੀ ਨੇ ਦੱਸਿਆ, ''ਇਸ ਫਿਲਮ ਦੇ ਜ਼ਰੀਏ ਅਸੀਂ ਦੇਸ਼ ਦੇ ਇੱਕ ਮਹੱਤਵ ਪੂਰਨ ਵਿਸ਼ੇ ਨੂੰ ਵੀ ਦਿਖਾਵਾਂਗੇ, ਜਿਸ ਦੇ ਬਾਰੇ ਅਸੀਂ ਜਲਦੀ ਹੀ ਗੱਲ ਕਰਾਂਗੇ। ਮੇਰੇ ਲਈ ਕਿਰਦਾਰ ਮਹੱਤਵ ਪੂਰਨ ਹੈ ਤੇ ਉਸ ਦੇ ਲਈ ਕਾਫੀ ਜ਼ਿਆਦਾ ਮਿਹਨਤ ਕਰਨੀ ਪਵੇਗੀ। ਉਂਝ ਮੈਂ ਫਿਲਮ ਦੇ ਵਿਸ਼ੇ ਤੋਂ ਬਹੁਤ ਪ੍ਰਭਾਵਤ ਹਾਂ।'' ਫਿਲਮ ਦੇ ਨਿਰਦੇਸ਼ਕ ਰਾਹੁਲ ਢੋਲਕੀਆ ਹਨ ਅਤੇ ਫਿਲਮ ਇਸੇ ਮਹੀਨੇ ਦੇ ਅਖੀਰਲੇ ਹਫਤੇ ਤੱਕ ਫਲੋਰ 'ਤੇ ਆ ਜਾਏਗੀ। ਉਂਝ ਕ੍ਰਿਤੀ ਸਨਨ ਆਸ਼ੂਤੋਸ਼ ਗੋਵਾਰੀਕਰ ਦੀ ਪੀਰੀਅਡ ਡਰਾਮਾ ਫਿਲਮ 'ਪਾਣੀਪਤ' ਵਿੱਚ ਵੀ ਨਜ਼ਰ ਆਏਗੀ।

# ਬੱਸ ਪ੍ਰਫਾਰਮ ਕਰਨਾ ਚਾਹੁੰਦੀ ਹਾਂ : ਮ੍ਰਿਣਾਲ



2008 ਵਿੱਚ ਹੋਏ ਆਪਰੇਸ਼ਨ ਬਾਟਲਾ ਹਾਊਸ ਤੋਂ ਪ੍ਰੇਰਿਤ ਫਿਲਮ 'ਬਾਟਲਾ ਹਾਊਸ' ਵਿੱਚ ਜਾਨ ਅਬਰਾਹਮ ਅਤੇ ਮ੍ਰਿਣਾਲ ਠਾਕੁਰ ਪ੍ਰਮੁੱਖ ਭੂਮਿਕਾਵਾਂ ਵਿੱਚ ਹਨ। ਮ੍ਰਿਣਾਲ ਦਾ ਕਹਿਣਾ ਹੈ ਕਿ ਡਿਫੈਂਸ ਪਰਵਾਰ ਤੋਂ ਹੋਣ ਕਾਰਨ ਉਸ ਨੂੰ ਇਸ ਫਿਲਮ ਨੂੰ ਕਰਨ ਦੀ ਵੱਖਰੀ ਖੁਸ਼ੀ ਹੈ। ਉਸ ਨੇ ਕਿਹਾ, 'ਬਾਟਲਾ ਹਾਊਸ' ਕਰਨ ਦਾ ਇੱਕੋ ਕਾਰਨ ਮੇਰਾ ਪਰਵਾਰਕ ਪਿਛੋਕੜ ਹੈ। ਜਦੋਂ ਇੱਕ ਪੁਲਸ ਅਧਿਕਾਰੀ ਆਪਣੇ ਫਰਜ਼ ਲਈ ਨਿਕਲਦਾ ਹੈ ਤਾਂ ਉਹ ਨਹੀਂ ਜਾਣਦਾ ਕਿ ਵਾਪਸ ਘਰ ਪਰਤੇਗਾ ਜਾਂ ਨਹੀਂ। ਇਸ ਤੋਂ ਇਲਾਵਾ ਜੋ ਭੂਮਿਕਾ ਮੈਂ ਨਿਭਾ ਰਹੀ ਹਾਂ, ਉਹ ਸਿਰਫ ਇੱਕ ਪਤਨੀ ਦੀ ਨਹੀਂ ਹੈ, ਇੱਕ ਪੱਤਰਕਾਰ ਦੀ ਵੀ ਹੈ, ਜਿਸ ਨੇ ਮੈਨੂੰ ਇਸ ਭੂਮਿਕਾ ਵੱਲ ਜ਼ਿਆਦਾ ਆਕਰਸ਼ਿਤ ਕੀਤਾ ਹੈ।

ਪਿਛਲੇ ਸਾਲ ਫਿਲਮ 'ਲਵ ਸੋਨੀਆ' ਨਾਲ ਬਾਲੀਵੁੱਡ ਵਿੱਚ ਡੈਬਿਊ ਕਰਨ ਵਾਲੀ ਮ੍ਰਿਣਾਲ ਪਿਛਲੇ ਦਿਨੀਂ ਰਿਤਿਕ ਰੋਸ਼ਨ ਨਾਲ ਫਿਲਮ 'ਸੁਪਰ 30' ਵਿੱਚ ਵੀ ਨਜ਼ਰ ਆਈ ਸੀ। ਉਸ ਦਾ ਕਹਿਣਾ ਹੈ ਕਿ ਲੋਕ ਉਸ ਨੂੰ ਸਲਾਹ ਦਿੰਦੇ ਹਨ ਕਿ ਉਸ ਨੂੰ ਆਮ ਤਰ੍ਹਾਂ ਦੀਆਂ ਫਿਲਮਾਂ ਕਰਨ 'ਤੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਉਸ ਨੇ ਕਿਹਾ, 'ਇੱਕ ਐਕਟ੍ਰੈੱਸ ਦੇ ਰੂਪ ਵਿੱਚ ਬੱਸ ਪ੍ਰਫਾਰਮ ਕਰਨਾ ਚਾਹੁੰਦੀ ਹਾਂ। ਕਈ ਲੋਕਾਂ ਨੇ ਮੈਨੂੰ ਕਿਹਾ ਕਿ ਕੀ ਮੈਂ ਪਾਗਲ ਹਾਂ, ਜੋ 'ਲਵ ਸੋਨੀਆ' ਵਰਗੀ ਫਿਲਮ ਨਾਲ ਡੈਬਿਊ ਕਰ ਰਹੀ ਹਾਂ। ਮੈਨੂੰ ਕੋਈ ਹਲਕੀ ਫੁਲਕੀ ਰੋਮਾਂਟਿਕ ਅਤੇ ਗਲੈਮਰਸ ਰੋਲ ਵਾਲੀ ਫਿਲਮ ਕਰਨ ਨੂੰ ਕਿਹਾ ਗਿਆ, ਪਰ ਮੈਨੂੰ ਲੱਗਦਾ ਹੈ ਕਿ ਅੱਜ ਦੇ ਦਰਸ਼ਕ ਸਮਾਰਟ ਹਨ। ਅਸੀਂ ਉਨ੍ਹਾਂ ਨੂੰ ਬਸ ਗਲੈਮਰਸ ਦਿਖਾ ਕੇ ਆਕਰਸ਼ਿਤ ਨਹੀਂ ਕਰ ਸਕਦੇ। ਸਾਨੂੰ ਚੰਗਾ ਪ੍ਰਦਰਸ਼ਨ ਕਰ ਕੇ ਸੰਤੁਸ਼ਟ ਕਰਨਾ ਚਾਹੀਦਾ ਹੈ।'' ਉਸ ਦੇ ਅਨੁਸਾਰ 'ਲਵ ਸੋਨੀਆ' ਵੱਖਰੀ ਤਰ੍ਹਾਂ ਦੀ ਫਿਲਮ ਸੀ, ਪਰ ਉਸ ਨੇ ਉਸ ਨੂੰ ਇੰਡਸਟਰੀ ਵਿੱਚ ਪਛਾਣ ਦਿੱਤੀ ਤੇ ਇਸੇ ਦੀ ਬਦੌਲਤ ਉਸ ਨੂੰ 'ਸੁਪਰ 30' ਅਤੇ 'ਬਾਟਲਾ ਹਾਊਸ' ਵਰਗੀਆਂ ਫਿਲਮਾਂ ਵਿੱਚ ਮਿਲੀਆਂ ਹਨ।

**Barber ਦੀ ਲੋੜ For Men Haircut**

Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
**CLASSIFIEDS**
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
**ਮਾਰਖਮ ਵਿੱਚ ਮਕੈਨਿਕ ਦੀ ਲੋੜ**
- Full Time Heavy Equipment Mechanic (310T Preferred)
- Exp. with CAT equipment & Mack Trucks
- Company truck supplied

ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

**ਦੇਖੋ ਮਾਲਿਸ਼ ਦਾ ਕਮਾਲ**
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

**ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ**
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1
**Security Jobs - Security Guard Training - Licensing**
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
**NOW HIRING**
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

OFFICE OF THE REGISTRAR,
UNLAWFUL ACTIVITIES (PREVENTION) TRIBUNAL,
ROOM NO. 104, FIRST FLOOR, BLOCK 'A',
DELHI HIGH COURT, NEW DELHI – 110503

RE: **Notification No. S.O. 2469(E) dated 10th July, 2019, issued by the Central Government, under sub-Section (1) and (3) of Section 3 of the Unlawful Activities (Prevention) Act, 1967, declaring the Sikhs For Justice (SFJ) as an Unlawful Association.**

To,

**Sikhs For Justice,**
having its office at
250 University Avenue,
Suite 200, Toronto, ON M5H 3ES

WHEREAS the Central Government in exercise of the powers conferred by sub-sections (1) and (3) of Section 3 of the Unlawful Activities (Prevention) Act, 1967 (37 of 1967) (hereinafter referred to as "the Act") has declared Sikhs For Justice (for short 'SFJ') to be an "Unlawful Association" vide Notification No. S.O. 2469(E) dated 10th July, 2019 [published in the Gazette of India: Extraordinary Part II, Section 3 (ii)].

AND WHEREAS by Gazette Notification No. S.O. 2856(E) dated 7th August, 2019 [published in the Gazette of India: Extraordinary Part II, Section 3 (ii)], in exercise of powers under sub-section (1) of Section 5 of the Act, the Central Government has constituted a Tribunal comprising Hon'ble Mr. Justice D. N. Patel, Chief Justice, High Court of Delhi, for adjudicating as to whether there is sufficient cause for declaring Sikhs For Justice ('SFJ') as an "Unlawful Association" as required by sub-section (1) of Section 4 of the said Act.

NOW THEREFORE, a notice is hereby given under sub-section (2) of Section 4 of the Act and you are hereby called upon to show cause, within 30 days from the date of service of notice, as to why your Association, declared as unlawful, be not adjudicated to be so and why an order confirming such declaration be not made under Section 4(3) of the Act.

Page 1 of 2

The objections/reply affidavits, if any, may be filed/delivered, before the next date of hearing of the Tribunal, to the undersigned at his office in Room No. 104, First Floor, 'A' Block, Delhi High Court, Sher Shah Road, New Delhi-110503. In case the objections/reply and the documents are in regional language, true English Translation thereof be also attached.

You may appear through a duly authorized person before the Tribunal on 20.09.2019 at 9:30 a.m. in Court Room No. 01, "A" Block, Second Floor, Delhi High Court, Sher Shah Road, New Delhi-110503 for further proceedings.

Given under my hand and the seal of the Unlawful Activities (Prevention) Tribunal, High Court of Delhi, New Delhi this the 13th August, 2019.

(Lorren Bamniyal)
Registrar
Unlawful Activities (Prevention) Tribunal

REGISTRAR
Unlawful Activities (Prevention) Tribunal
Delhi High Court Building
Sher Shah Road, New Delhi


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE





ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-
Karnail Singh



416.670.3173 | 905.799.7333
27 Edvac Dr, Brampton, ON L6S 5X8


# ਰੀਤੀ ਰਿਵਾਜ ਬਨਾਮ ਫੋਕੀ ਸ਼ੋਹਰਤ

-ਹਰਦੀਪ ਸਿੰਘ ਝੱਜ-

ਖੁਸ਼ੀ ਅਤੇ ਗਮ ਜ਼ਿੰਦਗੀ ਦਾ ਅਟੁੱਟ ਅੰਗ ਹਨ। ਇਹ ਦੋਵੇਂ ਮੌਕੇ ਵਾਰ-ਵਾਰ ਆਉਂਦੇ ਰਹਿੰਦੇ ਹਨ। ਸਮਾਜ ਵਿੱਚ ਵਿਚਰਦਿਆਂ ਖੁਸ਼ੀਆਂ ਗਮੀਆਂ ਦੇ ਮੌਕਿਆਂ ਨੂੰ ਸੰਪੂਰਨ ਕਰਨ ਲਈ ਕਈ ਰਸਮਾਂ ਅਦਾ ਕਰਨੀਆਂ ਪੈਂਦੀਆਂ ਹਨ। ਪੁਰਾਣੇ ਸਮੇਂ ਤੋਂ ਲੈ ਕੇ ਅੱਜ ਤੱਕ ਲੋਕ ਇਨ੍ਹਾਂ ਰਸਮਾਂ ਨੂੰ ਨਿਭਾ ਰਹੇ ਹਨ। ਇਹ ਰੀਤੀ ਰਿਵਾਜ, ਰਸਮਾਂ ਸਾਡੀ ਵਿਰਾਸਤ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਚੱਲ ਰਹੀਆਂ ਹਨ। ਭਾਵੇਂ ਅੱਜ ਇਹ ਉਹੀ ਹਨ, ਪਰ ਸਮੇਂ ਦੇ ਬਦਲਣ ਨਾਲ ਆਰਥਿਕ ਸਥਿਤੀ ਵਿੱਚ ਪਰਿਵਰਤਨ ਆਉਣ ਨਾਲ ਇਨ੍ਹਾਂ ਰੀਤੀ ਰਿਵਾਜਾਂ ਦੀ ਦਿੱਖ ਜਾਂ ਰੂਪ ਜ਼ਰੂਰ ਬਦਲ ਗਿਆ ਹੈ।

ਗੱਲ ਵਿਆਹ ਤੋਂ ਸ਼ੁਰੂ ਕਰੀਏ ਤਾਂ ਇਹ ਸਮਾਜ ਦੀ ਅਹਿਮ ਰਸਮ ਹੈ, ਪਰ ਅੱਜ ਇਸ ਦੇ ਅਰਥ ਬਿਲਕੁਲ ਬਦਲ ਚੁੱਕੇ ਹਨ। ਆਰਥਿਕ ਹਾਲਤਾਂ ਵਿੱਚ ਪਰਿਵਰਤਨ ਅਤੇ ਸਿੱਖਿਆ ਦੇ ਪਸਾਰ ਕਾਰਨ ਸੋਚ 'ਚ ਬਹੁਤ ਤਬਦੀਲੀ ਆਈ ਹੈ। ਰਹਿਣ ਸਹਿਣ ਤੇ ਖਾਣ ਪਹਿਨਣ ਦੇ ਢੰਗ ਬਦਲ ਚੁੱਕੇ ਹਨ। ਵਿਆਹ ਪ੍ਰਤੀ ਦਿਨ ਮਹਿੰਗੇ ਹੋ ਰਹੇ ਹਨ। ਇਕ ਰਿਵਾਜ ਤੋਂ ਜ਼ਿਆਦਾ ਇਹ ਵਿਆਹ ਦਿਖਾਵੇ ਦੀ ਵਸਤੂ ਬਣ ਗਏ ਹਨ। ਅੱਜ ਓਨਾ ਖਰਚ ਵਿਆਹ ਤੋਂ ਪਹਿਲਾਂ ਹੋਣ ਵਾਲੇ ਸਮਾਰੋਹਾਂ 'ਤੇ ਆਉਂਦਾ ਹੈ, ਜਿੰਨਾ ਵਿਆਹ ਸਮੇਂ। ਅੱਜ ਜ਼ਿਆਦਾ ਖਰਚ ਕਰਨ ਨੂੰ ਸ਼ਾਨ ਸਮਝਿਆ ਜਾਣ ਲੱਗਾ ਹੈ।

ਦਿਖਾਵਾ ਇੰਨਾ ਭਾਰੂ ਹੋ ਗਿਆ ਹੈ ਕਿ ਲੋਕ ਆਪਣੀ ਆਮਦਨ ਤੋਂ ਬਾਹਰ ਹੋ ਕੇ ਖਰਚ ਕਰਦੇ ਹਨ। ਦਾਜ ਦੇਣਾ ਜਾਂ ਲੈਣਾ ਸ਼ਾਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਸਭ ਦਿਖਾਵੇ ਤੋਂ ਬਿਨਾਂ ਕੁਝ ਨਹੀਂ। ਦਿਖਾਵੇ ਦੇ ਦੌਰ 'ਚ ਸਕੂਨ ਘੱਟ ਅਤੇ ਸਿਰਦਰਦੀ ਜ਼ਿਆਦਾ ਵਧੀ ਹੈ। ਵਿਆਹ ਤੋਂ ਬਾਅਦ ਹੁੰਦੀਆਂ ਰਸਮਾਂ ਬੇਹੱਦ ਖਰਚੀਲੀਆਂ ਹੋ ਗਈਆਂ ਹਨ। ਮਿਲਣੀਆਂ, ਤੀਆਂ, ਕਰਵਾ ਚੌਥ, ਲੋਹੜੀ ਅਤੇ ਦੀਵਾਲੀ ਆਦਿ ਦੇ ਸੰਧਾਰੇ ਬੇਮੁਹਾਰੇ ਖਰਚ ਦੇ ਸਾਧਨ ਬਣ ਚੁੱਕੇ ਹਨ। ਅੱਜ ਇਨ੍ਹਾਂ ਰਿਵਾਜਾਂ ਦੀ ਆੜ 'ਚ ਦੇਖੋ ਦੇਖੀ ਖਰਚ ਕੀਤਾ ਜਾਂਦਾ ਹੈ। ਨੱਕ ਰੱਖਣ ਲਈ ਜਾਂ ਆਪਣੇ ਆਪ ਨੂੰ ਵੱਡਾ ਅਖਵਾਉਣ ਲਈ ਕੱਪੜਿਆਂ, ਗਹਿਣਿਆਂ ਅਤੇ ਹੋਰ ਵਸਤਾਂ 'ਤੇ ਖਰਚ ਕਰਨਾ ਜ਼ਰੂਰੀ ਸਮਝਿਆ ਜਾਣ ਲੱਗਾ ਹੈ। ਜਿੰਨਾ ਵੱਧ ਖਰਚ, ਓਨੀ ਹੀ ਵਡਿਆਈ, ਅੱਜ ਇਹ ਧਾਰਨਾ ਪ੍ਰਫੁੱਲਤ ਹੋ ਰਹੀ ਹੈ।

ਇਸ ਫੋਕੀ ਸ਼ੋਹਰਤ ਅਤੇ ਸ਼ੋਸ਼ੇਬਾਜ਼ੀ ਦੀ ਲਪੇਟ ਵਿੱਚ ਸਾਡੇ ਗਮੀ ਦੇ ਸੰਸਕਾਰ ਵੀ ਆ ਚੁੱਕੇ ਹਨ। ਇਕ ਦੂਜੇ ਦੀ ਰੀਸ ਤੇ ਵਿਖਾਵੇਬਾਜ਼ੀ ਕਰਨ ਮਰਗਤ ਦੇ ਭੋਗਾਂ 'ਤੇ ਵੀ ਇੰਨਾ ਖਰਚ ਕੀਤਾ ਜਾਂਦਾ ਹੈ, ਜਿਸ ਨਾਲ ਬਹੁਤ ਕੁਝ ਉਸਾਰੂ ਹੋ ਸਕਦਾ ਹੈ। ਜਿਉਂਦੇ ਬਜ਼ੁਰਗਾਂ ਨੂੰ ਕਦੇ ਫੋਕਾ ਪਾਣੀ ਨੀਂ ਪੁੱਛਿਆ ਹੁੰਦਾ, ਪਰ ਭੋਗਾਂ 'ਤੇ ਤਰ੍ਹਾਂ-ਤਰ੍ਹਾਂ ਦੇ ਖਾਣਿਆਂ ਦਾ ਪ੍ਰਬੰਧ ਹੁੰਦਾ ਹੈ। ਫੋਕੀ ਪੈਂਠ ਸਥਾਪਤ ਕਰਨ ਲਈ ਅੱਜ ਕੱਲ੍ਹ ਸਿਆਸੀ ਨੇਤਾਵਾਂ ਨੂੰ ਸੱਦਣਾ ਵੀ ਰੁਤਬੇ ਦਾ ਪ੍ਰਤੀਕ ਬਣ ਗਿਆ ਹੈ। ਦਾਹ ਸਸਕਾਰ ਤੋਂ ਲੈ ਕੇ ਭੋਗ ਤੱਕ ਕਈ ਰਸਮਾਂ ਹੁੰਦੀਆਂ ਹਨ। ਲੋਕ ਵੱਖ-ਵੱਖ ਵਾਹਨਾਂ 'ਚ ਸਵਾਰ ਹੋ ਕੇ ਇਨ੍ਹਾਂ ਰਸਮਾਂ ਨੂੰ ਨਿਭਾਉਣ ਜਾਂਦੇ ਹਨ। ਜਿਥੇ ਚਾਰ ਬੰਦਿਆਂ ਨਾਲ ਸਰ ਸਕਦੈ, ਉਥੇ ਦਸ ਬੰਦੇ ਆਪਣਾ ਕੰਮ ਛੱਡਦੇ ਹਨ। ਇਸ ਸਭ 'ਚ ਜਿਥੇ ਸਮੇਂ ਤੇ ਪੈਸੇ ਦੀ ਬਰਬਾਦੀ ਹੁੰਦੀ ਹੈ, ਉਥੇ ਸੜਕਾਂ 'ਤੇ ਵੀ ਭੀੜ ਵਧਦੀ ਹੈ, ਜਿਸ ਨਾਲ ਹਾਦਸੇ ਵਾਪਰਦੇ ਹਨ।

ਇਕ ਨਵਾਂ ਰਿਵਾਜ ਪੈਦਾ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਸੇਵਾਮੁਕਤੀ ਸਮੇਂ ਵੱਡੇ ਪੱਧਰ 'ਤੇ ਸਮਾਗਮ ਕੀਤੇ ਜਾਣ ਲੱਗੇ ਹਨ। ਸੇਵਾਮੁਕਤੀ ਦੇ ਸਮਾਰੋਹ ਆਮ ਤੌਰ 'ਤੇ ਹੋਟਲਾਂ ਅਤੇ ਮੈਰਿਜ ਪੈਲੇਸਾਂ 'ਚ ਹੁੰਦੇ ਹਨ, ਇਹ ਕਿਸੇ ਚੰਗੇ ਵਿਆਹ ਤੋਂ ਘੱਟ ਨਹੀਂ ਲੱਗਦੇ। ਮਿੱਤਰਾਂ ਤੇ ਰਿਸ਼ਤੇਦਾਰਾਂ ਵੱਲੋਂ ਖੂਬ ਤੋਹਫੇਬਾਜ਼ੀ ਹੁੰਦੀ ਹੈ। ਸ਼ਰਾਬ ਕਬਾਬ ਦੇ ਨਾਲ-ਨਾਲ ਗਾਉਣ ਵਜਾਉਣ ਦਾ ਪ੍ਰਬੰਧ ਵੀ ਉਚੇਚੇ ਤੌਰ 'ਤੇ ਹੁੰਦਾ ਹੈ।

ਇਹ ਰਸਮਾਂ ਰਿਵਾਜ ਗੈਰ ਜ਼ਰੂਰੀ ਚਿੰਤਾਵਾਂ ਦਾ ਕਾਰਨ ਬਣ ਰਹੇ ਹਨ ਅਤੇ ਬੇਲੋੜੇ ਦਿਖਾਵੇ ਦੀ ਭੇਟ ਚੜ੍ਹ ਰਹੇ ਹਨ। ਨਾਲ ਇਹ ਵੀ ਵੇਖਣ 'ਚ ਆ ਰਿਹਾ ਹੈ ਕਿ ਜਿੰਨਾ ਵਧੇਰੇ ਪੈਸਾ ਜ਼ਿੰਦਗੀ ਉੱਤੇ ਭਾਰੂ ਹੋ ਰਿਹਾ ਹੈ, ਓਨਾ ਹੀ ਸਮਾਜ ਦਿਨ ਪ੍ਰਤੀ ਦਿਨ ਤਿੜਕ ਰਿਹਾ ਹੈ। ਅੱਜ ਤਲਾਕ ਦੇ ਕੇਸ, ਘਰੇਲੂ ਉਲਝਣਾਂ ਤੇ ਘਰੇਲੂ ਹਿੰਸਾ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਵਿਆਹ ਸਮੇਂ ਪੈਸੇ ਦੇ ਵਿਖਾਵੇ ਦੀ ਆੜ 'ਚ ਵਿਚਾਰਾਂ ਦਾ ਮੇਲ ਜ਼ਰੂਰੀ ਨਾ ਮੰਨ ਕੇ ਪਹਿਲ ਨਹੀਂ ਦਿੱਤੀ ਜਾਂਦੀ। ਲੋਕ ਪੈਸੇ ਅਤੇ ਸੁੱਖ ਸਹੂਲਤਾਂ ਪੱਖੋਂ ਆਧੁਨਿਕ ਹੋ ਗਏ ਹਨ, ਪਰ ਸੌੜੀ ਮਾਨਸਿਕਤਾ ਤੋਂ ਮੁਕਤ ਨਹੀਂ ਹੋ ਸਕੇ। ਇਸ ਕਰਕੇ ਅੱਜ ਵੀ ਕਈ ਪਰਵਾਰਾਂ 'ਚ ਪੜ੍ਹਾਈ 'ਤੇ ਪੈਸੇ ਖਰਚਣ ਨਾਲੋਂ ਵਿਆਹ ਉਤੇ ਵਧੇਰੇ ਪੈਸਾ ਖਰਚਣ ਦੀ ਸੋਚ ਭਾਰੂ ਹੈ।

ਸਮਾਗਮਾਂ 'ਤੇ ਖਰਚ ਕੀਤਾ ਜਾਣ ਵਾਲਾ ਪੈਸਾ ਜੇ ਅੱਧਾ ਵੀ ਧੀ ਪੁੱਤਾਂ ਦੀ ਸਿੱਖਿਆ 'ਤੇ ਖਰਚ ਕਰ ਦਿੱਤਾ ਜਾਵੇ ਤਾਂ ਉਹ ਸਵੈ ਵਿਸ਼ਵਾਸ ਅਤੇ ਆਪਣੇ ਬਲਬੂਤੇ ਘੱਟੋ-ਘੱਟ ਜ਼ਮਾਨੇ ਨਾਲ ਤਾਂ ਚੱਲ ਸਕਣਗੇ। ਉਚੀ ਸੋਚ ਨਾਲ ਸਮਾਜ 'ਚ ਵੀ ਉਸਾਰੂ ਯੋਗਦਾਨ ਪਾ ਸਕਣਗੇ। ਇਸ ਨਾਲ ਪਿੱਤਰਸੱਤਾ, ਭਰੂਣ ਹੱਤਿਆ ਤੇ ਦਾਜ ਕਾਰਨ ਹੱਤਿਆਵਾਂ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਠੱਲ੍ਹ ਪਵੇਗੀ। ਵਿਆਹ ਸਮੇਂ ਹੁੰਦੇ ਦਿਖਾਵੇ, ਫੋਕੀ ਸ਼ੋਸ਼ੇਬਾਜ਼ੀ ਤੋਂ ਮੁਕਤੀ ਲਈ ਅਜੋਕਾ ਪੜ੍ਹਿਆ ਲਿਖਿਆ ਨੌਜਵਾਨ ਵਰਗ ਸਾਰਥਕ ਭੂਮਿਕਾ ਨਿਭਾ ਸਕਦਾ ਹੈ ਬਸ਼ਰਤੇ ਕਿ ਇਹ ਵਰਗ ਉਚੀ ਸੋਚ ਅਤੇ ਵਿਚਾਰਾਂ ਦਾ ਹਾਣੀ ਹੋਵੇ।

ਅੰਤ 'ਚ ਇਹੀ ਆਖਿਆ ਜਾ ਸਕਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆ ਰਹੀਆਂ ਰੀਤਾਂ ਰਸਮਾਂ ਨੂੰ ਵਿਖਾਵੇ ਦੀ ਭੇਟ ਚੜ੍ਹਾਉਣ ਵਾਲਾ ਸਾਡਾ ਸਮਾਜ ਹੀ ਹੈ ਅਤੇ ਨਵੀਆਂ ਰੀਤੀ ਰਸਮਾਂ, ਰਿਵਾਜਾਂ ਦੀ ਸ਼ੁਰੂਆਤ ਕਰਨ ਵਾਲਾ ਵੀ ਸਮਾਜ ਹੀ ਹੈ, ਪਰ ਅੱਜ ਇਸ ਦਿਖਾਵੇ, ਸ਼ੋਸ਼ੇਬਾਜ਼ੀ ਅਤੇ ਅਖੌਤੀ ਸ਼ੋਹਰਤ ਤੋਂ ਨਿਜਾਤ ਪਾਉਣ ਦੀ ਜ਼ਰੂਰਤ ਵੀ ਇਸ ਸਮਾਜ ਨੂੰ ਹੀ ਹੈ। ਅੱਜ ਹਰ ਇਕ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਰੀਤੀ ਰਿਵਾਜਾਂ, ਸੰਸਕਾਰਾਂ, ਰਸਮਾਂ ਉਤੇ ਨਿਯੰਤਰਣ ਪਾਉਣ ਲਈ ਬਣਦਾ ਯੋਗਦਾਨ ਪਾਵੇ।

# ਬਿਊਟੀ ਟਿਪਸ


ਵਾਲਾਂ ਦੇ ਰੁੱਖੇਪਣ ਤੋਂ ਛੁਟਕਾਰਾ ਪਾਉਣ ਲਈ ਘਰ ਵਿੱਚ ਬਣੀਆਂ ਕੁਝ ਚੀਜ਼ਾਂ ਦਾ ਇਸਤੇਮਾਲ ਕਰਨ ਨਾਲ ਫਾਇਦਾ ਮਿਲਦਾ ਹੈ।

* ਖੂਬਸੂਰਤ ਵਾਲਾਂ ਦੇ ਲਈ ਦੋ ਚਮਚ ਆਲਿਵ ਆਇਲ ਵਿੱਚ ਅੱਧੀ ਕਟੋਰੀ ਦਹੀਂ ਮਿਲਾ ਕੇ ਵਾਲਾਂ ਵਿੱਚ ਲਗਾਓ ਅਤੇ ਅੱਧੇ ਘੰਟੇ ਬਾਅਦ ਧੋ ਲਓ। ਹਫਤੇ ਵਿੱਚ ਦੋ ਵਾਰ ਅਜਿਹਾ ਕਰਨ ਨਾਲ ਵਾਲਾਂ ਦਾ ਰੁੱਖਾਪਣ ਦੂਰ ਹੋ ਜਾਂਦਾ ਹੈ।

* ਲੰਬੇ ਵਾਲਾਂ ਲਈ ਰਾਤ ਨੂੰ ਮੇਥੀ ਦਾਣਾ ਭਿਉਂ ਕੇ ਰੱਖੋ ਅਤੇ ਸਵੇਰੇ ਪੀਸ ਲਓ ਅਤੇ ਦਹੀਂ ਵਿੱਚ ਮਿਲਾ ਕੇ ਵਾਲਾਂ ਵਿੱਚ ਲਗਾਓ। ਹਫਤੇ ਵਿੱਚ ਦੋ ਵਾਰ ਇਸ ਦਾ ਇਸਤੇਮਾਲ ਕਰੋ। ਇਸ ਨਾਲ ਸਕੈਲਪ ਨੂੰ ਪੋਸ਼ਣ ਮਿਲੇਗਾ ਅਤੇ ਵਾਲਾਂ ਦੀ ਗ੍ਰੋਥ ਵਧੇਗੀ।

* ਵਾਲ ਬਹੁਤ ਜ਼ਿਆਦਾ ਪਤਲੇ ਤੇ ਬਰੀਕ ਹੋਣ ਤਾਂ ਕੈਸਟਰ ਆਇਲ ਤੇ ਨਾਰੀਅਲ ਤੇਲ ਨੂੰ ਮਿਲਾ ਕੇ ਚੰਗੀ ਤਰ੍ਹਾਂ ਮਸਾਜ ਕਰੋ। ਹਫਤੇ ਵਿੱਚ ਦੋ-ਤਿੰਨ ਵਾਰ ਇਸਤੇਮਾਲ ਕਰਨ ਨਾਲ ਵਾਲ ਮੋਟੇ ਤੇ ਸੰਘਣੇ ਹੋਣਗੇ। ਇਸ ਗੱਲ ਦਾ ਧਿਆਨ ਰੱਖੋ ਕਿ ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਵਾਲਾਂ ਨੂੰ ਕਿਸੇ ਦੁਪੱਟੇ ਜਾਂ ਛੱਤਰੀ ਨਾਲ ਕਵਰ ਕਰ ਲਓ ਤਾਂ ਕਿ ਅਲਟਰਾ ਵਾਇਲਟ ਕਿਰਨਾਂ ਇਨ੍ਹਾਂ ਨੂੰ ਨੁਕਸਾਨ ਨਾ ਪਹੁੰਚਾ ਸਕਣ।


Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS


Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

AZ ਡਰਾਇਵਰਾਂ ਦੀ ਲੋੜ ਹੈ
New Drivers are welcome
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ



ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

# NEED A LAWYER ??
# KAUR LAW OFFICE

Red Seal NOTARY



MANJEET KAUR
L.L.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
$1,279,900
**Mcvean / Castlemore**
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




“ ਆਉ ਗਰਮੀਆਂ ਨੂੰ ਮਜ਼ੇਦਾਰ ਬਣਾਈਏ ”
Use Promocode: PunjabiPost & get up to *15% off on Zip Line & Aerial Game Treks. *Conditions apply
TREETOPTREKKING.COM
6 locations in Ontario, Including Brampton.

ZIPLINE ADVENTURE PARK IN BRAMPTON!

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*

## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply

#1 Top Ranked Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 **(2009,2008) 2012,2011,2010) **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON
ਕੈਨੇਡੀ / ਡੋਗੱਲ
ਬਹੁਤ ਹੀ ਸੋਹਣਾ ਤੇ ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੂਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਟਿਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ ।

BRAMPTON
ਕੰਟਰੀਸਾਈਡ / ਮੇਅਫਿਲਡ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON
ਬੋਵੇਰਡ/ਚਿੰਗੂਜੀ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੈਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

CALEDON
ਸੈਂਟ ਏਡਰੀਊ/ ਹਾਈਵੇ 24
SOLD! SOLD! SOLD! AT BEST PRICE

BRAMPTON
ਵੈਨ ਕ੍ਰਕ/ਵੇਨਲੈਸ/ਮੇਅਫਿਲਡ
SOLD AT 99% OF ASKING PRICE IN 2 DAYS

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca, tico.ca, IATA
Call Us For Guaranteed Lowest Airfare ANY Airline Time Destination Around the World
transat, sunwing, AIR CANADA VACATIONS, WESTJET vacations
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

BEST CANADIAN RIDE SERVICE
ਜੇ ਤੁਸੀ Toronto ਤੋਂ Montreal ਜਾਂ Montreal ਤੋਂ Toronto ਜਾਣਾ/Move ਹੋਣਾ ਹੈ ਤਾਂ ਘਬਰਾਓ ਨਾ ਸਾਨੂੰ ਕਾਲ ਕਰੋ
We Deliver any Parcel or Document
• ਕਾਲ ਕਰੋ: 514-560-6613 •

TechSpirit
Consultation, Installation & Servicing
Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount

LG UHD TV $350 $400 $480
TV WALL MOUNTS STARTING FROM $9.99
For online shopping visit www.techspirit.ca
– SAME DAY SHIPPING – 100% SECURE PAYMENT
T.V WALL MOUNT ਵੀ ਇੰਸਟਾਲ ਕਰਦੇ ਹਨ
Call: 905-621-4100
7-8770 The Gore Road, Brampton, ON L6P 0B1
Opening Times
Mon - Sat 10 AM - 8 PM
Sunday 10 AM - 6 PM

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystems.com
Call: 416-452-0677